सत्यमेव जयते

# ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ
# ਦੀ
# ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ
# ਉੱਤੇ ਪਾਲਣ ਲੇਖਾ ਪ੍ਰੀਖਿਆ ਰਿਪੋਰਟ

## 31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ

लोकहितार्थ सत्यनिष्ठा

Dedicated to Truth in Public Interest

## ਪੰਜਾਬ ਸਰਕਾਰ

*ਸਾਲ 2021 ਦੀ ਰਿਪੋਰਟ ਨੰ. 4*

# ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ

# ਦੀ

# ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ

# ਉੱਤੇ ਪਾਲਣ ਲੇਖਾ ਪ੍ਰੀਖਿਆ ਰਿਪੋਰਟ

31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ

**ਪੰਜਾਬ ਸਰਕਾਰ**

*ਸਾਲ 2021 ਦੀ ਰਿਪੋਰਟ ਨੰ. 4*

# ਵਿਸ਼ਾ ਸਾਰਣੀ


| ਵੇਰਵੇ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| ਭੂਮਿਕਾ | | v |
| ਝਲਕ | | vii-xii |
| **ਅਧਿਆਇ-I<br>ਜਾਣ-ਪਛਾਣ** | | |
| ਬਜਟ ਦੀ ਰੂਪ ਰੇਖਾ | 1.1 | 1 |
| ਰਾਜ ਸਰਕਾਰ ਦੇ ਸਰੋਤਾਂ ਦੀ ਵਰਤੋਂ | 1.2 | 2 |
| ਨਿਰੰਤਰ ਵਾਧੂ ਖਰਚੇ | 1.3 | 2-3 |
| ਭਾਰਤ ਸਰਕਾਰ ਤੋਂ ਪ੍ਰਾਪਤ ਕੀਤੀ ਗਈ ਸਹਾਇਤਾ ਗ੍ਰਾਂਟ | 1.4 | 3-4 |
| ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ | 1.5 | 4 |
| ਮਹੱਤਵਪੂਰਣ ਲੇਖਾ ਪ੍ਰੀਖਿਆ ਟਿੱਪਣੀਆਂ ਅਤੇ ਲੇਖਾ ਪ੍ਰੀਖਿਆ ਪ੍ਰਤੀ ਸਰਕਾਰ ਦੀ ਪ੍ਰਤੀਕ੍ਰਿਆ | 1.6 | 5 |
| ਲੇਖਾ ਪ੍ਰੀਖਿਆ ਦੇ ਸੁਝਾਅ 'ਤੇ ਵਸੂਲੀਆਂ | 1.7 | 5 |
| ਲੇਖਾ ਪ੍ਰੀਖਿਆ ਵੱਲ ਸਰਕਾਰ ਦੀ ਜਵਾਬਦੇਹੀ ਦੀ ਘਾਟ | 1.8 | 6 |
| ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ | 1.9 | 6-7 |
| ਖਾਤਿਆਂ ਦੀ ਸਪੁਰਦਗੀ | 1.10 | 7-9 |
| **ਅਧਿਆਇ-II<br>ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਜਨਤਕ ਖੇਤਰ ਦੇ ਅਦਾਰੇ)** | | |
| **ਪਾਵਰ ਵਿਭਾਗ** | | |
| **ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ** | | |
| ਬਕਾਏ ਦੀ ਨਾ ਵਸੂਲੀ | 2.1 | 11-13 |
| ਕੁਨੈਕਸ਼ਨ ਕੱਟਣ ਵਿੱਚ ਦੇਰੀ | 2.2 | 13-15 |
| ਅਨਿਯਮਤ ਟੈਰਿਫ ਰਿਆਇਤ | 2.3 | 15-17 |
| ਕੇਬਲ ਆਪਰੇਟਰ ਤੋਂ ਖੰਭੇ ਦੇ ਕਿਰਾਏ ਲਾਗਤਾਂ ਦੀ ਨਾ ਵਸੂਲੀ | 2.4 | 17-19 |
| ਵਪਾਰਕ ਸਪਲਾਈ ਲਈ ਉਦਯੋਗਿਕ ਟੈਰਿਫ ਦੀ ਗਲਤ ਵਰਤੋਂ | 2.5 | 20-21 |
| ਮਾਈਕ੍ਰੋਸਾਫਟ ਸਾਫਟਵੇਅਰ ਲਾਇਸੈਂਸਾਂ ਦਾ ਅਣਉਚਿਤ ਨਵੀਨੀਕਰਣ | 2.6 | 21-23 |

| ਵੇਰਵੇ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| **ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ** | | |
| **ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ** | | |
| ਮਟਰ ਦੀ ਕਟਾਈ ਕਰਨ ਵਾਲੀ ਮਸ਼ੀਨ ਦੀ ਖਰੀਦ ਤੇ ਅਣਉਚਿਤ ਖਰਚਾ | 2.7 | 23-25 |
| **ਪੰਜਾਬ ਐਗਰੋ ਫੂਡਗ੍ਰੇਨਜ ਕਾਰਪੋਰੇਸ਼ਨ ਲਿਮਟਡ** | | |
| ਝੋਨੇ ਦਾ ਗਬਨ | 2.8 | 26-29 |
| ਵਨ ਟਾਈਮ ਸੈਟਲਮੈਂਟ ਪਾਲਿਸੀ ਦੇ ਤਹਿਤ ਘੱਟ ਵਸੂਲੀ | 2.9 | 29-31 |
| **ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ** | | |
| ਕਣਕ ਦੀ ਖਰੀਦ ਦੀ ਜਾਅਲੀ ਬਿਲਿੰਗ | 2.10 | 31-33 |
| **ਉਦਯੋਗ ਤੇ ਕਮਰਸ ਵਿਭਾਗ** | | |
| **ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ** | | |
| ਉਦਯੋਗਿਕ ਇਕਾਈ ਨੂੰ ਨਾਜਾਇਜ਼ ਫਾਇਦਾ | 2.11 | 33-35 |
| ਵਨ ਟਾਈਮ ਸੈਟਲਮੈਂਟ ਪਾਲਿਸੀ ਦੇ ਤਹਿਤ ਸ਼ੇਅਰਾਂ ਦੇ ਤਬਾਦਲੇ ਤੇ ਨੁਕਸਾਨ | 2.12 | 35-37 |
| **ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ** | | |
| **ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ** | | |
| ਕਣਕ ਦਾ ਨੁਕਸਾਨ | 2.13 | 37-41 |
| **ਅਧਿਆਇ-III<br>ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਵਿਭਾਗ)** | | |
| ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜ੍ਹਕਾਂ) | | |
| ਟਾਲਣਯੋਗ ਅਦਾਇਗੀ | 3.1 | 43-47 |
| ਵਿਅਰਥ ਖਰਚਾ | 3.2 | 47-49 |
| ਟਾਲਣਯੋਗ ਵਾਧੂ ਖਰਚੇ | 3.3 | 49-52 |
| **ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ** | | |
| ਬਾਲ ਘਰਾਂ ਅਤੇ ਨਿਗਰਾਨ ਘਰਾਂ ਦੀ ਸਥਾਪਨਾ ਕਰਨ ਵਿੱਚ ਨਾਕਾਮੀ | 3.4 | 52-55 |
| **ਭੂਮੀ ਤੇ ਜਲ ਸੰਭਾਲ ਅਤੇ ਜਲ ਸ੍ਰੋਤ ਵਿਭਾਗ** | | |
| ਵਿਅਰਥ ਖਰਚ ਅਤੇ ਟਾਲਣਯੋਗ ਨੁਕਸਾਨ | 3.5 | 55-58 |
| **ਜਲ ਸ੍ਰੋਤ ਵਿਭਾਗ** | | |
| ਸਥਿਰ ਖਰਚਿਆਂ ਦਾ ਟਾਲਣਯੋਗ ਭੁਗਤਾਨ | 3.6 | 58-60 |
| ਵਿਅਰਥ ਖਰਚਾ | 3.7 | 60-63 |

## ਅੰਤਿਕਾਵਾਂ


| ਲੜੀ ਨੰ. | ਵੇਰਵੇ | ਹਵਾਲੇ ਵਿੱਚ | |
|---|---|---|---|
| | | ਪੈਰ੍ਹਾ | ਪੰਨਾ |
| 1.1 | ਜਨਤਕ ਖੇਤਰ ਦੇ ਅਦਾਰਿਆਂ (ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ) ਉੱਤੇ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ ਦੀਆਂ ਰਿਪੋਰਟਾਂ ਦੀ ਕਾਰਗੁਜਾਰੀ ਲੇਖਾ ਪ੍ਰੀਖਿਆਂਵਾਂ/ਪੈਰ੍ਹਿਆਂ ਦੇ ਵੇਰਵੇ ਜਿਨ੍ਹਾਂ ਲਈ 31 ਮਾਰਚ 2021 ਤੱਕ ਵਿਭਾਗੀ ਉੱਤਰ ਪ੍ਰਾਪਤ ਨਹੀਂ ਹੋਏ ਸਨ | 1.9 | 65-67 |
| 1.2 | ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ (ਗੈਰ-ਜਨਤਕ ਖੇਤਰ ਦੇ ਅਦਾਰੇ) ਉੱਤੇ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ ਦੀਆਂ ਰਿਪੋਰਟਾਂ ਦੀ ਕਾਰਗੁਜਾਰੀ ਲੇਖਾ ਪ੍ਰੀਖਿਆਂਵਾਂ/ਪੈਰ੍ਹਿਆਂ ਦੇ ਵੇਰਵੇ ਜਿਨ੍ਹਾਂ ਲਈ 31 ਮਾਰਚ 2021 ਤੱਕ ਵਿਭਾਗੀ ਉੱਤਰ ਪ੍ਰਾਪਤ ਨਹੀਂ ਹੋਏ ਸਨ | 1.9 | 68-69 |
| 2.1 | ਓ ਟੀ ਐਸ ਸਕੀਮ 2017-18 ਦੇ ਅਧੀਨ ਡਿਲਿਵਰ ਨਾ ਕੀਤੇ ਚਾਵਲ ਅਤੇ ਉਸ ਉੱਤੇ ਵੈਟ ਦੀ ਘੱਟ ਵਸੂਲੀ ਦਰਸਾਉਂਦੀ ਵਿਵਰਣੀ | 2.9 | 70-71 |
| 3.1 | ਸਥਿਰ ਖਰਚਿਆਂ ਦੇ ਟਾਲਣਯੋਗ ਭੁਗਤਾਨਾਂ ਦੇ ਵੇਰਵੇ | 3.6 | 72 |

## ਭੂਮਿਕਾ

31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ ਦੀ ਪਾਲਣ ਲੇਖਾ ਪ੍ਰੀਖਿਆ ਉੱਤੇ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ ਦੀ ਇਹ ਰਿਪੋਰਟ ਭਾਰਤ ਦੇ ਸਵਿਧਾਨ ਦੇ ਅਨੁਛੇਦ 151(2) ਅਤੇ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ ਦੇ (ਡਿਊਟੀਆਂ, ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ) ਐਕਟ, 1971 ਦੀ ਧਾਰਾ 19-ਏ ਦੇ ਅਧੀਨ ਪੰਜਾਬ ਦੇ ਰਾਜਪਾਲ ਨੂੰ ਸੌਂਪਣ ਲਈ ਤਿਆਰ ਕੀਤੀ ਗਈ ਹੈ।

ਰਿਪੋਰਟ ਵਿੱਚ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ ਦੇ ਅਧੀਨ ਪੰਜਾਬ ਸਰਕਾਰ ਦੇ ਵਿਭਾਗਾਂ/ਖੁਦਮੁਖਤਿਆਰ ਸੰਸਥਾਵਾਂ ਅਤੇ ਜਨਤਕ ਖੇਤਰ ਦੇ ਅਦਾਰਿਆਂ ਦੀ ਪਾਲਣ ਲੇਖਾ ਪ੍ਰੀਖਿਆ ਦੇ ਮਹੱਤਵਪੂਰਣ ਨਤੀਜੇ ਸ਼ਾਮਲ ਹਨ।

ਇਸ ਰਿਪੋਰਟ ਵਿੱਚ ਉਨ੍ਹਾਂ ਮਾਮਲਿਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਹੜੇ ਕਿ 2019-20 ਦੇ ਸਮੇਂ ਦੌਰਾਨ ਨਮੂਨਾ ਜਾਂਚ ਕਰਦੇ ਹੋਏ ਧਿਆਨ ਵਿੱਚ ਆਏ ਸਨ ਅਤੇ ਨਾਲ ਹੀ ਉਨ੍ਹਾਂ ਦਾ ਜੋ ਕਿ ਇਸ ਤੋਂ ਪਹਿਲਾ ਸਾਲਾਂ ਦੌਰਾਨ ਧਿਆਨ ਵਿੱਚ ਆਏ ਸਨ, ਪ੍ਰੰਤੂ ਪਹਿਲੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਨਹੀਂ ਕੀਤੇ ਜਾ ਸਕੇ ਸਨ; ਜਿੱਥੇ ਕਿਤੇ ਜਰੂਰੀ ਸੀ 2019-20 ਤੋਂ ਬਾਅਦ ਦੇ ਸਮੇਂ ਨਾਲ ਸਬੰਧਤ ਮਾਮਲਿਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਲੇਖਾ ਪ੍ਰੀਖਿਆ ਦਾ ਸੰਚਾਲਨ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ ਵਲੋਂ ਜਾਰੀ ਕੀਤੇ ਗਏ ਲੇਖਾ ਪ੍ਰੀਖਿਆ ਮਿਆਰਾਂ ਅਨੁਸਾਰ ਕੀਤਾ ਗਿਆ ਹੈ।

**ਜੇਕਰ ਅਨੁਵਾਦ ਕੀਤੇ ਕਥਨ ਵਿੱਚ ਸੰਦੇਹ ਹੋਵੇ, ਅੰਗਰੇਜੀ ਕਥਨ ਨੂੰ ਪ੍ਰਮਾਣਕ ਮੰਨਿਆ ਜਾਵੇ ਜੀ।**

# ਝਲਕ

## ਝਲਕ

ਇਸ ਰਿਪੋਰਟ ਵਿੱਚ ਦੋ ਅਧਿਆਇ ਸ਼ਾਮਲ ਹਨ ਜਿਨ੍ਹਾਂ ਵਿੱਚ ₹ 113.54 ਕਰੋੜ ਦੇ ਮੁੱਲ ਵਾਲੇ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ ਨਾਲ ਸਬੰਧਤ 20 ਪਾਲਣ ਲੇਖਾ ਪ੍ਰੀਖਿਆ ਪੈਰ੍ਹੇ ਸ਼ਾਮਲ ਹਨ।

**ਅਧਿਆਇ-I** ਜਾਣ ਪਛਾਣ ਅਧਿਆਇ ਹੈ, ਜਿਸ ਵਿੱਚ ਰਾਜ ਦੀ ਵਿੱਤੀ ਰੂਪ ਰੇਖਾ, ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ ਅਤੇ ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ ਸ਼ਾਮਲ ਹੈ; **ਅਧਿਆਇ-II** ਜਨਤਕ ਖੇਤਰ ਦੇ ਅਦਾਰਿਆਂ ਦੇ ਸਬੰਧ ਵਿੱਚ ਪਾਲਣ ਲੇਖਾ ਪ੍ਰੀਖਿਆ ਦੀਆਂ ਲੇਖਾ ਪ੍ਰੀਖਿਆ ਲੱਭਤਾਂ ਨਾਲ ਸਬੰਧਿਤ ਹੈ ਜਿਸ ਵਿੱਚ ₹ 85.31 ਕਰੋੜ ਦੇ ਮੁੱਲ ਦੇ 13 ਪੈਰ੍ਹੇ ਸ਼ਾਮਲ ਹਨ; ਅਤੇ **ਅਧਿਆਇ-III** ਵਿੱਚ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ ਨਾਲ ਸਬੰਧਤ ਵਿਭਾਗਾਂ/ਖੁਦਮੁਖਤਿਆਰ ਸੰਸਥਾਵਾਂ ਦੀ ਅਨੁਪਾਲਨ ਲੇਖਾ ਪ੍ਰੀਖਿਆ ਦੀਆਂ ਲੇਖਾ ਪ੍ਰੀਖਿਆ ਲੱਭਤਾਂ ਸ਼ਾਮਲ ਹਨ, ਜਿਹਨਾਂ ਵਿੱਚ ₹ 28.23 ਕਰੋੜ ਮੁੱਲ ਦੇ ਸੱਤ ਪੈਰ੍ਹੇ ਸ਼ਾਮਲ ਹਨ।

## ਅਧਿਆਇ-I: ਜਾਣ -ਪਛਾਣ

ਅਧਿਆਇ-I ਦੇ ਕੁਝ ਮਹੱਤਵਪੂਰਨ ਨੁਕਤਿਆਂ ਦਾ ਸਾਰ ਹੇਠਾਂ ਦਿੱਤਾ ਗਿਆ ਹੈ:

ਰਾਜ ਦਾ ਕੁੱਲ ਖਰਚ (ਰੈਵੀਨਿਊ ਖਰਚ, ਪੂੰਜੀਗਤ ਖਰਚ ਅਤੇ ਕਰਜੇ ਤੇ ਪੇਸ਼ਗੀਆਂ) 2015-16 ਤੋਂ 2019-20 ਦੀ ਮਿਆਦ ਦੇ ਦੌਰਾਨ ₹ 59,101 ਕਰੋੜ ਤੋਂ ₹ 94,471 ਕਰੋੜ ਤੱਕ 60 ਪ੍ਰਤੀਸ਼ਤ ਵਧ ਗਿਆ, ਜਦੋਂ ਕਿ ਇਸੇ ਮਿਆਦ ਦੇ ਦੌਰਾਨ ਰੈਵੀਨਿਊ ਖਰਚ ₹ 50,073 ਕਰੋੜ ਤੋਂ ₹ 75,860 ਕਰੋੜ ਨਾਲ 51 *ਪ੍ਰਤੀਸ਼ਤ* ਵਧਿਆ। ਰੈਵੀਨਿਊ ਖਰਚ ਕੁੱਲ ਖਰਚ ਦਾ 80 *ਪ੍ਰਤੀਸ਼ਤ* ਤੋਂ 95 *ਪ੍ਰਤੀਸ਼ਤ* ਰਿਹਾ (ਸਾਲ 2016-17 ਨੂੰ ਛੱਡ ਕੇ ਜਦੋਂ ਇਹ 55 *ਪ੍ਰਤੀਸ਼ਤ* ਸੀ) ਜਦੋਂ ਕਿ ਪੂੰਜੀਗਤ ਖਰਚ ਸਾਲ 2019-20 ਨੂੰ ਛੱਡ ਕੇ ਜਦੋਂ ਇਹ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ ਵਿੱਚ ₹ 15,628 ਕਰੋੜ ਦੇ ਉਦੈ ਕਰਜਿਆਂ ਨੂੰ ਇਕੁਇਟੀ ਵਿੱਚ ਤਬਦੀਲ ਕਰਨ ਦੇ ਕਾਰਣ 19 ਫੀਸਦੀ ਸੀ, 2015-20 ਦੌਰਾਨ ਤਿੰਨ ਤੋਂ ਪੰਜ *ਪ੍ਰਤੀਸ਼ਤ* ਸੀ।

***(ਪੈਰ੍ਹਾ 1.2)***

ਨਿਰੀਖਣ ਰਿਪੋਰਟਾਂ ਰਾਹੀਂ ਲੇਖਾ ਪ੍ਰੀਖਿਆ ਦੁਆਰਾ ਦੱਸੇ ਜਾਣ ਤੋਂ ਬਾਅਦ 2019-20 ਦੌਰਾਨ ਵੱਖ-ਵੱਖ ਵਿਭਾਗਾਂ ਦੁਆਰਾ ₹ 0.36 ਕਰੋੜ ਦੀ ਰਾਸ਼ੀ ਬਰਾਮਦ ਕੀਤੀ ਗਈ।

***(ਪੈਰ੍ਹਾ 1.7)***

ਜੂਨ 2020 ਤੱਕ, 14,887 ਨਿਰੀਖਣ ਰਿਪੋਰਟਾਂ ਜਿਨ੍ਹਾਂ ਵਿੱਚ 46,532 ਪੈਰ੍ਹੇ (ਮਾਰਚ 2020 ਤੱਕ ਜਾਰੀ) ₹ 39,347 ਕਰੋੜ ਮੁੱਲ ਦੇ ਹਨ, ਬਕਾਇਆ ਸਨ, ਜਿਨ੍ਹਾਂ ਵਿੱਚ 8,642 ਨਿਰੀਖਣ ਰਿਪੋਰਟਾਂ 17,635 ਪੈਰ੍ਹਿਆਂ ਵਾਲੇ ਹਨ ਜਿਨ੍ਹਾਂ ਦਾ ਮੁੱਲ ₹ 10,779 ਕਰੋੜ ਅਪ੍ਰੈਲ 2015 ਤੋਂ ਪਹਿਲਾਂ ਭਾਵ ਪੰਜ ਸਾਲ ਤੋਂ ਵੱਧ ਉਮਰ ਦੇ ਸਨ।

***(ਪੈਰ੍ਹਾ 1.8)***

# ਅਧਿਆਇ-II: ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਜਨਤਕ ਖੇਤਰ ਦੇ ਅਦਾਰੇ)

ਅਧਿਆਇ–II ਦੇ ਕੁਝ ਮਹੱਤਵਪੂਰਨ ਨੁਕਤਿਆਂ ਦਾ ਸਾਰ ਹੇਠਾਂ ਦਿੱਤਾ ਗਿਆ ਹੈ:

## ਪਾਵਰ ਵਿਭਾਗ

## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ

### ਬਕਾਏ ਦੀ ਨਾ ਵਸੂਲੀ

ਕੰਪਨੀ ਦੇ ਬਿਜਲੀ ਸਪਲਾਈ ਨਿਰਦੇਸ਼ਾਂ ਦੇ ਮੈਨੂਅਲ ਅਤੇ ਪੀ ਐਸ ਈ ਆਰ ਸੀ (ਬਿਜਲੀ ਸਪਲਾਈ ਕੋਡ ਅਤੇ ਇਸ ਨਾਲ ਸਬੰਧਤ ਮਾਮਲੇ) ਰੈਗੂਲੇਸ਼ਨਜ਼, 2014 ਦੇ ਪ੍ਰਬੰਧਾਂ ਦੀ ਪਾਲਣਾ ਨਾ ਕਰਨ ਦੇ ਨਤੀਜੇ ਵਜੋਂ ₹ 0.83 ਕਰੋੜ ਦੀ ਨਾ ਵਸੂਲੀ ਹੋਈ।

*(ਪੈਰ੍ਹਾ 2.1)*

### ਕੁਨੈਕਸ਼ਨ ਕੱਟਣ ਵਿੱਚ ਦੇਰੀ

ਨਿਰੰਤਰ ਕੋਤਾਹੀ ਕਰਨ ਵਾਲੇ ਖਪਤਕਾਰ ਦੇ ਬਿਜਲੀ ਦੀ ਸਪਲਾਈ ਦੇ ਕੁਨੈਕਸ਼ਨ ਨੂੰ ਕੱਟਣ ਵਿੱਚ ਦੇਰੀ ਕਰਕੇ ਅਧਿਨਿਯਮਿਕ ਪ੍ਰਾਵਧਾਨਾਂ ਦੀ ਉਲੰਘਣਾ ਦੇ ਨਤੀਜੇ ਵਜੋਂ ₹ 1.08 ਕਰੋੜ ਰੁਪਏ ਦੇ ਬਕਾਏ ਇਕੱਠੇ ਹੋਏ ਅਤੇ ਨਾ ਵਸੂਲੀ ਹੋਈ।

*(ਪੈਰ੍ਹਾ 2.2)*

### ਅਨਿਯਮਤ ਟੈਰਿਫ ਰਿਆਇਤ

ਕੰਪਨੀ ਨੇ ਰਾਜ ਸਰਕਾਰ ਦੇ ਰਸਮੀ ਆਦੇਸ਼ਾਂ ਤੋਂ ਬਗੈਰ ਮਸ਼ਰੂਮ ਦੀ ਖੇਤੀ ਕਰਨ ਵਾਲੇ ਖਪਤਕਾਰਾਂ ਨੂੰ ₹ 1.21 ਕਰੋੜ ਦੀ ਟੈਰਿਫ ਰਿਆਇਤ ਪ੍ਰਦਾਨ ਕੀਤੀ ਜਿਸ ਦੇ ਨਤੀਜੇ ਵਜੋਂ ਦਿੱਤੀ ਗਈ ਟੈਰਿਫ ਰਿਆਇਤ ਦੀ ਵਸੂਲੀ ਨਹੀਂ ਹੋਈ।

*(ਪੈਰ੍ਹਾ 2.3)*

### ਕੇਬਲ ਆਪਰੇਟਰ ਤੋਂ ਖੰਭੇ ਦੇ ਕਿਰਾਏ ਲਾਗਤਾਂ ਦੀ ਨਾ ਵਸੂਲੀ

ਕੇਬਲ ਟੀ ਵੀ ਆਪਰੇਟਰ ਦੁਆਰਾ ਬਿਜਲੀ ਖੰਭਿਆਂ ਦੀ ਵਰਤੋਂ ਦੀ ਤਸਦੀਕ ਕਰਨ ਵਿਚ ਦੇਰੀ ਦੇ ਨਾਲ ਉਚਿਤ ਮੰਗ ਨੂੰ ਚੱਕਣ ਵਿੱਚ ਦੇਰੀ ਹੋਈ ਅਤੇ ਜੁਰਮਾਨੇ ਅਤੇ ਕਿਰਾਏ ਦੀ ਅਦਾਇਗੀ ਵਾਸਤੇ ਪੈਰਵੀ ਨਾ ਕਰਨ ਦੇ ਨਤੀਜੇ ਵਜੋਂ ₹ 6.12 ਕਰੋੜ ਦੀ ਵਸੂਲੀ ਨਹੀਂ ਹੋਈ ਅਤੇ ਇਸ ਤੋਂ ਇਲਾਵਾ ₹ 1.09 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ।

*(ਪੈਰ੍ਹਾ 2.4)*

### ਵਪਾਰਕ ਸਪਲਾਈ ਲਈ ਉਦਯੋਗਿਕ ਟੈਰਿਫ ਦੀ ਗਲਤ ਵਰਤੋਂ

ਕੰਪਨੀ ਨੇ ਬਿਜਲੀ ਸਪਲਾਈ ਕੋਡ, 2014 ਦੀ ਵੰਡ ਫ੍ਰੈਂਚਾਈਜ਼ੀ ਦੁਆਰਾ ਪਾਲਣਾ ਨੂੰ ਯਕੀਨੀ ਨਹੀਂ ਬਣਾਇਆ ਜਿਸ ਕਾਰਨ ਖਪਤਕਾਰ ਦੁਆਰਾ ਵਪਾਰਕ ਉਦੇਸ਼ਾਂ ਲਈ ਖਪਤ ਕੀਤੀ ਬਿਜਲੀ ਲਈ ਉਦਯੋਗਿਕ ਟੈਰਿਫ ਦੀ ਗਲਤ ਵਰਤੋਂ ਕਰਨ ਕਾਰਨ ₹ 77.63 ਲੱਖ ਦਾ ਨੁਕਸਾਨ ਹੋਇਆ।

*(ਪੈਰ੍ਹਾ 2.5)*

### ਮਾਈਕ੍ਰੋਸਾਫਟ ਸਾਫਟਵੇਅਰ ਲਾਇਸੈਂਸਾਂ ਦਾ ਅਣਉਚਿਤ ਨਵੀਨੀਕਰਣ

ਕੰਪਨੀ ਦੁਆਰਾ ਲੋੜੀਂਦਾ ਸਹੀ ਮੁਲਾਂਕਣ ਕੀਤੇ ਬਿਨਾਂ ਮਾਈਕ੍ਰੋਸਾਫਟ ਦੇ ਸਾਫਟਵੇਅਰ ਲਾਇਸੈਂਸਾਂ ਦੇ ਨਵੀਨੀਕਰਣ ਦੇ ਨਤੀਜੇ ਵਜੋਂ ₹ 69.11 ਲੱਖ ਦਾ ਟਾਲਣਯੋਗ ਖਰਚ ਹੋਇਆ।

*(ਪੈਰ੍ਹਾ 2.6)*

### ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

### ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ

### ਮਟਰ ਦੀ ਕਟਾਈ ਕਰਨ ਵਾਲੀ ਮਸ਼ੀਨ ਦੀ ਖਰੀਦ ਤੇ ਅਣਉਚਿਤ ਖਰਚਾ

ਕੰਪਨੀ ਨੇ ਵੀਹ ਸਾਲ ਪੁਰਾਣੀ ਮਟਰ ਦੀ ਕਟਾਈ ਕਰਨ ਵਾਲੀ ਮਸ਼ੀਨ ਦੀ ਖਰੀਦ ਉਸ ਦੀ ਵਿਵਹਾਰਿਕਤਾ ਅਤੇ ਰਾਜ ਦੇ ਖੇਤੀ ਹਾਲਾਤਾਂ ਅਨੁਸਾਰ ਉਸ ਦੀ ਵਰਤੋਂ ਦੀ ਸੰਭਾਵਨਾ ਦਾ ਅੰਦਾਜ਼ਾ ਲਏ ਬਿਨਾਂ ਕੀਤੀ। ਇਸ ਦੀ ਵਰਤੋਂ ਨਹੀਂ ਕੀਤੀ ਜਾ ਸਕੀ ਜਿਸ ਨਾਲ ਇਸ ਦੀ ਖਰੀਦ ਤੇ ਖਰਚ ਕੀਤੇ ₹ 1.05 ਕਰੋੜ ਵਿਅਰਥ ਗਏ।

*(ਪੈਰ੍ਹਾ 2.7)*

### ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ

### ਝੋਨੇ ਦਾ ਗਬਨ

ਕਸਟਮ ਮਿਲਿੰਗ ਪਾਲਿਸੀ ਦੀ ਉਲੰਘਣਾ ਅਤੇ ਮਿਲਿੰਗ ਕਾਰਜਾਂ ਦੀ ਨਾਕਾਫੀ ਨਿਗਰਾਨੀ ਦੇ ਕਾਰਨ ₹ 5.49 ਕਰੋੜ ਦੇ ਝੋਨੇ ਦਾ ਗਬਨ ਹੋਇਆ।

*(ਪੈਰ੍ਹਾ 2.8)*

### ਵਨ ਟਾਈਮ ਸੈਟਲਮੈਂਟ ਪਾਲਿਸੀ ਦੇ ਤਹਿਤ ਘੱਟ ਵਸੂਲੀ

ਓ ਟੀ ਐਸ ਦੀ ਰਾਸ਼ੀ ਨੂੰ ਅੰਤਿਮ ਰੂਪ ਦੇਣ ਸਮੇਂ ਖਰੀਫ ਮਾਰਕੀਟਿੰਗ ਸੀਜ਼ਨ 2016-17 ਦੇ ਅਨੁਸਾਰ ਦਰਾਂ ਨੂੰ ਲਾਗੂ ਨਾ ਕਰਨ ਅਤੇ ਡਿਲਿਵਰ ਨਾ ਕੀਤੇ ਚਾਵਲਾਂ ਦੀ ਕੀਮਤ ਤੇ ਵੈਟ ਦੀ ਵਸੂਲੀ ਨਾ ਹੋਣ ਦੇ ਨਤੀਜੇ ਵਜੋਂ ਮਿੱਲ ਮਾਲਕਾਂ ਤੋਂ ₹ 1.46 ਕਰੋੜ ਦੀ ਘੱਟ ਵਸੂਲੀ ਹੋਈ।

*(ਪੈਰਾ 2.9)*

**ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ**

**ਕਣਕ ਦੀ ਖਰੀਦ ਦੀ ਜਾਅਲੀ ਬਿਲਿੰਗ**

ਆੜ੍ਹਤੀਆਂ ਦੇ ਨਾਲ ਮਿਲ ਕੇ ਮੁਲਾਜ਼ਮਾਂ ਦੁਆਰਾ ₹ 73.74 ਲੱਖ ਦੀ ਜਾਅਲੀ ਬਿਲਿੰਗ ਦੇ ਨਤੀਜੇ ਵਜੋਂ ₹ 64.72 ਲੱਖ ਦਾ ਨੁਕਸਾਨ ਹੋਇਆ।

*(ਪੈਰ੍ਹਾ 2.10)*

**ਉਦਯੋਗ ਤੇ ਕਮਰਸ ਵਿਭਾਗ**

**ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ**

**ਉਦਯੋਗਿਕ ਇਕਾਈ ਨੂੰ ਨਾਜਾਇਜ਼ ਫਾਇਦਾ**

ਟ੍ਰਿਬਿਊਨਲ ਦੇ ਅਵਾਰਡ ਅਨੁਸਾਰ ਉਦਯੋਗਿਕ ਇਕਾਈ ਤੋਂ ਕੰਪਨੀ ਦੇ ਜਾਇਜ਼ ਬਕਾਏ ਦੀ ਵਸੂਲੀ ਨੂੰ ਕਰਨ ਦੀ ਬਜਾਏ ਓ ਟੀ ਐਸ ਨੀਤੀ, 2018 ਦੇ ਤਹਿਤ ਇਸ ਦੇ ਖਾਤੇ ਦਾ ਨਿਪਟਾਰਾ ਕਰਨ ਲਈ ਇਕਾਈ ਦੇ ਪ੍ਰਸਤਾਵ ਨੂੰ ਸਵੀਕਾਰਨ ਦੇ ਨਤੀਜੇ ਵਜੋਂ ₹ 0.66 ਕਰੋੜ ਦਾ ਨੁਕਸਾਨ ਹੋਇਆ।

*(ਪੈਰ੍ਹਾ 2.11)*

**ਵਨ ਟਾਈਮ ਸੈਟਲਮੈਂਟ ਪਾਲਿਸੀ ਦੇ ਤਹਿਤ ਸ਼ੇਅਰਾਂ ਦੇ ਤਬਾਦਲੇ ਤੇ ਨੁਕਸਾਨ**

ਓ ਟੀ ਐਸ ਦੀ ਰਕਮ ਤੇ ਪਹੁੰਚਣ ਲਈ ਲਾਭਅੰਸ਼ ਦੀ ਗਲਤ ਕਟੌਤੀ ਦੇ ਨਤੀਜੇ ਵਜੋਂ ₹ 8.88 ਕਰੋੜ ਦੀ ਘੱਟ ਰਿਕਵਰੀ ਹੋਈ ਜੋ ਕੰਪਨੀ ਦੇ ਵਿੱਤੀ ਹਿੱਤਾਂ ਲਈ ਪੱਖਪਾਤ ਸੀ।

*(ਪੈਰ੍ਹਾ 2.12)*

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ**

**ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ**

**ਕਣਕ ਦਾ ਨੁਕਸਾਨ**

ਕਣਕ ਦੇ ਭੰਡਾਰ ਦੀ ਮਾੜੀ ਸੰਭਾਲ ਦੇ ਨਾਲ ਨਾਲ ਐਫ ਸੀ ਆਈ ਦੀਆਂ ਭੰਡਾਰਨ ਨਿਰਦੇਸ਼ਾਂ ਦੀ ਉਲੰਘਣਾ ਕਰਦੇ ਸੰਕਰਮਿਤ ਸਟਾਕ ਨਾਲ ਨਵੀ ਕਣਕ ਦਾ ਭੰਡਾਰਨ ਕਰਨ ਕਾਰਨ ਕਣਕ ਦਾ ਨੁਕਸਾਨ ਹੋਇਆ ਅਤੇ ਕੰਪਨੀ ਨੂੰ ₹ 55.32 ਕਰੋੜ ਦਾ ਘਾਟਾ ਹੋਇਆ।

*(ਪੈਰ੍ਹਾ 2.13)*

## ਅਧਿਆਇ-III: ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਵਿਭਾਗ)

ਅਧਿਆਇ–III ਦੇ ਕੁਝ ਮਹੱਤਵਪੂਰਣ ਨੁਕਤਿਆਂ ਦਾ ਸਾਰ ਹੇਠਾਂ ਦਿੱਤਾ ਗਿਆ ਹੈ:

### ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜਕਾਂ)

### ਟਾਲਣਯੋਗ ਅਦਾਇਗੀ

ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜਕਾਂ) ਦੀ ਵਿਵਹਾਰਕ ਪ੍ਰੋਜੈਕਟ ਅਨੁਮਾਨ ਤਿਆਰ ਕਰਨ, ਰੁਕਾਵਟ ਰਹਿਤ ਸਾਈਟ ਅਤੇ ਤਕਨੀਕੀ ਮਨਜ਼ੂਰੀ ਪ੍ਰਦਾਨ ਕਰਨ ਵਿੱਚ ਨਾਕਾਮੀ ਦੇ ਕਾਰਣ ਕੰਮ ਦੇ ਦਾਅਰੇ ਵਿੱਚ ਬਦਲਾਅ, ਮੁਕੰਮਲ ਹੋਣ ਵਿੱਚ ਦੇਰੀ ਅਤੇ ₹ 5.78 ਕਰੋੜ ਦੇ ਟਾਲਣਯੋਗ ਮੁਆਵਜੇ ਦਾ ਭੁਗਤਾਨ ਹੋਇਆ।

*(ਪੈਰ੍ਹਾ 3.1)*

### ਵਿਅਰਥ ਖਰਚਾ

ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਨੇ ਕਿਸੇ ਹੋਰ ਕੰਮ ਦੀ ਸਿਧਾਂਤਕ ਪ੍ਰਵਾਨਗੀ ਦੀ ਸ਼ਰਤ ਦੀ ਪਾਲਣਾ ਕਰਨ ਵਿੱਚ ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜਕਾਂ) ਦੀ ਅਸਫਲਤਾ ਦੇ ਕਾਰਨ ਜੰਗਲ ਦੀ ਕਟਾਈ ਦੀ ਮਨਜ਼ੂਰੀ ਦੀ ਅੰਤਮ ਪ੍ਰਵਾਨਗੀ ਨਹੀਂ ਦਿੱਤੀ, ਜਿਸਦੇ ਨਤੀਜੇ ਵਜੋਂ ਅਧੂਰੇ ਕੰਮ ਤੇ ₹ 4.24 ਕਰੋੜ ਦਾ ਵਿਅਰਥ ਖਰਚਾ ਹੋਇਆ।

*(ਪੈਰ੍ਹਾ 3.2)*

### ਟਾਲਣਯੋਗ ਵਾਧੂ ਖਰਚੇ

ਇੰਡੀਅਨ ਰੋਡਜ਼ ਕਾਂਗਰਸ ਸਪੈਸੀਫਿਕੇਸ਼ਨ ਦੀ ਉਲੰਘਣਾ ਕਰਦੇ ਹੋਏ ਠੇਕੇਦਾਰ ਦੁਆਰਾ ਦਿੱਤੇ ਗਏ ਟ੍ਰੈਫਿਕ ਦੇ ਗਲਤ ਅੰਕੜਿਆਂ ਦੇ ਆਧਾਰ ਤੇ ਡਾਇਵਰਸ਼ਨ ਸੜਕਾਂ ਤੇ ਸੰਘਣੀ ਗ੍ਰੇਡ ਬਿਚੂਮਨਸ ਮੈਕਾਡਮ ਰੱਖਣ ਦੇ ਨਤੀਜੇ ਵਜੋਂ ₹ 2.88 ਕਰੋੜ ਦੇ ਵਾਧੂ ਖਰਚੇ ਹੋਏ।

*(ਪੈਰ੍ਹਾ 3.3)*

### ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ

### ਬਾਲ ਘਰਾਂ ਅਤੇ ਨਿਗਰਾਨ ਘਰਾਂ ਦੀ ਸਥਾਪਨਾ ਕਰਨ ਵਿੱਚ ਨਾਕਾਮੀ

ਉਚਿਤ ਜ਼ਮੀਨ ਮੁਹੱਈਆ ਕਰਵਾਉਣ ਵਿੱਚ ਰਾਜ ਸਰਕਾਰ ਦੀ ਨਾਕਾਮੀ ਕਾਰਣ, ਭਾਰਤ ਸਰਕਾਰ ਦੁਆਰਾ ਕੇਂਦਰੀ ਸਹਾਇਤਾ ਦੀ ਉਪਲੱਬਧਤਾ/ਰਿਹਾਈ ਤੋਂ ਛੇ ਸਾਲਾਂ ਤੋਂ ਵੱਧ ਸਮੇਂ ਬਾਅਦ ਵੀ ਰਾਜ ਵਿੱਚ ਲੋੜੀਂਦੇ ਬਾਲ ਘਰ ਅਤੇ ਨਿਗਰਾਨੀ ਘਰ ਸਥਾਪਤ ਨਹੀਂ ਕੀਤੇ ਜਾ ਸਕੇ।

*(ਪੈਰ੍ਹਾ 3.4)*

## ਭੂਮੀ ਤੇ ਜਲ ਸੰਭਾਲ ਅਤੇ ਜਲ ਸ੍ਰੋਤ ਵਿਭਾਗ

### ਵਿਅਰਥ ਖਰਚ ਅਤੇ ਟਾਲਣਯੋਗ ਨੁਕਸਾਨ

ਉਲਕ ਮਾਈਨਰ (ਆਰ ਡੀ 50/ਐਲ) ਤੇ ਸਥਿਤ ਆਉਟਲੈਟ ਤੇ ਅੰਡਰਗਰਾਂਊਡ ਪਾਈਪਲਾਈਨ (ਯੂ ਜੀ ਪੀ ਐਲ) ਵਿਛਾਉਣ ਦਾ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਭੂਮੀ ਦੇ ਮਾਲਕਾਂ ਦੀ ਸਹਿਮਤੀ ਲੈਣ ਅਤੇ ਆਉਟਲੈਟ ਦੀ ਮਨਜ਼ੂਰੀ ਤੋਂ ਪਹਿਲਾਂ ਲੋੜੀਂਦੇ ਪਾਣੀ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਣ ਲਈ ਭੂਮੀ ਤੇ ਜਲ ਸੰਭਾਲ ਅਤੇ ਜਲ ਸ੍ਰੋਤ ਵਿਭਾਗਾਂ ਦੀ ਅਸਫਲਤਾ ਦੇ ਕਾਰਣ ₹ 5.33 ਕਰੋੜ ਦੀ ਨਾਕਾਬੰਦੀ ਹੋਈ ਅਤੇ ₹ 1.25 ਕਰੋੜ ਦਾ ਨੁਕਸਾਨ ਹੋਇਆ।

***(ਪੈਰ੍ਹਾ 3.5)***

## ਜਲ ਸ੍ਰੋਤ ਵਿਭਾਗ

### ਸਥਿਰ ਖਰਚਿਆਂ ਦਾ ਟਾਲਣਯੋਗ ਭੁਗਤਾਨ

ਕਨੈਕਟਿਡ ਲੋਡ ਵਿੱਚ ਕਮੀ ਦੀ ਪ੍ਰੀਕ੍ਰਿਆ ਦੇਰੀ ਨਾਲ ਸ਼ੁਰੂ ਕਰਨ ਦੇ ਨਾਲ ਨਾਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਦੇਰੀ ਦੇ ਨਤੀਜੇ ਵਜੋਂ ₹ 2.69 ਕਰੋੜ ਦੇ ਟਾਲਣਯੋਗ ਸਥਿਰ ਖਰਚਿਆਂ ਦਾ ਭੁਗਤਾਨ ਹੋਇਆ।

***(ਪੈਰ੍ਹਾ 3.6)***

### ਵਿਅਰਥ ਖਰਚਾ

ਕੰਮ ਦੇ ਅਲਾਟਮੈਂਟ ਤੋਂ ਪਹਿਲਾਂ ਅੜਚਨ ਰਹਿਤ ਸਾਈਟ ਨੂੰ ਯਕੀਨੀ ਬਨਾਉਣ ਅਤੇ ਕੋਡਲ ਵਿਵਸਥਾਵਾਂ ਦੀ ਪਾਲਣਾ ਨਾ ਕਰਨ ਵਿੱਚ ਜਲ ਸ੍ਰੋਤ ਵਿਭਾਗ ਦੀ ਅਸਫਲਤਾ ਦੇ ਨਤੀਜੇ ਵਜੋਂ ਅਧੂਰੇ ਕੰਮ ਤੇ ₹ 1.40 ਕਰੋੜ ਦਾ ਵਿਅਰਥ ਖਰਚਾ ਹੋਇਆ।

***(ਪੈਰ੍ਹਾ 3.7)***

# ਅਧਿਆਇ-I

# ਜਾਣ-ਪਛਾਣ

# ਅਧਿਆਇ-I

# ਜਾਣ-ਪਛਾਣ

## 1.1 ਬਜਟ ਦੀ ਰੂਪ ਰੇਖਾ

ਰਾਜ[1] ਵਿੱਚ 41 ਵਿਭਾਗ, 49 ਖੁਦਮੁਖਤਿਆਰ ਸੰਸਥਾਵਾਂ ਅਤੇ 49 ਰਾਜ ਜਨਤਕ ਖੇਤਰ ਦੇ ਅਦਾਰੇ (ਐਸ ਪੀ ਐਸ ਈ) ਹਨ। 2015-20 ਦੌਰਾਨ ਰਾਜ ਸਰਕਾਰ ਦੁਆਰਾ ਕੀਤੇ ਗਏ ਬਜਟ ਅਤੇ ਖਰਚੇ ਦੀ ਸਥਿਤੀ ਸਾਰਣੀ 1.1 ਵਿੱਚ ਦਿੱਤੀ ਗਈ ਹੈ।

**ਸਾਰਣੀ 1.1: 2015-20 ਦੌਰਾਨ ਰਾਜ ਦਾ ਬਜਟ ਅਤੇ ਅਸਲ ਖਰਚਾ**

*(₹ ਕਰੋੜ ਵਿੱਚ)*

| ਖਰਚਾ | 2015-16 | | 2016-17 | | 2017-18 | | 2018-19 | | 2019-20 | |
|---|---|---|---|---|---|---|---|---|---|---|
| | ਬਜਟ ਅਨੁਮਾਨ | ਅਸਲ ਖਰਚਾ | ਬਜਟ ਅਨੁਮਾਨ | ਅਸਲ ਖਰਚਾ | ਬਜਟ ਅਨੁਮਾਨ | ਅਸਲ ਖਰਚਾ | ਬਜਟ ਅਨੁਮਾਨ | ਅਸਲ ਖਰਚਾ | ਬਜਟ ਅਨੁਮਾਨ | ਅਸਲ ਖਰਚਾ |
| **ਰੈਵੀਨਿਊ ਖਰਚਾ** | | | | | | | | | | |
| ਜਨਰਲ ਸੇਵਾਵਾਂ | 24,324.90 | 24,713.44 | 28,964.59 | 28,487.93 | 34,091.34 | 34,499.50 | 37,493.10 | 36,930.51 | 43,540.25 | 38,614.35 |
| ਸਮਾਜਿਕ ਸੇਵਾਵਾਂ | 16,845.48 | 14,897.86 | 17,872.31 | 15,672.10 | 19,072.44 | 15,469.74 | 20,097.54 | 18,320.37 | 24,982.03 | 19,483.85 |
| ਆਰਥਿਕ ਸੇਵਾਵਾਂ | 11,011.59 | 9,756.04 | 13,859.37 | 10,217.61 | 15,341.16 | 11,194.41 | 21,185.35 | 17,888.17 | 17,532.96 | 14,551.12 |
| ਸਹਾਇਤਾ ਅਨੁਦਾਨ ਅਤੇ ਯੋਗਦਾਨ | 982.56 | 706.15 | 2,037.53 | 918.41 | 2,676.96 | 1,301.20 | 3,541.98 | 2,264.66 | 6,717.05 | 3,210.32 |
| **ਜੋੜ** | **53,164.53** | **50,073.49** | **62,733.80** | **55,296.05** | **71,181.90** | **62,464.85** | **82,317.97** | **75,403.71** | **92,772.29** | **75,859.64** |
| **ਪੂੰਜੀਗਤ ਖਰਚਾ** | | | | | | | | | | |
| ਪੂੰਜੀਗਤ ਆਊਟਲੇਅ | 4,353.57 | 3,059.42 | 6,117.46 | 4,346.30 | 4,388.76 | 2,352.08 | 4,871.57 | 2,412.24 | 6,821.68 | 17,827.73 |
| ਵੰਡੇ ਖਰਚੇ ਤੇ ਪੇਸ਼ਗੀਆਂ | 445.20 | 5,968.59 | 42,870.86 | 41,364.12 | 2,197.12 | 760.05 | 1,602.64 | 1,361.05 | 923.63 | 783.88 |
| **ਜਨਤਕ ਕਰਜ਼ੇ ਦੀ ਅਦਾਇਗੀ (ਵੇਅਜ ਅਤੇ ਮੀਨਜ਼ ਦੇ ਪੇਸ਼ਗੀਆਂ ਸਮੇਤ)** | **20,636.48** | **22,051.13** | **32,791.86** | **32,443.29** | **35,029.64** | **34,969.58** | **38,623.32** | **37,770.93** | **39,482.08** | **39,573.90** |
| **ਅਚੇਤ ਫੰਡ** | **0.00** | **0.00** | **0.00** | **0.00** | **0.00** | **0.00** | **0.00** | **0.00** | **0.00** | **0.00** |
| **ਲੋਕ ਲੇਖਾ ਅਦਾਇਗੀਆਂ*** | **46,227.64** | **53,446.58** | **51,520.73** | **50,599.95** | **13,238.24** | **45,525.90** | **18,282.51** | **62,271.76** | **59,068.32** | **64,328.24** |
| **ਅੰਤਿਮ ਨਕਦ ਬਕਾਇਆ** | **-** | **(-) 14.63** | **-** | **395.28** | **-** | **488.45** | **-** | **1,324.83** | **-** | **2,125.06** |
| **ਜੋੜ** | **71,662.89** | **84,511.09** | **1,33,300.91** | **1,29,148.94** | **54,853.76** | **84,096.06** | **63,380.04** | **1,05,140.81** | **1,06,295.71** | **1,24,638.81** |
| **ਕੁੱਲ ਜੋੜ** | **1,24,827.42** | **1,34,584.58** | **1,96,034.71** | **1,84,444.99** | **1,26,035.66** | **1,46,560.91** | **1,45,698.01** | **1,80,544.52** | **1,99,068.00** | **2,00,498.45** |

*ਸ੍ਰੋਤ: ਸਾਲਾਨਾ ਵਿੱਤੀ ਵਿਵਰਣੀ ਅਤੇ ਪੰਜਾਬ ਸਰਕਾਰ ਦੇ ਬਜਟ ਦਾ ਵਿਆਖਿਆਤਮਕ ਮੈਮੋਰੰਡਮ*

** ਚੈਸਟ ਵਿੱਚ ਨਕਦ ਬਕਾਏ ਅਤੇ ਵਿਭਾਗੀ ਨਕਦੀ ਦੇ ਨਿਵੇਸ਼ ਦੇ ਟ੍ਰਾਂਜੈਕਸ਼ਨਾਂ ਨੂੰ ਛੱਡ ਕੇ ।*

[1] ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ ਨਾਲ ਸਬੰਧਤ।

## 1.2 ਰਾਜ ਸਰਕਾਰ ਦੇ ਸਰੋਤਾਂ ਦੀ ਵਰਤੋਂ

₹ 1,99,068 ਕਰੋੜ ਦੇ ਕੁੱਲ ਬਜਟ ਖਰਚ ਦੇ ਵਿਰੁੱਧ, 2019-20 ਦੌਰਾਨ ਸਰੋਤਾਂ ਦੀ ਵਰਤੋਂ ₹ 2,00,498.45 ਕਰੋੜ ਸੀ। 2015-16 ਤੋਂ 2019-20 ਦੀ ਮਿਆਦ ਦੇ ਦੌਰਾਨ ਰਾਜ ਦਾ ਕੁੱਲ ਖਰਚਾ[2] ₹ 59,101 ਕਰੋੜ ਤੇ ₹ 94,471 ਕਰੋੜ ਤੱਕ ਵੱਧ ਦੇ 60 *ਪ੍ਰਤੀਸ਼ਤ* ਹੋ ਗਿਆ, ਜਦੋਂ ਕਿ ਇਸੇ ਸਮੇਂ ਦੌਰਾਨ ਰੈਵੀਨਿਊ ਖਰਚਾ ₹ 50,073 ਕਰੋੜ ਤੋਂ ₹ 75,860 ਕਰੋੜ ਤੱਕ 51 *ਪ੍ਰਤੀਸ਼ਤ* ਦੀ ਵਿਕਾਸ ਦਰ ਨਾਲ ਵੱਧ ਗਿਆ ਰੈਵੀਨਿਊ ਖਰਚਾ ਕੁੱਲ ਖਰਚੇ ਦਾ 80 ਤੋਂ 95 *ਪ੍ਰਤੀਸ਼ਤ* ਤੱਕ ਰਿਹਾ (ਸਾਲ 2016-17 ਨੂੰ ਛੱਡ ਕੇ ਜਦੋਂ ਇਹ 55 *ਪ੍ਰਤੀਸ਼ਤ*[3] ਸੀ) ਜਦੋਂ ਕਿ ਪੂੰਜੀਗਤ ਖਰਚਾ ਸਾਲ 2019-20 ਨੂੰ ਛੱਡ ਕੇ ਜਦੋਂ ਇਹ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਵਿੱਚ ₹ 15,628 ਕਰੋੜ ਦੇ ਉਦੈ ਕਰਜ਼ਿਆਂ ਨੂੰ ਇਕੁਇਟੀ ਵਿੱਚ ਤਬਦੀਲ ਕਰਨ ਕਾਰਣ 19 *ਪ੍ਰਤੀਸ਼ਤ* ਸੀ, 2015-20 ਦੌਰਾਨ ਕੁੱਲ ਖਰਚੇ ਦਾ ਤਿੰਨ ਤੋਂ ਪੰਜ *ਪ੍ਰਤੀਸ਼ਤ* ਸੀ।

2015-16 ਤੋਂ 2019-20 ਦੀ ਸਮੇਂ ਦੇ ਦੌਰਾਨ, ਰੈਵੀਨਿਊ ਖਰਚਾ 10.42 *ਪ੍ਰਤੀਸ਼ਤ* ਦੀ ਸਲਾਨਾ ਔਸਤ ਦਰ ਨਾਲ ਵਧਿਆਂ ਜਦੋਂ ਕਿ ਰੈਵੀਨਿਊ ਪ੍ਰਾਪਤੀਆਂ 9.76 *ਪ੍ਰਤੀਸ਼ਤ* ਦੀ ਸਾਲਾਨਾ ਔਸਤ ਦਰ ਨਾਲ ਵਧਿਆ।

## 1.3 ਨਿਰੰਤਰ ਵਾਧੂ ਖਰਚੇ

ਪਿਛਲੇ ਪੰਜ ਸਾਲਾਂ ਦੇ ਦੌਰਾਨ, ਤਿੰਨ ਮਾਮਲਿਆਂ ਵਿੱਚ, ਹਰੇਕ ਮਾਮਲੇ ਵਿੱਚ 50 ਕਰੋੜ ਤੋਂ ਵੱਧ ਦੇ ਲਗਾਤਾਰ ਵਾਧੂ ਖਰਚੇ ਹੋਏ, ਜਿਵੇਂ ਕਿ ਸਾਰਣੀ 1.2 ਵਿੱਚ ਵੇਰਵਾ ਦਿੱਤਾ ਗਿਆ ਹੈ। ਦੋ ਮਾਮਲਿਆਂ (ਕ੍ਰਮ ਨੰ. 2 ਅਤੇ 3) ਵਿੱਚ, ਖਰਚ 2015-20 ਦੇ ਦੌਰਾਨ ਬਿਨਾਂ ਕਿਸੇ ਬਜਟ ਉਪਬੰਧ ਦੇ ਕੀਤਾ ਗਿਆ ਸੀ।

**ਸਾਰਣੀ 1.2: 2015-16 ਤੋਂ 2019-20 ਦੌਰਾਨ ਨਿਰੰਤਰ ਵਾਧੂ ਖਰਚੇ**

(₹ ਕਰੋੜ ਵਿੱਚ)

| ਲੜੀ ਨੰ. | ਗ੍ਰਾਂਟ/ਨਿਮਿੱਤਣ ਦਾ ਵੇਰਵਾ | 2015-16 | 2016-17 | 2017-18 | 2018-19 | 2019-20 |
|---|---|---|---|---|---|---|
| 1. | ਗ੍ਰਾਂਟ ਨੰਬਰ-08-ਵਿੱਤ<br>2071-ਪੈਨਸ਼ਨਾਂ ਅਤੇ ਹੋਰ ਰਿਟਾਇਰਮੈਂਟ ਲਾਭ<br>01-ਸਿਵਲ<br>101-ਸੇਵਾਮੁਕਤੀ ਅਤੇ ਸੇਵਾਮੁਕਤੀ ਭੱਤੇ<br>01-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ | 664.92 | 697.98 | 616.95 | 290.39 | 187.05 |
| 2. | ਗ੍ਰਾਂਟ ਨੰਬਰ-21 ਲੋਕ ਨਿਰਮਾਣ<br>2059-ਲੋਕ ਨਿਰਮਾਣ<br>80-ਆਮ<br>001-ਨਿਰਦੇਸ਼ਨ ਅਤੇ ਪ੍ਰਸ਼ਾਸਨ<br>07-ਉਸ ਵਿਭਾਗ ਦੁਆਰਾ ਕੀਤੇ ਗਏ ਕੰਮਾਂ ਲਈ ਜਨ ਸਿਹਤ ਵਿਭਾਗ ਨੂੰ ਅਦਾ ਕੀਤੇ ਗਏ ਸਥਾਪਨਾ ਖਰਚੇ | 108.53 | 136.71 | 146.84 | 97.58 | 118.91 |
| 3. | ਗ੍ਰਾਂਟ ਨੰਬਰ-21 ਲੋਕ ਨਿਰਮਾਣ | 135.53 | 94.10 | 141.29 | 169.87 | 213.90 |

2 ਕੁੱਲ ਰੈਵੀਨਿਓ ਖਰਚਾ, ਪੂੰਜੀਗਤ ਖਰਚਾ ਅਤੇ ਲੋਨਜ਼ ਅਤੇ ਪੇਸ਼ਗੀਆਂ।

3 ਹਾਲਾਂਕਿ, ਸਾਲ ਦੌਰਾਨ ਰੈਵੀਨਿਊ ਖਰਚੇ ਵਿੱਚ 10.43 *ਪ੍ਰਤੀਸ਼ਤ* ਦਾ ਵਾਧਾ ਹੋਇਆ ਸੀ। ਇਸ ਨੇ, ਕਰਜ਼ਿਆਂ ਅਤੇ ਪੇਸ਼ਗੀਆਂ ਦੀ ਵੰਡ ਵਿੱਚ 593.03 *ਪ੍ਰਤੀਸ਼ਤ* ਦੇ ਵਾਧੇ ਕਾਰਣ ਕੁੱਲ ਖਰਚ ਦਾ ਇੱਕ ਛੋਟਾ ਹਿੱਸਾ (55 *ਪ੍ਰਤੀਸ਼ਤ*) ਦਰਸਾਇਆ ਸੀ।

| ਲੜੀ ਨੰ. | ਗ੍ਰਾਂਟ/ਨਿਮਿੱਤਣ ਦਾ ਵੇਰਵਾ | 2015-16 | 2016-17 | 2017-18 | 2018-19 | 2019-20 |
|---|---|---|---|---|---|---|
| | 3054-ਸੜ੍ਹਕਾਂ ਅਤੇ ਪੁਲ<br>80-ਆਮ<br>001- ਨਿਰਦੇਸ਼ਨ ਅਤੇ ਪ੍ਰਸ਼ਾਸਨ<br>01-ਮੁੱਖ ਮਦ 3054-ਸੜ੍ਹਕਾਂ ਅਤੇ ਪੁਲਾਂ ਨੂੰ ਅਨੁਪਾਤਕ ਅਧਾਰ ਤੇ ਟਰਾਂਸਫਰ ਕੀਤੇ ਅਮਲਾ ਚਾਰਜਿਜ਼ | | | | | |

*ਸ੍ਰੋਤ: ਨਿਮਿੱਤਣ ਲੇਖੇ*

## 1.4 ਭਾਰਤ ਸਰਕਾਰ ਵਲੋਂ ਸਹਾਇਤਾ ਗ੍ਰਾਂਟਾਂ

ਭਾਰਤ ਸਰਕਾਰ ਵੱਲੋਂ ਸਹਾਇਤਾ ਗ੍ਰਾਂਟਾਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ 2019-20 ਵਿੱਚ ₹3,473 ਕਰੋੜ (31.26 *ਪ੍ਰਤੀਸ਼ਤ*) ਦਾ ਹੋਇਆ ਵਾਧਾ ਸਾਰਣੀ 1.3 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 1.3: ਭਾਰਤ ਸਰਕਾਰ ਤੋਂ ਪ੍ਰਾਪਤ ਕੀਤੀ ਗਈ ਸਹਾਇਤਾ ਗ੍ਰਾਂਟਾਂ**

(₹ ਕਰੋੜ ਵਿੱਚ)

| ਵੇਰਵੇ | 2015-16 | 2016-17 | 2017-18 | 2018-19 | 2019-20 |
|---|---|---|---|---|---|
| ਗੈਰ-ਯੋਜਨਾ ਗ੍ਰਾਂਟਾਂ* | 1,274.64 | 1,610.35 | -- | -- | -- |
| ਰਾਜ ਯੋਜਨਾ ਸਕੀਮਾਂ ਲਈ ਗ੍ਰਾਂਟਾਂ* | 2,320.12 | 2,523.14 | -- | -- | -- |
| ਕੇਂਦਰੀ ਪ੍ਰਾਯੋਜਿਤ ਯੋਜਨਾ ਸਕੀਮਾਂ ਲਈ ਗ੍ਰਾਂਟਾਂ* | 237.20 | 563.69 | (-)0.63 | (-)74.21 | (-)68.84 |
| ਕੇਂਦਰੀ ਪ੍ਰਾਯੋਜਿਤ ਸਕੀਮਾਂ ਲਈ ਗ੍ਰਾਂਟਾਂ* | 341.76 | 78.65 | 3,096.13 | 3,091.70 | 2,864.31 |
| ਵਿੱਤ ਕਮਿਸ਼ਨ ਗ੍ਰਾਂਟਾਂ | -- | -- | 355.69 | 719.54 | 2,710.13 |
| ਰਾਜਾਂ/ਵਿਧਾਨ ਸਭਾ[4] ਵਾਲੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਹੋਰ ਟਰਾਂਸਫਰ/ਗ੍ਰਾਂਟਾਂ | -- | -- | 4,199.81 | 7,370.34 | 9,074.43 |
| **ਜੋੜ** | **4,173.72** | **4,775.83** | **7,651.00** | **11,107.37** | **14,580.03** |
| ਪਿਛਲੇ ਸਾਲ ਦੇ ਮੁਕਾਬਲੇ ਵਾਧੇ ਦੀ ਪ੍ਰਤੀਸ਼ਤਤਾ | (-) 28.90 | 14.43 | 60.20 | 45.18 | 31.26 |
| ਜੀ ਆਈ ਏ ਦੀ ਰੈਵੀਨਿਊ ਪ੍ਰਾਪਤੀਆਂ ਦੀ ਪ੍ਰਤੀਸ਼ਤਤਾ | 10.05 | 9.95 | 14.43 | 17.84 | 23.68 |

*ਸ੍ਰੋਤ: ਵਿੱਤ ਲੇਖੇ*

** ਗੈਰ ਯੋਜਨਾਂ ਅਤੇ ਯੋਜਨਾ ਗ੍ਰਾਂਟਾਂ 1 ਅਪ੍ਰੈਲ 2017 ਤੋਂ ਮਿਲਾ ਦਿੱਤੀਆਂ ਗਈਆਂ।*

ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ 2015-16 ਤੋਂ 2019-20 ਦੀ ਮਿਆਦ ਦੇ ਦੌਰਾਨ 24.43 *ਪ੍ਰਤੀਸ਼ਤ* ਦੀ ਸਲਾਨਾ ਔਸਤ ਦਰ ਨਾਲ ਵਧੀਆ। ਰਾਜ ਵਿੱਚ 2019-20 ਦੌਰਾਨ ਹੋਰ ਟ੍ਰਾਂਸਫਰ ਵਿੱਚ ₹ 8,805 ਕਰੋੜ ਦਾ ਜੀ ਐਸ ਟੀ ਮੁਆਵਜ਼ਾ ਸ਼ਾਮਲ ਹੈ। ਸਹਾਇਤਾ ਗ੍ਰਾਂਟਾਂ ਵਿੱਚ ਮੌਜੂਦਾ ਸਾਲ ਦੇ ਦੌਰਾਨ ਵਾਧਾ ਜੀ ਐਸ ਟੀ ਮੁਆਵਜ਼ੇ ਵਿੱਚ ₹ 1,676 ਕਰੋੜ[5] (23.51 *ਪ੍ਰਤੀਸ਼ਤ*) ਦੇ ਵਾਧੇ ਅਤੇ ਵਿੱਤ ਕਮਿਸ਼ਨ ਗ੍ਰਾਂਟਾਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 1,991 ਕਰੋੜ

[4] ਰਾਜ ਯੋਜਨਾ ਸਕੀਮਾਂ ਲਈ ਗ੍ਰਾਂਟਾਂ ਅਤੇ ਜੀ ਐਸ ਟੀ ਮੁਆਵਜ਼ੇ ਸ਼ਾਮਲ ਹਨ।

[5] ₹ 8,804.54 ਕਰੋੜ (2019-20) - ₹ 7,129.00 ਕਰੋੜ (2018-19) = ₹ 1,675.54 ਕਰੋੜ।

(276.65 *ਪ੍ਰਤੀਸ਼ਤ*) ਦੇ ਵਾਧੇ ਦੇ ਕਾਰਣ ਸੀ। ਇਸ ਤੋਂ ਇਲਾਵਾ, ਰੈਵੀਨਿਊ ਪ੍ਰਾਪਤੀਆਂ ਵਿੱਚ ਜੀ ਆਈ ਏ ਦਾ ਯੋਗਦਾਨ 2015-16 ਵਿੱਚ 10.05 *ਪ੍ਰਤੀਸ਼ਤ* ਤੋਂ ਵਧ ਕੇ 2019-20 ਵਿੱਚ 23.68 *ਪ੍ਰਤੀਸ਼ਤ* ਹੋ ਗਿਆ।

ਉਪਰੋਕਤ ਤੋਂ ਇਲਾਵਾ, ਭਾਰਤ ਸਰਕਾਰ ਵੱਖ-ਵੱਖ ਯੋਜਨਾਵਾਂ ਨੂੰ ਲਾਗੂ ਕਰਨ ਲਈ ਸਿੱਧੇ ਤੌਰ ਤੇ ਰਾਜ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਵੱਡੇ ਫੰਡਾਂ ਦਾ ਟਰਾਂਸਫਰ ਕਰਦੀ ਪਈ ਹੈ। ਭਾਰਤ ਸਰਕਾਰ ਨੇ 2014-15 ਤੋਂ ਰਾਜ ਦੇ ਬਜਟ ਰਾਹੀਂ ਇਨ੍ਹਾਂ ਫੰਡਾਂ ਨੂੰ ਭੇਜਣ ਦਾ ਫੈਸਲਾ ਕੀਤਾ ਸੀ। ਹਾਲਾਂਕਿ, 2019-20 ਦੌਰਾਨ, ਭਾਰਤ ਸਰਕਾਰ ਨੇ ₹ 4,551.70 ਕਰੋੜ ਸਿੱਧੇ ਤੌਰ ਤੇ ਰਾਜ ਦੀਆਂ ਵੱਖ-ਵੱਖ ਲਾਗੂ ਕਰਨ ਵਾਲੀਆਂ ਏਜੰਸੀਆਂ/ਗੈਰ-ਸਰਕਾਰੀ ਸੰਗਠਨਾਂ ਨੂੰ ਟਰਾਂਸਫਰ ਕੀਤੇ। ਨਾਲ ਹੀ, ਕੇਂਦਰ ਸਰਕਾਰ ਨੇ 2019-20 ਵਿੱਚ ਪੰਜਾਬ ਅਨੁਸੂਚਿਤ ਜਾਤੀਆਂ ਭੂਮੀ ਵਿਕਾਸ ਅਤੇ ਵਿੱਤ ਨਿਗਮ ਦੀ ਇਕਵਟੀ ਵਿੱਚ ₹ 5.79 ਕਰੋੜ ਦਾ ਨਿਵੇਸ਼ ਕੀਤਾ।

## 1.5 ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ

ਲੇਖਾ ਪ੍ਰੀਖਿਆ ਦੀ ਪ੍ਰਕ੍ਰਿਆ ਵੱਖ-ਵੱਖ ਵਿਭਾਗਾਂ, ਖੁਦਮੁਖਤਿਆਰ ਸੰਗਠਨਾਂ ਅਤੇ ਸਕੀਮਾਂ/ਪ੍ਰੋਜੈਕਟਾਂ ਦੇ ਜੋਖਮ ਦਾ ਜਾਇਜ਼ਾ ਲੈਣ ਨਾਲ ਸ਼ੁਰੂ ਹੁੰਦੀ ਹੈ ਜਿਸ ਵਿੱਚ ਗਤੀਵਿਧੀਆਂ ਦੀ ਗੰਭੀਰਤਾ/ਪੇਚੀਦਗੀ, ਅੱਗੇ ਸੌਂਪੀਆਂ ਗਈਆਂ ਵਿੱਤੀ ਸ਼ਕਤੀਆਂ ਦਾ ਪੱਧਰ, ਅੰਦਰੂਨੀ ਕੰਟਰੋਲ ਅਤੇ ਸਟੇਕਹੋਲਡਰਾਂ ਦੀਆਂ ਚਿੰਤਾਵਾਂ ਅਤੇ ਪਿਛਲੀਆਂ ਲੇਖਾ ਪ੍ਰੀਖਿਆ ਲੱਭਤਾਂ ਸ਼ਾਮਲ ਹਨ। ਜਾਇਜ਼ਾ ਲਏ ਗਏ ਜੋਖਮ ਦੇ ਅਧਾਰ ਤੇ ਲੇਖਾ ਪ੍ਰੀਖਿਆ ਦਾ ਅੰਤਰਾਲ ਅਤੇ ਦਾਇਰਾ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਸਾਲਾਨਾ ਲੇਖਾ ਪ੍ਰੀਖਿਆ ਯੋਜਨਾਂ ਬਣਾਈ ਜਾਂਦੀ ਹੈ।

ਲੇਖਾ ਪ੍ਰੀਖਿਆ ਮੁਕੰਮਲ ਹੋਣ ਤੋਂ ਬਾਅਦ ਦਫਤਰ ਦੇ ਮੁਖੀ ਨੂੰ ਇਕ ਨਿਰੀਖਣ ਰਿਪੋਰਟ, ਜਿਸ ਵਿੱਚ ਲੇਖਾ ਪ੍ਰੀਖਿਆ ਲੱਭਤਾਂ ਸ਼ਾਮਲ ਹੁੰਦੀਆਂ ਹਨ, ਇਸ ਬੇਨਤੀ ਨਾਲ ਭੇਜੀ ਜਾਂਦੀ ਹੈ ਕਿ ਇਸ ਦੀ ਪ੍ਰਾਪਤੀ ਤੋਂ ਚਾਰ ਹਫਤਿਆਂ ਦੇ ਅੰਦਰ ਲੇਖਾ ਪ੍ਰੀਖਿਆ ਲੱਭਤਾਂ ਦੇ ਜਵਾਬ ਭੇਜੇ ਜਾਣ। ਜਦੋਂ ਵੀ ਉੱਤਰ ਪ੍ਰਾਪਤ ਹੋ ਜਾਣ ਉਦੋਂ ਲੇਖਾ ਪ੍ਰੀਖਿਆ ਲੱਭਤਾਂ ਦਾ ਜਾਂ ਤਾਂ ਨਿਪਟਾਰਾ ਕਰ ਦਿੱਤਾ ਜਾਂਦਾ ਹੈ ਜਾਂ ਹੋਰ ਪਾਲਣਾ ਲਈ ਕਾਰਵਾਈ ਦੀ ਸਲਾਹ ਦਿੱਤੀ ਜਾਂਦੀ ਹੈ। ਇਨ੍ਹਾਂ ਨਿਰੀਖਣ ਰਿਪੋਰਟਾਂ ਵਿੱਚ ਧਿਆਨ ਵਿੱਚ ਲਿਆਂਦੀਆਂ ਗਈਆਂ ਮਹੱਤਵਪੂਰਣ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ, ਜਿਹੜੀਆਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਪੰਜਾਬ ਦੇ ਰਾਜਪਾਲ ਜੀ ਨੂੰ ਪੇਸ਼ ਕੀਤੀਆਂ ਜਾਂਦੀਆਂ ਹਨ, ਵਿੱਚ ਸ਼ਾਮਲ ਕਰਨ ਲਈ ਪ੍ਰੋਸੈਸ ਕੀਤਾ ਜਾਂਦਾ ਹੈ।

2019-20 ਦੇ ਦੌਰਾਨ, ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ ਦੇ (ਡਿਊਟੀਆਂ, ਪਾਵਰਜ਼ ਅਤੇ ਸੇਵਾ ਦੀਆਂ ਸ਼ਰਤਾਂ) ਐਕਟ 1971 ਦੇ ਸੈਕਸ਼ਨ 19 (2), 19 (3) ਅਤੇ 20 (1) ਦੇ ਅਧੀਨ 1,658 ਡਰਾਇੰਗ ਐਂਡ ਡਿਸਬਰਸਿੰਗ ਅਫਸਰਾਂ (ਡੀ ਡੀ ਓ) ਅਤੇ ਰਾਜ ਦੀਆਂ 19 ਖੁਦਮੁਖਤਿਆਰ ਸੰਸਥਾਂਵਾਂ ਦੀ ਪਾਲਣਾ ਲੇਖਾ ਪ੍ਰੀਖਿਆ ਦਾ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ ਦੇ ਦਫਤਰ ਦੁਆਰਾ ਸੰਚਾਲਨ ਕੀਤਾ ਗਿਆ ਸੀ।

## 1.6 ਮਹੱਤਵਪੂਰਨ ਲੇਖਾ ਪ੍ਰੀਖਿਆ ਟਿੱਪਣੀਆਂ ਅਤੇ ਲੇਖਾ ਪ੍ਰੀਖਿਆ ਪ੍ਰਤੀ ਸਰਕਾਰ ਦੀ ਪ੍ਰਤੀਕਿਰਿਆ

ਪਿਛਲੇ ਕੁਝ ਸਾਲਾਂ ਵਿੱਚ, ਲੇਖਾ ਪ੍ਰੀਖਿਆ ਨੇ ਵੱਖ-ਵੱਖ ਪ੍ਰੋਗਰਾਮਾਂ/ਗਤੀਵਿਧੀਆਂ ਦੇ ਨਾਲ-ਨਾਲ ਚੁਣੇ ਹੋਏ ਵਿਭਾਗਾਂ ਵਿੱਚ ਅੰਦਰੂਨੀ ਨਿਯੰਤਰਣ ਦੀ ਗੁਣਵੱਤਾ ਵਿੱਚ ਕਈ ਮਹੱਤਵਪੂਰਣ ਕਮੀਆਂ ਦੀ ਰਿਪੋਰਟ ਕੀਤੀ ਹੈ ਜਿਸਦਾ ਪ੍ਰੋਗਰਾਮਾਂ ਦੀ ਸਫਲਤਾ ਅਤੇ ਵਿਭਾਗ ਦੇ ਕੰਮਕਾਜ ਤੇ ਨਕਾਰਾਤਮਕ ਪ੍ਰਭਾਵ ਪਿਆ ਹੈ। ਫੋਕਸ ਕਾਰਜਕਾਰੀ ਨੂੰ ਸੁਧਾਰਾਤਮਕ ਕਾਰਵਾਈ ਕਰਨ ਅਤੇ ਨਾਗਰਿਕਾਂ ਨੂੰ ਸੇਵਾਂ ਪ੍ਰਦਾਨ ਕਰਨ ਵਿੱਚ ਸੁਧਾਰ ਲਈ ਢੁਕਵੀਆਂ ਸਿਫਾਰਿਸ਼ਾਂ ਦੇਣ ਤੇ ਕੇਂਦਰਤ ਸੀ। ਵਿਭਾਗਾਂ ਨੂੰ ਆਪਣੇ ਜਵਾਬਾਂ ਨੂੰ ਡਰਾਫਟ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟਾਂ/ਡਰਾਫਟ ਪੈਰ੍ਹਿਆਂ ਨੂੰ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਕਰਨ ਲਈ ਪ੍ਰਸਤਾਵਿਤ ਕਰਨ ਲਈ ਛੇ ਮਹੀਨੀਆਂ ਦੇ ਅੰਦਰ ਭੇਜਣਾ ਚਾਹੀਦਾ ਹੈ।

ਇਸ ਲੇਖਾ ਪ੍ਰੀਖਿਆ ਰਿਪੋਰਟ ਦੇ ਅਧਿਆਇ-II ਵਿੱਚ ਐਸ ਪੀ ਐਸ ਈਜ਼ ਨਾਲ ਸਬੰਧਤ 13 ਪਾਲਣਾ ਲੇਖਾ ਪ੍ਰੀਖਿਆ ਦੇ ਪੈਰ੍ਹੇ ਸ਼ਾਮਲ ਹਨ ਜੋ ਸਬੰਧਤ ਪ੍ਰਬੰਧਕੀ ਸਕੱਤਰਾਂ ਨੂੰ ਭੇਜੇ ਗਏ ਸਨ। ਇਨ੍ਹਾਂ ਦਾ ਕੁੱਲ ਵਿੱਤੀ ਪ੍ਰਭਾਵ ₹ 85.31 ਕਰੋੜ ਹੈ। ਐਸ ਪੀ ਐਸ ਈਜ਼ ਦੇ ਪ੍ਰਬੰਧਨ ਤੋਂ ਦਸ ਪੈਰ੍ਹਿਆਂ ਦੇ ਜਵਾਬ ਪ੍ਰਾਪਤ ਹੋਏ ਸਨ ਅਤੇ ਪ੍ਰਬੰਧਕੀ ਵਿਭਾਗਾਂ ਤੋਂ ਸਿਰਫ ਤਿੰਨ ਪਾਲਣਾ ਲੇਖਾ ਪ੍ਰੀਖਿਆ ਪੈਰ੍ਹਿਆਂ[6] ਦੇ ਜਵਾਬ ਪ੍ਰਾਪਤ ਹੋਏ ਹਨ ਜਿਨ੍ਹਾਂ ਨੂੰ ਲੇਖਾ ਪ੍ਰੀਖਿਆ ਰਿਪੋਰਟ ਵਿੱਚ ਉਚਿਤ ਰੂਪ ਨਾਲ ਸ਼ਾਮਲ ਕੀਤਾ ਗਿਆ ਹੈ।

ਇਸ ਲੇਖਾ ਪ੍ਰੀਖਿਆ ਰਿਪੋਰਟ ਦੇ ਅਧਿਆਇ-III ਵਿੱਚ ਸੱਤ ਪਾਲਣਾ ਲੇਖਾ ਪ੍ਰੀਖਿਆ ਪੈਰ੍ਹੇ ਸ਼ਾਮਲ ਹਨ ਜੋ ਸਬੰਧਤ ਪ੍ਰਬੰਧਕੀ ਸਕੱਤਰਾਂ ਨੂੰ ਭੇਜੇ ਗਏ ਸਨ। ਇਨ੍ਹਾਂ ਦਾ ਕੁੱਲ ਵਿੱਤੀ ਪ੍ਰਭਾਵ ₹ 28.23 ਕਰੋੜ ਹੈ। ਪ੍ਰਬੰਧਕੀ ਵਿਭਾਗਾਂ ਤੋਂ ਸਿਰਫ ਦੋ ਪਾਲਣਾ ਲੇਖਾ ਪ੍ਰੀਖਿਆ ਪੈਰ੍ਹਿਆਂ[7] ਦੇ ਜਵਾਬ ਪ੍ਰਾਪਤ ਹੋਏ ਹਨ, ਜਿਨ੍ਹਾਂ ਨੂੰ ਲੇਖਾ ਪ੍ਰੀਖਿਆ ਰਿਪੋਰਟ ਵਿੱਚ ਢੁਕਵੇਂ ਰੂਪ ਵਿੱਚ ਸ਼ਾਮਲ ਕੀਤਾ ਗਿਆ ਹੈ।

## 1.7 ਲੇਖਾ ਪ੍ਰੀਖਿਆ ਦੇ ਸੁਝਾਅ 'ਤੇ ਵਸੂਲੀਆਂ

ਸਰਕਾਰੀ ਵਿਭਾਗਾਂ ਦੇ ਖਾਤਿਆਂ ਦੇ ਚੋਣਵੀਂ ਲੇਖਾ ਪ੍ਰੀਖਿਆ ਦੇ ਦੌਰਾਨ ਦੇਖਣ ਵਿੱਚ ਆਈਆਂ ਵਸੂਲੀਆਂ ਦੇ ਲੇਖਾ ਪ੍ਰੀਖਿਆ ਨਤੀਜਿਆਂ ਦੀ ਪੁਸ਼ਟੀ ਅਤੇ ਅਗਲੀ ਲੋੜੀਂਦੀ ਕਾਰਵਾਈ ਤੋਂ ਬਾਅਦ ਲੇਖਾ ਪ੍ਰੀਖਿਆ ਨੂੰ ਸੂਚਨਾਂ ਦੇਣ ਲਈ ਵੱਖ-ਵੱਖ ਵਿਭਾਗੀ ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀਆਂ ਨੂੰ ਭੇਜਿਆ ਗਿਆ ਸੀ। ਨਿਰੀਖਕ ਰਿਪੋਰਟਾਂ ਰਾਹੀਂ ਲੇਖਾ ਪ੍ਰੀਖਿਆ ਦੁਆਰਾ ਦੱਸੇ ਜਾਣ ਤੋਂ ਬਾਅਦ ਵੱਖ ਵੱਖ ਵਿਭਾਗਾਂ ਦੁਆਰਾ 2019-20 ਦੌਰਾਨ ₹ 0.36 ਕਰੋੜ ਦੀ ਰਕਮ ਬਰਾਮਦ ਕੀਤੀ ਗਈ ਸੀ।

---

6 ਪੈਰ੍ਹਾ ਨੰਬਰ 2.1, 2.3 ਅਤੇ 2.8 ।

7 ਪੈਰ੍ਹਾ ਨੰਬਰ 3.1 ਅਤੇ 3.4 ।

## 1.8 ਲੇਖਾ ਪ੍ਰੀਖਿਆ ਵੱਲ ਸਰਕਾਰ ਦੀ ਜਵਾਬਦੇਹੀ ਦੀ ਘਾਟ

ਸਰਕਾਰੀ ਵਿਭਾਗਾਂ ਦੇ ਸਮੇਂ-ਸਮੇਂ ਤੇ ਨਿਰੀਖਣ ਤੋਂ ਬਾਅਦ, ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ, ਲੇਖਾ ਪ੍ਰੀਖਿਆ ਕੀਤੇ ਦਫਤਰਾਂ ਦੇ ਮੁੱਖੀਆਂ ਨੂੰ ਜਾਂਚ ਰਿਪੋਰਟਾਂ (ਆਈ ਆਰ) ਜਾਰੀ ਕਰਦਾ ਹੈ, ਜਿਸ ਦੀਆਂ ਕਾਪੀਆਂ ਅਗਲੇ ਉੱਚ ਅਧਿਕਾਰੀ ਨੂੰ ਭੇਜੀਆਂ ਜਾਂਦੀਆਂ ਹਨ। ਕਾਰਜਕਾਰੀ ਅਧਿਕਾਰੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਨੁਕਸਾਂ ਅਤੇ ਗਲਤੀਆਂ ਨੂੰ ਤੁਰੰਤ ਸੁਧਾਰਨਗੇ ਅਤੇ ਚਾਰ ਹਫਤਿਆਂ ਦੇ ਅੰਦਰ ਲੇਖਾ ਪ੍ਰੀਖਿਆ ਨੂੰ ਪਾਲਣਾ ਦੀ ਰਿਪੋਰਟ ਦੇਣਗੇ। ਛੇ ਮਹੀਨਿਆਂ ਤੋਂ ਵੱਧ ਸਮੇਂ ਤੋਂ ਬਕਾਇਆ ਆਈ ਆਰਜ਼ ਦੀਆਂ ਛਿਮਾਹੀ ਰਿਪੋਰਟਾਂ ਵੀ, ਬਕਾਇਆ ਆਈ ਆਰਜ਼ ਵਿੱਚ ਲੇਖਾ ਪ੍ਰੀਖਿਆ ਨਿਰੀਖਣਾਂ ਦੀ ਨਿਗਰਾਨੀ ਅਤੇ ਪਾਲਣਾ ਦੀ ਸਹੂਲਤ ਲਈ ਵਿਭਾਗਾਂ ਦੇ ਸਬੰਧਤ ਪ੍ਰਸ਼ਾਸਕੀ ਸਕੱਤਰਾਂ ਨੂੰ ਭੇਜੀਆਂ ਜਾਂਦੀਆਂ ਹਨ।

ਜੂਨ 2020 ਤੱਕ, 14,887 ਨਿਰੀਖਣ ਰਿਪੋਰਟਾਂ ਜਿਨ੍ਹਾਂ ਵਿੱਚ 46,532 ਪੈਰ੍ਹੇ (ਮਾਰਚ 2020 ਤੱਕ ਜਾਰੀ) ₹ 39,347 ਕਰੋੜ ਦੇ ਮੁੱਲ ਦੇ ਹਨ, ਬਕਾਇਆ ਸਨ, ਜਿਨ੍ਹਾਂ ਵਿੱਚੋਂ 8,642 ਆਈ ਆਰਜ਼ 17,635 ਪੈਰ੍ਹਿਆਂ ਵਾਲੇ ਹਨ ਜਿਨ੍ਹਾਂ ਦਾ ਮੁੱਲ ₹ 10,779 ਕਰੋੜ ਅਪ੍ਰੈਲ 2015 ਤੋਂ ਪਹਿਲਾਂ ਦੀ ਸੀ ਭਾਵ ਪੰਜ ਸਾਲ ਤੋਂ ਵੱਧ ਉਮਰ ਦੇ ਬਕਾਇਆ ਨਿਰੀਖਣ ਰਿਪੋਰਟਾਂ/ ਪੈਰ੍ਹਿਆਂ ਦੇ ਉਹਨਾਂ ਦੇ ਪੈਸੇ ਦੇ ਮੁੱਲ ਦੇ ਨਾਲ ਸਾਲਵਾਰ ਸਥਿਤੀ ਸਾਰਣੀ 1.4 ਵਿੱਚ ਦਿੱਤੀ ਗਈ ਹੈ।

**ਸਾਰਣੀ 1.4: ਬਕਾਇਆ ਨਿਰੀਖਣ ਰਿਪੋਰਟਾਂ/ਪੈਰ੍ਹੇ**

| ਵੇਰਵੇ | ਅਪ੍ਰੈਲ 2015 ਤੋਂ ਪਹਿਲਾਂ | 2015-16 | 2016-17 | 2017-18 | 2018-19 | 2019-20 | ਜੋੜ |
|---|---|---|---|---|---|---|---|
| ਨਿਰੀਖਣ ਰਿਪੋਰਟਾਂ | 8,642 | 1,009 | 1,091 | 1,207 | 1,386 | 1,552 | **14,887** |
| ਪੈਰ੍ਹੇ | 17,635 | 3,880 | 4,295 | 5,225 | 6,321 | 9,176 | **46,532** |
| ਮੁਦਰਾ ਮੁੱਲ (₹ ਕਰੋੜ ਵਿੱਚ) | 10,779.06 | 5,674.24 | 4,526.92 | 4,897.53 | 7,665.04 | 5,804.19 | **39,346.98** |

*ਸ੍ਰੋਤ: ਦਫਤਰੀ ਰਿਕਾਰਡ*

ਇੰਨ੍ਹੀ ਵੱਡੀ ਗਿਣਤੀ ਦੇ ਪੈਰ੍ਹਿਆਂ ਦੀ ਬਕਾਇਆ ਲੇਖਾ ਪ੍ਰੀਖਿਆ ਪ੍ਰਤੀ ਸਰਕਾਰੀ ਵਿਭਾਗਾਂ ਦੀ ਜਵਾਬਦੇਹੀ ਦੀ ਘਾਟ ਨੂੰ ਦਰਸਾਉਂਦੀ ਹੈ।

## 1.9 ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ

ਵਿੱਤ ਵਿਭਾਗ ਨੇ ਸਾਰੇ ਪ੍ਰਸ਼ਾਸਕੀ ਵਿਭਾਗਾਂ ਨੂੰ ਨਿਰਦੇਸ਼ ਦਿੱਤੇ (ਅਗਸਤ 1992) ਕਿ ਸਾਰੇ ਲੇਖਾ ਪ੍ਰੀਖਿਆ ਪੈਰ੍ਹਿਆਂ ਅਤੇ ਸਮੀਖਿਆਵਾਂ (ਕਾਰਗੁਜ਼ਾਰੀ ਲੇਖਾ ਪ੍ਰੀਖਿਆ) ਤੇ ਸਵੈ-ਚਾਲੂ ਕਾਰਵਾਈ ਆਰੰਭ ਕੀਤੀ ਜਾਵੇ, ਜੋ ਕਿ ਲੇਖਾ ਨਿਰੀਖਕ ਤੇ ਮਹ੍ਹਾ ਲੇਖਾ ਪਰੀਖਕ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਦਰਜ ਹਨ, ਚਾਹੇ ਪਬਲਿਕ ਅੰਡਰਟੇਕਿੰਗਜ਼ ਕਮੇਟੀ (ਕੋਪੂ)/ਪਬਲਿਕ ਅਕਾਉਂਟਸ ਕਮੇਟੀ (ਪੀ ਏ ਸੀ) ਦੁਆਰਾ ਮਾਮਲਿਆਂ ਨੂੰ ਜਾਂਚ ਲਈ ਲਿਆ ਗਿਆ ਹੋਵੇ ਜਾਂ ਨਹੀਂ। ਪ੍ਰਸ਼ਾਸਕੀ ਵਿਭਾਗਾਂ ਨੂੰ ਰਾਜ ਵਿਧਾਨ ਸਭਾ ਨੂੰ ਰਿਪੋਰਟਾਂ ਪੇਸ਼ ਕਰਨ ਦੇ ਤਿੰਨ ਮਹੀਨਿਆਂ ਅੰਦਰ ਲਾਜ਼ਮੀ ਤੌਰ ਤੇ ਕੋਪੂ/ਪੀ ਏ ਸੀ ਨੂੰ ਵਿਸਤ੍ਰਿਤ ਨੋਟਸ ਜੋ ਲੇਖਾ ਪ੍ਰੀਖਿਆ ਦੁਆਰਾ ਵਿਧੀਪੂਰਵਕ ਜਾਂਚ ਕੀਤੀ ਹੋਵੇ, ਵੀ ਪੇਸ਼ ਕਰਨਾ ਚਾਹੀਦਾ ਸੀ।

ਜਿੱਥੋਂ ਤੱਕ ਸਾਲ 2012-13, 2013-14, 2014-15, 2015-16, 2016-17 ਅਤੇ 2017-18 ਦੇ ਸਮੇ ਨਾਲ ਸਬੰਧਤ ਰਾਜ ਵਿਧਾਨ ਸਭਾ ਵਿੱਚ ਪੇਸ਼ ਹੋ ਚੁੱਕੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਦਾ ਸਬੰਧ ਹੈ, 31 ਮਾਰਚ 2021 ਤੱਕ ਸੱਤ ਕਾਰਗੁਜ਼ਾਰੀ ਲੇਖਾ ਪ੍ਰੀਖਿਆਵਾਂ ਅਤੇ 51 ਪੈਰ੍ਹਿਆਂ ਨਾਲ ਸਬੰਧਿਤ ਵਿਸਥਾਰਪੂਰਵਕ ਨੋਟ ਲੇਖਾ ਪ੍ਰੀਖਿਆ ਦੇ ਦਫਤਰ ਵਿੱਚ ਪ੍ਰਾਪਤ ਨਹੀਂ ਹੋਏ ਸਨ *(ਅੰਤਿਕਾ 1.1)*।

ਜਿੱਥੋਂ ਤੱਕ ਸਾਲ 2013-14, 2014-15, 2015-16, 2016-17 ਅਤੇ 2017-18 ਦੇ ਸਮੇ ਨਾਲ ਸਬੰਧਤ ਰਾਜ ਵਿਧਾਨ ਸਭਾ ਵਿੱਚ ਪੇਸ਼ ਹੋ ਚੁੱਕੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਦਾ ਸਬੰਧ ਹੈ, 31 ਮਾਰਚ 2021 ਤੱਕ ਛੇ ਕਾਰਗੁਜ਼ਾਰੀ ਲੇਖਾ ਪ੍ਰੀਖਿਆਵਾਂ ਅਤੇ 30 ਪੈਰ੍ਹਿਆਂ ਨਾਲ ਸਬੰਧਿਤ ਵਿਸਥਾਰਪੂਰਵਕ ਨੋਟ ਲੇਖਾ ਪ੍ਰੀਖਿਆ ਦੇ ਦਫਤਰ ਵਿੱਚ ਪ੍ਰਾਪਤ ਨਹੀਂ ਹੋਏ ਸਨ *(ਅੰਤਿਕਾ 1.2)*।

## 1.10 ਖਾਤਿਆਂ ਦੀ ਸਪੁਰਦਗੀ

### 1.10.1 ਖੁਦਮੁਖਤਿਆਰ ਸੰਸਥਾਵਾਂ

ਸ਼ਹਿਰੀ ਵਿਕਾਸ, ਮਕਾਨ ਉਸਾਰੀ, ਕਿਰਤ ਭਲਾਈ, ਖੇਤੀਬਾੜੀ ਅਤੇ ਨਿਆਂ ਦੇ ਖੇਤਰਾਂ ਵਿੱਚ ਸਰਕਾਰ ਦੁਆਰਾ ਕਈ ਖੁਦਮੁਖਤਿਆਰ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ ਹਨ। 31 ਮਾਰਚ 2020 ਤੱਕ, 2006-07 ਤੋਂ 2018-19 ਦੇ ਦੌਰਾਨ ਨੌਂ ਖੁਦਮੁਖਤਿਆਰ ਸੰਸਥਾਵਾਂ ਵਿੱਚੋਂ ਪੰਜ ਦੇ ਸਬੰਧ ਵਿੱਚ 20 ਖਾਤੇ ਸਾਰਣੀ 1.5 ਵਿੱਚ ਵਿਸਤ੍ਰਿਤ ਰੂਪ ਵਿੱਚ ਲੰਬਿਤ ਦਰਸਾਏ ਗਏ ਹਨ।

**ਸਾਰਣੀ 1.5: 31 ਮਾਰਚ 2020 ਨੂੰ ਸੰਸਥਾਵਾਂ ਜਾਂ ਅਥਾਰਟੀਆਂ ਦੇ ਖਾਤਿਆਂ ਦਾ ਬਕਾਇਆ**

| ਲੜੀ ਨੰ. | ਸੰਸਥਾ ਜਾਂ ਅਥਾਰਟੀ ਦਾ ਨਾਮ | ਖਾਤੇ ਕਦੋਂ ਤੋਂ ਬਕਾਇਆ ਹਨ | ਵਿੱਤੀ ਸਾਲ 2019-20 ਤੱਕ ਬਕਾਇਆ ਖਾਤਿਆਂ ਦੀ ਸੰਖਿਆ |
|---|---|---|---|
| 1. | ਪੰਜਾਬ ਕਾਨੂੰਨੀ ਸੇਵਾਵਾਂ ਅਥਾਰਿਟੀ, ਚੰਡੀਗੜ੍ਹ | 2018-19 | 1 |
| 2. | ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ, ਚੰਡੀਗੜ੍ਹ | 2017-18 | 2 |
| 3 | ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ, ਚੰਡੀਗੜ੍ਹ | -- | 0 |
| 4 | ਪੰਜਾਬ ਲੇਬਰ ਵੈਲਫੇਅਰ ਬੋਰਡ, ਚੰਡੀਗੜ੍ਹ | 2006-07 | 13 |
| 5. | ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ | -- | 0 |
| 6. | ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ, ਐਸ ਏ ਐਸ ਨਗਰ | 2017-18 | 2 |
| 7. | ਪੰਜਾਬ ਬੱਸ ਮੈਟਰੋ ਸੁਸਾਇਟੀ, ਅੰਮ੍ਰਿਤਸਰ | 2017-18 | 2 |
| 8. | ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, ਚੰਡੀਗੜ੍ਹ | -- | 0 |
| 9. | ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ, ਚੰਡੀਗੜ੍ਹ | -- | 0 |
| **ਜੋੜ** | | | **20** |

*ਸ੍ਰੋਤ: ਵਿਭਾਗੀ ਡਾਟਾ/ਸੂਚਨਾ*

*ਨੋਟ: ਕਿਸੇ ਵੀ ਪਿਛਲੇ ਵਿੱਤੀ ਸਾਲ ਦੇ ਬਕਾਇਆ ਹੋਣ ਦੀ ਮਿਤੀ ਨੂੰ ਅਗਲੇ ਵਿੱਤੀ ਸਾਲ ਦੇ 30 ਸਤੰਬਰ ਵਜੋਂ ਲਿਆ ਜਾਣਾ ਚਾਹੀਦਾ ਹੈ।*

ਨੌਂ ਵਿੱਚੋਂ ਪੰਜ ਖੁਦਮੁਖਤਿਆਰ ਸੰਸਥਾਵਾਂ ਦੇ ਸਬੰਧ ਵਿੱਚ ਦੇਰੀ ਇੱਕ ਤੋਂ ਤੇਰ੍ਹਾਂ ਸਾਲਾਂ ਦੇ ਵਿੱਚ ਸੀ, ਜਿਨ੍ਹਾਂ ਵਿੱਚੋਂ ਪੰਜਾਬ ਲੇਬਰ ਵੈਲਫੇਅਰ ਬੋਰਡ ਨੇ 2006-07 ਤੋਂ ਆਪਣੇ ਖਾਤੇ ਪੇਸ਼ ਨਹੀਂ ਕੀਤੇ ਸਨ। ਖਾਤਿਆਂ ਨੂੰ ਅੰਤਿਮ ਰੂਪ ਦੇਣ ਵਿੱਚ ਦੇਰੀ ਵਿੱਤੀ ਅਨਿਯਮਿਤਾਵਾਂ ਦਾ ਪਤਾ ਨਾ ਲੱਗਣ ਦੇ

ਜੋਖਮ ਨੂੰ ਉਠਾਉਂਦੀ ਹੈ ਅਤੇ ਇਸ ਲਈ, ਖਾਤਿਆਂ ਨੂੰ ਛੇਤੀ ਤੋਂ ਛੇਤੀ ਅੰਤਿਮ ਰੂਪ ਦੇਣ ਅਤੇ ਲੇਖਾ ਪ੍ਰੀਖਿਆ ਨੂੰ ਸੌਂਪਣ ਦੀ ਜ਼ਰੂਰਤ ਹੈ।

### 1.10.2 ਰਾਜ ਜਨਤਕ ਖੇਤਰ ਦੇ ਅਦਾਰੇ

33 ਕਾਰਜਸ਼ੀਲ ਐਸ ਪੀ ਐਸ ਈਜ਼ ਵਿੱਚੋਂ, 12 ਐਸ ਪੀ ਐਸ ਈਜ਼ ਨੇ ਕਨੂੰਨੀ/ਵਿਧਾਨਕ ਲੋੜ ਅਨੁਸਾਰ 31 ਦਸੰਬਰ 2020[8] ਨੂੰ ਜਾਂ ਉਸ ਤੋਂ ਪਹਿਲਾਂ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ ਦੁਆਰਾ ਲੇਖਾ ਪ੍ਰੀਖਿਆ ਲਈ ਸਾਲ 2019-20 ਲਈ ਆਪਣੇ ਖਾਤੇ ਪੇਸ਼ ਕੀਤੇ।

31 ਮਾਰਚ 2020 ਨੂੰ ਖਤਮ ਹੋਣ ਵਾਲੇ ਪਿਛਲੇ ਤਿੰਨ ਸਾਲਾਂ ਦੇ ਕਾਰਜਸ਼ੀਲ ਐਸ ਪੀ ਐਸ ਈਜ਼[9] ਦੇ ਖਾਤਿਆਂ ਨੂੰ ਪੇਸ਼ ਕਰਨ ਦੇ ਬਕਾਇਆਂ ਦਾ ਵੇਰਵਾ ਸਾਰਣੀ 1.6 ਵਿੱਚ ਦਿੱਤਾ ਗਿਆ ਹੈ।

**ਸਾਰਣੀ 1.6: ਐਸ ਪੀ ਐਸ ਈਜ਼ ਦੁਆਰਾ ਖਾਤੇ ਪੇਸ਼ ਕਰਨ ਨਾਲ ਸਬੰਧਤ ਸਥਿਤੀ**

| ਲੜੀ ਨੰ. | ਵੇਰਵੇ | 2017-18 | 2018-19 | 2019-20 |
|---|---|---|---|---|
| 1. | ਕਾਰਜਸ਼ੀਲ ਐਸ ਪੀ ਐਸ ਈਜ਼ ਦੀ ਸੰਖਿਆ | 33 | 33 | 33 |
| 2. | ਮੌਜੂਦਾ ਸਾਲ ਦੌਰਾਨ ਪੇਸ਼ ਕੀਤੇ ਗਏ ਖਾਤਿਆਂ ਦੀ ਸੰਖਿਆ | 37 | 41 | 31 |
| 3. | ਮੌਜੂਦਾ ਸਾਲ ਦੇ ਖਾਤਿਆਂ ਨੂੰ ਅੰਤਿਮ ਰੂਪ ਦੇਣ ਵਾਲੇ ਐਸ ਪੀ ਐਸ ਈਜ਼ ਦੀ ਸੰਖਿਆ | 9 | 9 | 12 |
| 4. | ਮੌਜੂਦਾ ਸਾਲ ਦੇ ਦੌਰਾਨ ਅੰਤਿਮ ਰੂਪ ਵਿੱਚ ਪਿਛਲੇ ਸਾਲ ਦੇ ਖਾਤਿਆਂ ਦੀ ਸੰਖਿਆ | 28 | 32 | 19 |
| 5. | ਖਾਤਿਆਂ ਵਿੱਚ ਬਕਾਏ ਦੇ ਨਾਲ ਐਸ ਪੀ ਐਸ ਇਜ਼ ਦੀ ਸੰਖਿਆ | 24 | 24 | 21 |
| 6. | ਬਕਾਏ ਵਿੱਚ ਖਾਤਿਆਂ ਦੀ ਗਿਣਤੀ | 45 | 34 | 36 |
| 7. | ਬਕਾਏ ਦੀ ਹੱਦ | ਇੱਕ ਤੋਂ ਅੱਠ ਸਾਲ | ਇੱਕ ਤੋਂ ਚਾਰ ਸਾਲ | ਇੱਕ ਤੋਂ ਪੰਜ ਸਾਲ |

*ਸ੍ਰੋਤ: ਅਕਤੂਬਰ 2019 ਤੋਂ ਦਸੰਬਰ 2020 ਦੀ ਮਿਆਦ ਦੇ ਦੌਰਾਨ ਪ੍ਰਾਪਤ ਕੀਤੇ ਪਾਵਰ ਖੇਤਰ ਤੋਂ ਇਲਾਵਾ ਦੇ ਕਾਰਜਸ਼ੀਲ ਐਸ ਪੀ ਐਸ ਈਜ਼ ਦੇ ਖਾਤਿਆਂ ਤੋਂ ਸੰਕਲਿਤ*

33 ਵਿੱਚੋ 21 ਐਸ ਪੀ ਐਸ ਈਜ਼ ਦੇ ਸਬੰਧ ਵਿੱਚ ਦੇਰੀ ਇੱਕ ਤੋਂ ਪੰਜ ਸਾਲ ਦੇ ਵਿੱਚ ਸੀ। ਇਸ ਤੋਂ ਇਲਾਵਾ, 36 ਸਾਲਾਨਾ ਖਾਤੇ ਬਕਾਏ ਵਿੱਚ ਸਨ ਜੋ 21 ਐਸ ਪੀ ਐਸ ਈਜ਼ ਨਾਲ ਸਬੰਧਤ ਹਨ। ਪ੍ਰਸ਼ਾਸਕੀ ਵਿਭਾਗਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਨ੍ਹਾਂ ਸੰਸਥਾਵਾਂ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਕਰੇ ਅਤੇ ਇਹ ਸੁਨਿਸ਼ਚਿਤ ਕਰੇ ਕਿ ਨਿਰਧਾਰਤ ਸਮੇਂ ਦੇ ਅੰਦਰ ਇਨ੍ਹਾਂ ਐਸ ਪੀ ਐਸ ਈਜ਼ ਦੁਆਰਾ ਖਾਤਿਆਂ ਨੂੰ ਅੰਤਮ ਰੂਪ ਦਿੱਤਾ ਅਤੇ ਅਪਣਾਇਆ ਗਿਆ ਹੈ। ਪ੍ਰਧਾਨ ਮਹਾਂ

---

[8] 8 ਸਤੰਬਰ 2020 ਦੇ ਰਜਿਸਟਰਾਰ ਆਫ ਕੰਪਨੀਆਂ ਦੇ ਆਦੇਸ਼ ਦੇ ਅਨੁਸਾਰ ਵਿੱਤੀ ਸਾਲ 2019-20 ਲਈ ਸਲਾਨਾ ਆਮ ਮੀਟਿੰਗ ਆਯੋਜਿਤ ਕਰਨ ਦੀ ਤਾਰੀਖ 31 ਦਸੰਬਰ 2020 ਤੱਕ ਵਧਾ ਦਿੱਤੀ ਗਈ ਸੀ।

[9] ਪੰਜਾਬ ਸਰਕਾਰ ਦੀ ਆਮ ਆਦੇਸ਼ ਵਿੱਤੀ ਰਿਪੋਰਟ 2019-20 ਦੇ ਰਾਜ ਸਾਰਵਜਨਿਕ ਖੇਤਰ ਦੇ ਆਦਰੇ ਦਾ ਪੈਰ੍ਹਾ ਨੰਬਰ 1.1. ਅਤੇ 2.1 ਦੇ ਹਵਾਲੇ ਵਿੱਚ।

ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ ਦੁਆਰਾ ਸਬੰਧਤ ਵਿਭਾਗਾਂ ਨੂੰ ਖਾਤਿਆਂ ਨੂੰ ਅੰਤਮ ਰੂਪ ਦੇਣ ਦੇ ਬਕਾਏ ਬਾਰੇ ਛਿਮਾਹੀ ਵਿੱਚ ਸੂਚਿਤ ਕੀਤਾ ਗਿਆ ਸੀ।

ਖਾਤਿਆਂ ਨੂੰ ਅੰਤਿਮ ਰੂਪ ਦੇਣ ਅਤੇ ਉਸ ਉਪਰੰਤ ਲੇਖਾ ਪ੍ਰੀਖਿਆ ਦੀ ਅਣਹੋਂਦ ਵਿੱਚ, ਇਹ ਸੁਨਿਸ਼ਚਿਤ ਨਹੀਂ ਕੀਤਾ ਜਾ ਸਕਦਾ ਕਿ ਕੀਤੇ ਗਏ ਨਿਵੇਸ਼ਾਂ ਅਤੇ ਖਰਚਿਆਂ ਦੀ ਸਹੀ ਢੰਗ ਨਾਲ ਲੇਖਾ ਪ੍ਰੀਖਿਆ ਕੀਤੀ ਗਈ ਸੀ ਅਤੇ ਜਿਸ ਉਦੇਸ਼ ਲਈ ਰਕਮ ਦਾ ਨਿਵੇਸ਼ ਕੀਤਾ ਗਿਆ ਸੀ ਉਹ ਪ੍ਰਾਪਤ ਕੀਤਾ ਗਿਆ ਸੀ। ਖਾਤਿਆਂ ਨੂੰ ਅੰਤਿਮ ਰੂਪ ਦੇਣ ਵਿੱਚ ਹੋਈ ਦੇਰੀ ਕਰਕੇ ਇਨ੍ਹਾਂ ਐਸ ਪੀ ਐਸ ਈਜ਼ ਵਿੱਚ ਪੰਜਾਬ ਸਰਕਾਰ ਦਾ ਨਿਵੇਸ਼, ਰਾਜ ਵਿਧਾਨ ਸਭਾ ਦੀ ਜਾਂਚ ਤੋਂ ਬਾਹਰ ਰਿਹਾ।

# ਅਧਿਆਇ-II

# ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ

# (ਜਨਤਕ ਖੇਤਰ ਦੇ ਅਦਾਰੇ)

# ਅਧਿਆਇ-II

## ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਜਨਤਕ ਖੇਤਰ ਦੇ ਅਦਾਰੇ)

ਰਾਜ ਸਰਕਾਰ ਦੀਆਂ ਕੰਪਨੀਆਂ ਅਤੇ ਅਧਿਨਿਯਮਿਕ ਕਾਰਪੋਰੇਸ਼ਨਾਂ ਦੇ ਲੈਣ ਦੇਣ ਦੀ ਚੋਣਵੀਂ ਜਾਂਚ ਤੋਂ ਨਿਕਲਣ ਵਾਲੇ ਮਹੱਤਵਪੂਰਣ ਲੇਖਾ ਪ੍ਰੀਖਿਆ ਦੇ ਮਾਮਲਿਆਂ ਨੂੰ ਇਸ ਅਧਿਆਇ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ₹ 85.31 ਕਰੋੜ ਦੇ ਵਿੱਤੀ ਪ੍ਰਭਾਵ ਵਾਲੇ 13 ਪੈਰ੍ਹੇ ਸ਼ਾਮਲ ਹਨ।

## ਪਾਵਰ ਵਿਭਾਗ

## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ

### 2.1 ਬਕਾਏ ਦੀ ਨਾ ਵਸੂਲੀ

***ਕੰਪਨੀ ਦੇ ਬਿਜਲੀ ਸਪਲਾਈ ਨਿਰਦੇਸ਼ਾਂ ਦੇ ਮੈਨੂਅਲ ਅਤੇ ਪੀ ਐਸ ਈ ਆਰ ਸੀ (ਬਿਜਲੀ ਸਪਲਾਈ ਕੋਡ ਅਤੇ ਇਸ ਨਾਲ ਸਬੰਧਤ ਮਾਮਲੇ) ਰੈਗੂਲੇਸ਼ਨਜ਼, 2014 ਦੇ ਪ੍ਰਬੰਧਾਂ ਦੀ ਪਾਲਣਾ ਨਾ ਕਰਨ ਦੇ ਨਤੀਜੇ ਵਜੋਂ ₹ 0.83 ਕਰੋੜ ਦੀ ਨਾ ਵਸੂਲੀ ਹੋਈ।***

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ (ਕੰਪਨੀ) ਦੇ ਬਿਜਲੀ ਸਪਲਾਈ ਨਿਰਦੇਸ਼ਾਂ ਦੇ ਮੈਨੂਅਲ (ਈ ਐਸ ਆਈ ਐਮ) ਦੇ ਅਨੁਸਾਰ, ਹਰ ਖਪਤਕਾਰ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ 'ਨਿਯਤ ਤਾਰੀਖ' ਤੱਕ ਆਪਣੇ ਬਕਾਏ ਦੀ ਅਦਾਇਗੀ ਕਰੇਗਾ। ਬਕਾਏ ਦੇਣਦਾਰੀ ਨੂੰ ਅਦਾ ਨਾ ਕਰਨ ਦੀ ਸੂਰਤ ਵਿੱਚ, ਬਿਜਲੀ ਐਕਟ 2003 ਦੀ ਧਾਰਾ-56 ਦੇ ਤਹਿਤ, ਪਰਿਸਰ ਤੇ ਬਿਜਲੀ ਸਪਲਾਈ ਕੁਨੈਕਸ਼ਨ ਨੂੰ ਕੱਟ ਦਿੱਤਾ ਜਾਵੇਗਾ। ਨਾਲ ਹੀ, ਪੀ ਐਸ ਈ ਆਰ ਸੀ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਰੈਗੂਲੇਸ਼ਨਜ਼, 2014 ਦੇ ਨਿਯਮ ਨੰਬਰ 32.1 (ਪੀ ਐਸ ਈ ਆਰ ਸੀ ਰੈਗੂਲੇਸ਼ਨਜ਼, 2014) ਵਿਵਸਥਾ ਕਰਦੇ ਹਨ ਕਿ ਜੇ ਕੋਈ ਖਪਤਕਾਰ ਬਿੱਲ ਵਿੱਚ ਦੱਸੀ ਗਈ ਨਿਯਤ ਮਿਤੀ ਤੱਕ ਕੰਪਨੀ ਕੋਲ ਬਿੱਲ ਦੀ ਰਕਮ ਜਮ੍ਹਾ ਕਰਾਉਣ ਵਿੱਚ ਅਸਫਲ ਰਹਿੰਦਾ ਹੈ, ਤਾਂ ਕੰਪਨੀ ਘੱਟੋ ਘੱਟ ਪੰਦਰ੍ਹਾਂ ਦਿਨਾਂ ਦਾ ਸਪੱਸ਼ਟ ਨੋਟਿਸ ਦੇਣ ਤੋਂ ਬਾਅਦ, ਖਪਤਕਾਰਾਂ ਦੀ ਉਦੋਂ ਤੱਕ ਬਿਜਲੀ ਸਪਲਾਈ ਕੱਟ ਸਕਦੀ ਹੈ ਜਦੋਂ ਤੱਕ ਕਿ ਅਜਿਹੇ ਖਰਚਿਆਂ ਜਾਂ ਹੋਰ ਰਕਮ ਦੇ ਨਾਲ ਕੰਪਨੀ ਦੁਆਰਾ ਸਪਲਾਈ ਨੂੰ ਕੱਟਣ ਅਤੇ ਮੁੜ ਬਹਾਲੀ ਕਰਨ ਲਈ ਕੀਤੇ ਕਿਸੇ ਵੀ ਖਰਚੇ ਦੀ ਅਦਾਇਗੀ ਨਹੀਂ ਕੀਤੀ ਜਾਂਦੀ ਹੈ।

ਕੰਪਨੀ ਨੇ ਇੱਕ ਵੱਡੇ ਸਪਲਾਈ ਖਪਤਕਾਰ[1] ਨੂੰ ਦਸੰਬਰ 2017 ਤੋਂ ਜੁਲਾਈ 2018 ਦੌਰਾਨ ਦਿੱਤੇ ਗਲਤ ਵਾਧੂ ਕ੍ਰੈਡਿਟ[2], ਦੀ ਵਸੂਲੀ ਲਈ ₹ 28.38 ਲੱਖ ਦਾ ਪੂਰਕ ਬਿੱਲ ਪੇਸ਼ (27 ਜੁਲਾਈ 2018) ਕੀਤਾ ਸੀ। ਭੁਗਤਾਨ ਕਰਨ ਦੀ ਬਜਾਏ, ਖਪਤਕਾਰ ਨੇ ਉਪਭੋਗਤਾ

---

1 ਖਾਤਾ ਨੰਬਰ 3003018347 ਜੋ ਯੂਨਿਟ-III ਸਬ ਡਵੀਜ਼ਨ (ਸਾਹਨੇਵਾਲ), ਅਸਟੇਟ (ਵਿਸ਼ੇਸ਼) ਡਵੀਜ਼ਨ, ਡੀ ਐਸ ਸਿਟੀ ਵੈਸਟ ਸਰਕਲ, ਪੀ ਐਸ ਪੀ ਸੀ ਐਲ, ਲੁਧਿਆਣਾ ਦੇ ਅਧੀਨ ਪੈਂਦਾ ਹੈ।

2 ਖਪਤਕਾਰ ਦੁਆਰਾ ਜਮ੍ਹਾਂ ਭੁਗਤਾਨਾਂ ਅਤੇ ਕੰਪਨੀ ਦੁਆਰਾ ਖਪਤਕਾਰ ਦੇ ਖਾਤੇ ਵਿੱਚ ਜਮ੍ਹਾਂ ਕਰਾਈ ਰਕਮ, ਵਿੱਚ ਅੰਤਰ ਦੇ ਕਾਰਨ।

ਸ਼ਿਕਾਇਤਾਂ ਨਿਵਾਰਣ ਫੋਰਮ (ਸੀ ਜੀ ਆਰ ਐਫ) ਨੂੰ ਸੰਪਰਕ ਕੀਤਾ (ਅਗਸਤ 2018), ਜਿਸ ਨੇ ਕੰਪਨੀ ਦੇ ਹੱਕ ਵਿੱਚ ਫੈਸਲਾ ਕੀਤਾ (ਅਕਤੂਬਰ 2018)। ਖਪਤਕਾਰ ਨੇ ਸੀ ਜੀ ਆਰ ਐਫ ਦੇ ਹੁਕਮਾਂ ਦੇ ਵਿਰੁੱਧ, ਪੰਜਾਬ ਦੇ ਲੋਕ ਪਾਲ (ਓਮਬਡਸਮੈਨ), ਬਿਜਲੀ ਦੀ ਅਦਾਲਤ ਵਿੱਚ ਅਪੀਲ ਦਾਇਰ ਕੀਤੀ (ਜਨਵਰੀ 2019) ਸੀ ਜਿਸ ਨੇ ਵੀ ਸੀ ਜੀ ਆਰ ਐਫ ਦੇ ਫੈਸਲੇ ਨੂੰ ਕਾਇਮ ਰੱਖਿਆ (ਅਪ੍ਰੈਲ 2019) ਅਤੇ ਆਦੇਸ਼ ਦਿੱਤਾ ਕਿ ਪਹਿਲਾਂ ਜਮ੍ਹਾਂ 40 *ਪ੍ਰਤੀਸ਼ਤ* ਰਕਮ ਦੀ ਵਿਵਸਥਾ ਤੋਂ ਬਾਅਦ ਬਕਾਇਆ ਰਾਸ਼ੀ ਦੀ ਵਸੂਲੀ, ਮੌਜੂਦਾ ਊਰਜਾ ਬਿੱਲਾਂ ਦੇ ਨਾਲ ਬਾਰ੍ਹਾਂ ਮਾਸਿਕ ਵਿਆਜ ਮੁਕਤ ਕਿਸ਼ਤਾਂ ਵਿੱਚ ਆਉਣ ਵਾਲੇ ਊਰਜਾ ਬਿੱਲਾਂ ਦੇ ਜ਼ਰੀਏ ਕੀਤੀ ਜਾਵੇਗੀ।

ਖਪਤਕਾਰ, ਹਾਲਾਂਕਿ, ਓਮਬਡਸਮੈਨ ਦੇ ਫੈਸਲੇ ਅਨੁਸਾਰ ਇਹ ਰਾਸ਼ੀ ਜਮ੍ਹਾਂ ਕਰਵਾਉਣ ਵਿੱਚ ਅਸਫਲ ਰਿਹਾ ਅਤੇ ਜੂਨ 2019 ਤੋਂ ਅੱਗੇ ਬਿਜਲੀ ਸਪਲਾਈ ਦੇ ਬਕਾਏ ਦੀ ਅਦਾਇਗੀ ਵਿੱਚ ਅਸਫਲ ਰਿਹਾ। ਹਾਲਾਂਕਿ, ਖਪਤਕਾਰ ਦਾ ਕੁਨੈਕਸ਼ਨ ਫੀਲਡ ਸਟਾਫ ਦੁਆਰਾ 25 ਸਤੰਬਰ 2019 ਨੂੰ ਕੱਟ ਦਿੱਤਾ ਗਿਆ ਸੀ। ਅਕਤੂਬਰ 2019 ਤੱਕ, ਖਪਤਕਾਰ ਦੀ ਬਕਾਇਆ ਅਦਾਇਗੀ ₹ 1.01 ਕਰੋੜ ਹੋ ਗਈ ਸੀ। ਕੰਪਨੀ ਦੇ ਕੋਲ ਪਈ ਹੋਈ ਖਪਤਕਾਰ ਦੀ ਪੇਸ਼ਗੀ ਖਪਤ ਜਮ੍ਹਾਂ[3] (ਏ ਸੀ ਡੀ) ਅਤੇ ਏ ਸੀ ਡੀ ਤੇ ਭੁਗਤਾਨ ਯੋਗ ਵਿਆਜ ਦੇ ਸਮਾਯੋਜਨ ਕਰਨ ਤੋਂ ਬਾਅਦ, ਨਾ ਵਸੂਲੀ ਕੀਤੀ ਗਈ ਕੁੱਲ ਰਾਸ਼ੀ ₹ 83.11 ਲੱਖ ਹੋ ਗਈ ਸੀ (ਅਗਸਤ 2020)।

ਲੇਖਾ ਪ੍ਰੀਖਿਆ ਨੇ ਦੇਖਿਆ –

- ਕੰਪਨੀ ਦੇ ਕੋਲ ਪਈ ਹੋਈ ਖਪਤਕਾਰ ਦੀ ਏ ਸੀ ਡੀ ਨਾਕਾਫੀ ਸੀ। ਕੰਪਨੀ ਨੇ ਪੀ ਐਸ ਈ ਆਰ ਸੀ ਦੀਆਂ ਹਦਾਇਤਾਂ[4] ਅਨੁਸਾਰ ਏ ਸੀ ਡੀ ਦੀ ਸਮੀਖਿਆ ਨਹੀਂ ਕੀਤੀ। ਖਪਤਕਾਰ ਦੇ ਏ ਸੀ ਡੀ ਦੀ ਆਖਰੀ ਸਮੀਖਿਆ ਮਈ 2010 ਵਿੱਚ ਕੀਤੀ ਗਈ ਸੀ। ਖਪਤਕਾਰਾਂ ਦੀ ਖਪਤ ਦੇ ਅਧਾਰ ਤੇ, ਵਾਧੂ ਪੇਸ਼ਗੀ ਖਪਤ ਜਮ੍ਹਾਂ ਦੀ ਗਣਨਾ ₹ 76.82 ਲੱਖ ਕੀਤੀ ਗਈ ਸੀ, ਜਿਸ ਦੇ ਵਿਰੁੱਧ, ਅਸਲ ਏ ਸੀ ਡੀ ਸਿਰਫ ₹ 29.41 ਲੱਖ ਜਮ੍ਹਾਂ ਪਈ ਸੀ। ਹਾਲਾਂਕਿ, ₹ 29.41 ਲੱਖ ਦੀ ਬਜਾਏ ₹ 44.71 ਲੱਖ ਦੀ ਏ ਸੀ ਡੀ ਦਾ ਵਧਾਇਆ ਹੋਇਆ ਅੰਕੜਾ ਗਲਤ ਢੰਗ ਨਾਲ ਖਪਤਕਾਰ ਦੇ ਬਿੱਲਾਂ/ਐਸ ਏ ਪੀ ਰਿਕਾਰਡ ਵਿੱਚ ਦਰਸਾਇਆ ਗਿਆ ਸੀ।
- ਓਮਬਡਸਮੈਨ ਨੇ 25 ਅਪ੍ਰੈਲ 2019 ਨੂੰ ਗਲਤ ਵਾਧੂ ਏ ਸੀ ਡੀ ਕ੍ਰੈਡਿਟ ਦੀ ਵਸੂਲੀ ਲਈ ਆਦੇਸ਼ ਦਿੱਤੇ ਪਰ ਖਪਤਕਾਰ ਨੇ ਬਕਾਏ ਦੀ ਅਦਾਇਗੀ ਨਹੀਂ ਕੀਤੀ। ਜੂਨ 2019 ਤੋਂ ਬਿਜਲੀ ਸਪਲਾਈ ਦੇ ਬਕਾਏ ਦੀ ਅਦਾਇਗੀ ਵਿੱਚ ਕੋਤਾਹੀ ਹੋਣ ਦੇ ਬਾਵਜੂਦ, ਈ ਐਸ ਆਈ ਐਮ ਅਤੇ ਪੀ ਐਸ ਈ ਆਰ ਸੀ ਰੈਗੂਲੇਸ਼ਨ, 2014 ਦੀ ਉਲੰਘਣਾ ਕਰਦਿਆਂ 25

---

[3] ₹ 29.41 ਲੱਖ।

[4] ਪੀ ਐਸ ਈ ਆਰ ਸੀ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) ਨਿਯਮਾਂ, 2014 ਦੇ ਨਿਯਮ 16.1 ਦੇ ਅਨੁਸਾਰ, ਸਾਰੇ ਵੱਡੇ ਸਪਲਾਈ ਕਰਨ ਵਾਲੇ ਖਪਤਕਾਰਾਂ ਨੂੰ ਢੇਡ ਮਹੀਨੇ ਲਈ ਖਪਤ ਖਰਚੇ (ਭਾਵ ਸਥਿਰ ਅਤੇ ਪਰਿਵਰਤਨਸ਼ੀਲ ਖਰਚੇ ਜੋ ਲਾਗੂ ਹੋਣ) ਦੇ ਬਰਾਬਰ ਦੀ ਰਾਸ਼ੀ ਬਿਜਲੀ ਸਪਲਾਈ ਲਈ ਸਮਝੌਤੇ ਦੀ ਮਿਆਦ ਦੇ ਦੌਰਾਨ, ਕੰਪਨੀ ਕੋਲ ਰੱਖਣੀ ਪੈਂਦੀ ਹੈ। ਇਸ ਤੋਂ ਇਲਾਵਾ, ਰੈਗੂਲੇਸ਼ਨ 16.4 ਪਿਛਲੇ ਸਾਲ ਦੇ ਅਪ੍ਰੈਲ ਤੋਂ ਮਾਰਚ ਦੇ ਬਾਰ੍ਹਾਂ ਮਹੀਨਿਆਂ ਦੀ ਔਸਤਨ ਮਾਸਿਕ ਖਪਤ ਦੇ ਅਧਾਰ ਤੇ, ਅਜਿਹੀ ਸੁਰੱਖਿਆ ਜਮ੍ਹਾਂ ਰਾਸ਼ੀ ਦੀ ਪੂਰਤੀ ਦੀ ਸਾਲਾਨਾ ਸਮੀਖਿਆ ਦੀ ਵਿਵਸਥਾ ਕਰਦੀ ਹੈ।

ਸਤੰਬਰ, 2019 ਨੂੰ (ਤਿੰਨ[5] ਮਹੀਨਿਆਂ ਬਾਅਦ) ਫੀਲਡ ਸਟਾਫ ਦੁਆਰਾ ਖਪਤਕਾਰ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ ਸੀ।

- ਬਿਜਲੀ ਸਪਲਾਈ ਦੇ ਕੁਨੈਕਸ਼ਨ ਨੂੰ ਸਥਾਈ ਕੱਟਣ ਦੀ ਮਿੱਤੀ ਤੋਂ 12 ਮਹੀਨਿਆਂ ਦੇ ਲੰਘ ਜਾਣ ਦੇ ਬਾਅਦ ਖਪਤਕਾਰ ਵਿਰੁੱਧ ਬਿਜਲੀ ਸਪਲਾਈ ਦੇ ਬਕਾਏ ਦੀ ਵਸੂਲੀ ਲਈ ਕਾਨੂੰਨੀ ਮਾਮਲਾ ਦਾਇਰ ਕੀਤਾ ਗਿਆ ਸੀ (ਅਕਤੂਬਰ 2020)।

ਇਸ ਤਰ੍ਹਾਂ, ਕੁਤਾਹੀਕਾਰ ਖਪਤਕਾਰ ਦੀ ਬਿਜਲੀ ਸਪਲਾਈ ਦਾ ਕੁਨੈਕਸ਼ਨ ਕੱਟਣ ਅਤੇ ਏ ਸੀ ਡੀ ਦੇ ਯੋਗ ਬਕਾਏ ਨੂੰ ਨਾ ਬਣਾਏ ਰੱਖਣ ਸੰਬੰਧੀ ਈ ਐਸ ਆਈ ਐਮ ਅਤੇ ਪੀ ਐਸ ਈ ਆਰ ਸੀ ਨਿਯਮਾਂ, 2014 ਦੇ ਪ੍ਰਬੰਧਾਂ ਦੀ ਪਾਲਣਾ ਨਾ ਕਰਨ ਦੇ ਨਤੀਜੇ ਵਜੋਂ ₹ 0.83 ਕਰੋੜ ਦੀ ਵਸੂਲੀ ਨਹੀਂ ਹੋਈ ਜੋ ਕਿ ਕੰਪਨੀ ਨੂੰ ਨੁਕਸਾਨ ਹੈ।

ਰਾਜ ਸਰਕਾਰ/ਪ੍ਰਬੰਧਨ ਨੇ ਲੇਖਾ ਪ੍ਰੀਖਿਆ ਟਿੱਪਣੀ ਸਵੀਕਾਰ ਕਰਦੇ ਹੋਏ ਕਿਹਾ (ਫਰਵਰੀ 2021/ਅਪ੍ਰੈਲ 2021) ਕਿ ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ ਅਤੇ ਵਸੂਲੀ ਮੁਕੱਦਮਾ ਦਾਇਰ ਕੀਤਾ ਗਿਆ ਹੈ (ਅਕਤੂਬਰ 2020)। ਹਾਲਾਂਕਿ, ਤੱਥ ਇਹ ਹੈ ਕਿ ਕੰਪਨੀ ਵਿੱਚ ਨਿਯੰਤਰਣ ਦੀਆਂ ਕਮਜ਼ੋਰੀਆਂ ਸਨ ਜਿਸ ਕਾਰਨ ਗਲਤ ਵਾਧੂ ਕ੍ਰੈਡਿਟ ਅਤੇ ਖਪਤਕਾਰ ਦੀ ਏ ਸੀ ਡੀ ਨੂੰ ਅਪਡੇਟ ਨਾ ਕਰਨ ਕਾਰਨ ₹ 0.83 ਕਰੋੜ ਦੀ ਵਸੂਲੀ ਨਹੀਂ ਹੋਈ।

**ਕੰਪਨੀ ਮਾਮਲੇ ਦੀ ਜਾਂਚ ਨੂੰ ਅੰਤਿਮ ਰੂਪ ਦੇਵੇ ਅਤੇ ਡਿਫਾਲਟਰ ਕਰਮਚਾਰੀਆਂ ਦੀ ਜ਼ਿੰਮੇਵਾਰੀ ਤੈਅ ਕਰੇ ਜਿਨ੍ਹਾਂ ਨੇ ਏ ਸੀ ਡੀ ਦੀ ਅਸਲ ਪ੍ਰਾਪਤੀ ਤੋਂ ਵੱਧ ਰਿਕਾਰਡ ਕੀਤਾ, ਅਤੇ ਅਦਾਲਤ ਦੇ ਆਦੇਸ਼ ਤੋਂ ਬਾਅਦ ਵਸੂਲੀ ਲਈ ਤੁਰੰਤ ਕਾਰਵਾਈ ਕਰਨ ਵਿੱਚ ਅਸਫਲ ਰਹੇ।**

## 2.2 ਕੁਨੈਕਸ਼ਨ ਕੱਟਣ ਵਿੱਚ ਦੇਰੀ

***ਨਿਰੰਤਰ ਕੋਤਾਹੀ ਕਰਨ ਵਾਲੇ ਖਪਤਕਾਰ ਦੇ ਬਿਜਲੀ ਦੀ ਸਪਲਾਈ ਦੇ ਕੁਨੈਕਸ਼ਨ ਨੂੰ ਕੱਟਣ ਵਿੱਚ ਦੇਰੀ ਕਰਕੇ ਅਧਿਨਿਯਮਿਕ ਪ੍ਰਾਵਧਾਨਾਂ ਦੀ ਉਲੰਘਣਾ ਦੇ ਨਤੀਜੇ ਵਜੋਂ ₹ 1.08 ਕਰੋੜ ਰੁਪਏ ਦੇ ਬਕਾਏ ਇਕੱਠੇ ਹੋਏ ਅਤੇ ਨਾ ਵਸੂਲੀ ਹੋਈ।***

ਬਿਜਲੀ ਐਕਟ 2003 ਦੀ ਧਾਰਾ 56 ਸਪਲਾਈ ਕੋਡ 2014[6] ਦੇ ਨਿਯਮ 31 ਅਤੇ 32 ਦੇ ਨਾਲ ਪੜ੍ਹੀ ਗਈ, ਪ੍ਰਾਵਧਾਨ ਕਰਦੀ ਹੈ ਕਿ ਜਿਥੇ ਕੋਈ ਖਪਤਕਾਰ, ਉਸ ਨੂੰ ਬਿਜਲੀ ਦੀ ਸਪਲਾਈ ਜਾਂ ਵੰਡ ਦੇ ਸੰਬੰਧ ਵਿੱਚ ਬਿੱਲ ਦੀ ਰਾਸ਼ੀ ਜਾਂ ਬਿਜਲੀ ਦੇ ਕਿਸੇ ਵੀ ਖਰਚੇ ਦਾ ਭੁਗਤਾਨ ਕਰਨ ਵਿੱਚ ਅਸਫਲ/ਅਣਗਹਿਲੀ ਕਰਦਾ ਹੈ, ਵੰਡ ਲਾਇਸੰਸਧਾਰਕ, ਅਜਿਹੇ ਖਪਤਕਾਰ ਨੂੰ ਲਿਖਤੀ ਰੂਪ ਵਿੱਚ ਘੱਟ ਤੋਂ ਘੱਟ ਪੰਦਰਾਂ ਦਿਨਾਂ ਦਾ ਸਪੱਸ਼ਟ ਨੋਟਿਸ ਦੇਣ ਤੋਂ ਬਾਅਦ ਅਤੇ ਮੁਕੱਦਮੇ ਰਾਹੀਂ ਅਜਿਹੀ

---

[5] 14 ਜੂਨ 2019 (ਅਰਥਾਤ ਪਹਿਲੇ ਡਿਫਾਲਟ ਦੀ ਤਾਰੀਖ) ਤੋਂ 25 ਸਤੰਬਰ 2019 ਤੱਕ।

[6] ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਇਸ ਨਾਲ ਸਬੰਧਤ ਮਾਮਲੇ) ਰੈਗੂਲੇਸ਼ਨਜ਼ 2014।

ਰਕਮ ਵਸੂਲ ਕਰਨ ਦੇ ਉਸ ਦੇ ਅਧਿਕਾਰਾਂ ਪ੍ਰਤੀ ਪੱਖਪਾਤ ਕੀਤੇ ਬਿਨਾਂ, ਬਿਜਲੀ ਦੀ ਸਪਲਾਈ ਬੰਦ ਕਰ ਸਕਦਾ ਹੈ ਜਦੋਂ ਤੱਕ ਅਜਿਹੀ ਰਾਸ਼ੀ ਜਾਂ ਖਰਚਾ, ਕੁਨੈਕਸ਼ਨ ਕੱਟਣ ਅਤੇ ਮੁੜ ਬਹਾਲ ਕਰਨ ਦੇ ਖਰਚੇ ਸਮੇਤ ਦਾ ਭੁਗਤਾਨ ਨਹੀਂ ਕੀਤਾ ਜਾਂਦਾ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ (ਕੰਪਨੀ) ਦਾ ਬਿਜਲੀ ਸਪਲਾਈ ਨਿਰਦੇਸ਼ ਮੈਨੂਅਲ (ਈ ਐਸ ਆਈ ਐਮ) ਇਹ ਵੀ ਵਿਵਸਥਾ ਕਰਦਾ ਹੈ ਕਿ ਹਰੇਕ ਖਪਤਕਾਰ ਤੋਂ ਆਪਣੇ ਬਕਾਏ ਦੀ ਅਦਾਇਗੀ 'ਨਿਰਧਾਰਤ ਤਾਰੀਖ' ਤੱਕ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਅਦਾਇਗੀ ਵਿੱਚ ਅਸਫਲ ਹੋਣ ਦੀ ਸਥਿਤੀ ਵਿੱਚ, ਐਕਟ ਦੇ ਅਧੀਨ ਉਸਦੇ ਅਹਾਤੇ ਵਿੱਚ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ। ਸਪਲਾਈ ਕੋਡ 2014 ਦੇ ਅਨੁਸਾਰ ਨਿਰਧਾਰਤ ਮਿਤੀ ਤੋਂ ਬਾਅਦ ਅਗਲੇ ਦਿਨ ਕੁਨੈਕਸ਼ਨ ਕੱਟਣ ਲਈ ਨੋਟਿਸ ਜਾਰੀ ਕੀਤੇ ਜਾਣੇ ਚਾਹੀਦੇ ਹਨ। ਈ ਐਸ ਆਈ ਐਮ ਇਹ ਵੀ ਵਿਵਸਥਾ ਕਰਦਾ ਹੈ ਕਿ ਸਬੰਧਤ ਵੰਡ ਅਧਿਕਾਰੀ ਮੌਜੂਦਾ ਊਰਜਾ ਬਿਲਾਂ ਦੀ ਅਦਾਇਗੀ ਦੇ ਵਿਰੁੱਧ ਰੋਕ ਜਾਂ ਕਿਸ਼ਤਾ ਦੀ ਆਗਿਆ ਦੇਣ ਦੇ ਯੋਗ ਨਹੀਂ ਹਨ।

ਫਿਰੋਜ਼ਪੁਰ ਸਰਕਲ ਅਧੀਨ ਜਲਾਲਾਬਾਦ ਡਵੀਜ਼ਨ ਦੇ ਘੁਬਾਇਆ ਸਬ-ਡਵੀਜ਼ਨ ਵਿੱਚ ਇਕ ਨਵੇ ਖਪਤਕਾਰ ਨੂੰ 30 ਕਿਲੋਵਾਟ ਦੇ ਮਨਜ਼ੂਰ ਲੋਡ ਨਾਲ ਇਕ ਗੈਰ ਰਿਹਾਇਸ਼ੀ ਸਪਲਾਈ (ਐਨ ਆਰ ਐਸ) ਕੁਨੈਕਸ਼ਨ ਜਾਰੀ ਕੀਤਾ ਗਿਆ (ਅਕਤੂਬਰ 2010) ਸੀ। ਖਪਤਕਾਰ ਨੇ ਊਰਜਾ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਕੋਤਾਹੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਸਤੰਬਰ 2011 ਤੋਂ ਫਰਵਰੀ 2012 ਤੱਕ ਕਿਸੇ ਦੇਯ ਰਾਸ਼ੀ ਦਾ ਭੁਗਤਾਨ ਨਹੀਂ ਕੀਤਾ। ਬਕਾਇਆ ਊਰਜ਼ਾ ਬਿਲਾਂ ਦੀ ਰਾਸ਼ੀ ਇਸ ਸਮੇਂ ₹ 1.54 ਲੱਖ ਇੱਕਠੀ ਹੋ ਗਈ (ਫਰਵਰੀ 2012) ਸੀ। ਖਪਤਕਾਰ ਨੇ ਮਾਰਚ 2012 ਤੋਂ ਜਨਵਰੀ 2014 ਦੇ ਦੌਰਾਨ ਦੇਯ ਊਰਜਾ ਬਿੱਲਾਂ ਦੇ ਵਿਰੁੱਧ ਸਿਰਫ ਅੰਸ਼ਕ ਭੁਗਤਾਨ ਕੀਤਾ ਅਤੇ ਡਿਫਾਲਟਰ ਬਕਾਏ ₹ 4.12 ਲੱਖ ਤੱਕ ਇਕੱਠੇ ਹੋਏ (ਜਨਵਰੀ 2014)। ਖਪਤਕਾਰ ਨੇ ਜਨਵਰੀ 2014 ਤੋਂ ਬਾਅਦ ਭੁਗਤਾਨਯੋਗ ਬਕਾਏ ਜਾਂ ਮਾਸਿਕ ਊਰਜਾ ਬਿਲਾਂ ਦੇ ਵਿਰੱਧ ਕੋਈ ਭੁਗਤਾਨ ਨਹੀਂ ਕੀਤਾ ਪਰ ਸਥਾਈ ਆਦੇਸ਼ਾਂ ਅਨੁਸਾਰ ਖਪਤਕਾਰ ਦੀ ਸਪਲਾਈ ਨੂੰ ਸਥਾਈ ਤੌਰ ਤੇ ਕੱਟਣ ਦੀ ਕੋਈ ਕਾਰਵਾਈ ਕੰਪਨੀ ਦੁਆਰਾ ਨਹੀਂ ਕੀਤੀ ਗਈ। ਭੁਗਤਾਨਯੋਗ ਬਕਾਏ ਇਕੱਠੇ ਹੁੰਦੇ ਰਹੇ ਅਤੇ ਵੱਧ ਕੇ ₹ 1.08 ਕਰੋੜ ਹੋ ਗਏ (ਦਸਬੰਰ 2020) ਜਦੋਂ ਅੰਤ ਵਿੱਚ ਪੱਕੇ ਤੌਰ ਤੇ ਕੁਨੈਕਸ਼ਨ ਕੱਟ ਦਿੱਤਾ ਗਿਆ ਸੀ।

ਕੁਨੈਕਸ਼ਨ ਜਾਰੀ ਹੋਣ ਤੋਂ ਬਾਅਦ ਊਰਜਾ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਨਿਰੰਤਰ ਕੋਤਾਹੀ ਕਰ ਰਹੇ ਖਪਤਕਾਰ ਦੇ ਕੁਨੈਕਸ਼ਨ ਕੱਟਣ ਵਿੱਚ ਲੰਮੀ ਦੇਰੀ ਦੇ ਕਾਰਨ/ਉਚਿਤਤਾ ਰਿਕਾਰਡ ਵਿੱਚ ਨਹੀਂ ਸਨ। ਇਹ ਦਰਸਾਉਂਦਾ ਹੈ ਕਿ ਕੰਪਨੀ ਦੇ ਅਧਿਕਾਰੀ ਕੁਨੈਕਸ਼ਨ ਨੂੰ ਨਾ ਕੱਟ ਕੇ ਅਧਿਨਿਯਮਿਕ ਵਿਵਸਥਾਵਾਂ ਦੀ ਉਲੰਘਣਾ ਵਿੱਚ ਇਸ ਨਿਰੰਤਰ ਕੋਤਾਹੀਕਾਰ ਖਪਤਕਾਰ ਦਾ ਅਣਉਚਿਤ ਪੱਖ ਲੈ ਰਹੇ ਸਨ।

ਕੋਤਾਹੀਕਾਰ ਖਪਤਕਾਰ ਦੇ ਬਿਜਲੀ ਦੀ ਸਪਲਾਈ ਦਾ ਕੁਨੈਕਸ਼ਨ ਕੱਟਣ ਲਈ ਸਮੇਂ ਸਿਰ ਕਾਰਵਾਈ ਨਾ ਕਰਨਾ ਬਿਜਲੀ ਐਕਟ 2003, ਸਪਲਾਈ ਕੋਡ 2014 ਅਤੇ ਕੰਪਨੀ ਦੇ ਈ ਐਸ ਆਈ ਐਮ ਦੀ ਉਲੰਘਣਾਂ ਸੀ ਜਿਸ ਦੇ ਨਤੀਜੇ ਵੱਜੋਂ ₹ 1.08 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਇਕੱਠੀ

ਹੋਈ। ਵਸੂਲੀ ਦੀਆਂ ਸੰਭਾਵਨਾਵਾਂ ਬਹੁਤ ਘੱਟ ਹਨ ਕਿਉਂਕਿ ਖਪਤਕਾਰ ਦਾ ਕੁਨੈਕਸ਼ਨ ਪਹਿਲਾਂ ਹੀ ਪੱਕੇ ਤੌਰ ਤੇ ਕੱਟ ਦਿੱਤਾ ਗਿਆ ਹੈ।

ਮੈਨੇਜਮੈਂਟ ਨੇ ਦੱਸਿਆ (ਸਤੰਬਰ 2021) ਕਿ ਕੋਤਾਹੀ ਵਾਲੀ ਰਾਸ਼ੀ ਨੂੰ ਵਸੂਲਣ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਖਪਤਕਾਰ ਨੇ ਰਾਸ਼ੀ ਜਮ੍ਹਾਂ ਨਹੀ ਕਰਵਾਈ। ਖਪਤਕਾਰ ਦਾ ਕੁਨੈਕਸ਼ਨ ਦਸਬੰਰ 2020 ਵਿੱਚ ਪੱਕੇ ਤੌਰ ਤੇ ਕੱਟ ਦਿੱਤਾ ਗਿਆ ਸੀ ਅਤੇ ਕੋਤਾਹੀ ਵਾਲੀ ਰਾਸ਼ੀ ਨੂੰ ਵਸੂਲਣ ਲਈ ਜ਼ੁਡੀਸ਼ੀਅਲ ਕੋਰਟ, ਜਲਾਲਾਬਾਦ ਵਿੱਚ ਵਸੂਲੀ ਮਾਮਲਾ ਫਾਇਲ ਕਰ ਦਿੱਤਾ ਗਿਆ ਹੈ।

ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ (ਅਪ੍ਰੈਲ 2021); ਉਨ੍ਹਾਂ ਦੇ ਜਵਾਬ ਦੀ ਉਡੀਕ ਸੀ (ਸਤੰਬਰ 2021)।

**ਕੰਪਨੀ ਨੂੰ ਆਪਣੇ ਵਿੱਤੀ ਹਿੱਤਾਂ ਦੀ ਰਾਖੀ ਲਈ ਆਪਣੇ ਮੌਜੂਦਾ ਨਿਯਮਾਂ ਨੂੰ ਉਨ੍ਹਾਂ ਖਪਤਕਾਰਾਂ ਦੇ ਵਿਰੁੱਧ ਲਾਗੂ ਕਰਨਾ ਚਾਹੀਦਾ ਹੈ ਜੋ ਆਪਣੇ ਬਕਾਇਆ ਊਰਜਾ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦੇ ਹਨ ।**

## 2.3 ਅਨਿਯਮਤ ਟੈਰਿਫ ਰਿਆਇਤ

***ਕੰਪਨੀ ਨੇ ਰਾਜ ਸਰਕਾਰ ਦੇ ਰਸਮੀ ਆਦੇਸ਼ਾਂ ਤੋਂ ਬਗੈਰ ਮਸ਼ਰੂਮ ਦੀ ਖੇਤੀ ਕਰਨ ਵਾਲੇ ਖਪਤਕਾਰਾਂ ਨੂੰ ₹ 1.21 ਕਰੋੜ ਦੀ ਟੈਰਿਫ ਰਿਆਇਤ ਪ੍ਰਦਾਨ ਕੀਤੀ ਜਿਸ ਦੇ ਨਤੀਜੇ ਵਜੋਂ ਦਿੱਤੀ ਗਈ ਟੈਰਿਫ ਰਿਆਇਤ ਦੀ ਵਸੂਲੀ ਨਹੀਂ ਹੋਈ।***

ਬਿਜਲੀ ਐਕਟ, 2003 (ਐਕਟ) ਦੀ ਧਾਰਾ 65 ਵਿੱਚ ਵਿਵਸਥਾਵਾਂ ਹਨ ਜੋ ਰਾਜ ਸਰਕਾਰਾਂ ਦੁਆਰਾ ਖਪਤਕਾਰਾਂ ਨੂੰ ਉਨ੍ਹਾਂ ਦੇ ਬਿਜਲੀ ਦਰਾਂ ਵਿੱਚ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੁਆਰਾ ਨਿਰਧਾਰਤ ਰਿਆਇਤ ਦੀ ਵਿਵਸਥਾ ਕਰਨ ਦੇ ਯੋਗ ਬਣਾਉਂਦੀਆਂ ਹਨ। ਉਕਤ ਧਾਰਾ ਵਿਵਸਥਾ ਕਰਦੀ ਹੈ ਕਿ ਜੇ ਰਾਜ ਸਰਕਾਰ ਕਿਸੇ ਵੀ ਵਰਗ ਦੇ ਖਪਤਕਾਰਾਂ ਨੂੰ ਰਿਆਇਤ ਦੇਣਾ ਚਾਹੁੰਦੀ ਹੈ, ਤਾਂ ਉਸ ਨੂੰ ਰਿਆਇਤ ਦੀ ਰਾਸ਼ੀ ਦਾ ਭੁਗਤਾਨ ਸਬੰਧਤ ਬਿਜਲੀ ਵੰਡ ਸੰਸਥਾ ਨੂੰ ਪੇਸ਼ਗੀ ਕਰਨਾ ਪਵੇਗਾ ਅਤੇ ਇਸ ਢੰਗ ਨਾਲ ਜਿਵੇਂ ਕਿ ਰਾਜ ਬਿਜਲੀ ਰੈਗੂਲੈਟਰੀ ਕਮਿਸ਼ਨ ਦੁਆਰਾ ਨਿਰਦੇਸ਼ਤ ਕੀਤਾ ਗਿਆ ਹੈ। ਇਸ ਤੋਂ ਅੱਗੇ, ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਾਰੋਬਾਰ ਦਾ ਸੰਚਾਲਨ) ਰੈਗੂਲੇਸ਼ਨਜ਼, 2005 ਦੇ ਨਿਯਮ 53 ਅਨੁਸਾਰ ਰਾਜ ਸਰਕਾਰ ਤੋਂ ਰਿਆਇਤ ਦੇਣ ਦੀ ਤਜਵੀਜ਼ ਮਿਲਣ ਤੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਪੀ ਐਸ ਈ ਆਰ ਸੀ) ਰਿਆਇਤ ਵਜੋਂ ਅਦਾ ਕੀਤੀ ਜਾਣ ਵਾਲੀ ਰਾਸ਼ੀ ਨਿਰਧਾਰਤ ਕਰੇਗਾ ਅਤੇ ਰਿਆਇਤ ਦੀ ਰਾਸ਼ੀ ਦੀ ਅਦਾਇਗੀ ਦੇ ਢੰਗਾਂ ਸਮੇਤ ਅਜਿਹੇ ਭੁਗਤਾਨ ਦੀਆਂ ਸ਼ਰਤਾਂ ਅਤੇ ਨਿਯਮ ਨੂੰ ਨਿਰਧਾਰਤ ਕਰੇਗਾ।

ਪੰਜਾਬ ਸਰਕਾਰ (ਜੀ ਓ ਪੀ) ਨੇ ਫੈਸਲਾ ਕੀਤਾ (24 ਜੂਨ 2015) ਹੈ ਕਿ ਮਸ਼ਰੂਮ ਦੀ ਖੇਤੀ ਕਰਨ ਵਾਲੇ ਖਪਤਕਾਰਾਂ ਨੂੰ ਉਦਯੋਗਿਕ ਟੈਰਿਫ ਦੀ ਬਜਾਏ ਖੇਤੀਬਾੜੀ ਪੰਪਸੈੱਟ (ਏ ਪੀ) ਸਪਲਾਈ ਵਾਲੇ ਖਪਤਕਾਰਾਂ ਤੇ ਲਾਗੂ ਹੋਣ ਵਾਲੇ ਟੈਰਿਫ ਦਰਾਂ ਦੇ ਸਮਾਨ ਬਿੱਲ ਕੀਤਾ ਜਾਵੇਗਾ। ਡਾਇਰੈਕਟਰ (ਬਾਗਬਾਨੀ), ਪੰਜਾਬ ਸਰਕਾਰ ਨੇ ਕੰਪਨੀ ਨੂੰ ਜੀ ਓ ਪੀ ਦਾ ਫੈਸਲਾ ਦੱਸਿਆ (30 ਜੁਲਾਈ 2015)

ਅਤੇ ਇਸ ਸਬੰਧੀ ਐਕਸ਼ਨ ਟੇਕਨ ਰਿਪੋਰਟ ਮੰਗੀ। ਇਨ੍ਹਾਂ ਦਿਸ਼ਾ ਨਿਰਦੇਸ਼ਾਂ ਨੂੰ ਪੂਰਾ ਕਰਨ ਲਈ, ਕੰਪਨੀ ਨੇ ਜੀ ਓ ਪੀ ਨੂੰ ਟੈਰਿਫ ਮੁਆਵਜ਼ਾ[7] ਦੇਣ ਬਾਰੇ ਜੀ ਓ ਪੀ ਦੀ ਵਚਨਬੱਧਤਾ/ਪ੍ਰਵਾਨਗੀ ਦੀ ਪੁਸ਼ਟੀ ਕਰਨ ਲਈ ਬੇਨਤੀ ਕੀਤੀ (10 ਨਵੰਬਰ 2015) ਤਾਂ ਜੋ ਮਸ਼ਰੂਮ ਦੀ ਖੇਤੀ ਕਰਨ ਵਾਲੇ ਖਪਤਕਾਰਾਂ ਨੂੰ ਉਦਯੋਗਿਕ ਦਰਾਂ ਦੀ ਬਜਾਏ ਮੀਟਰਡ ਏ ਪੀ ਦਰਾਂ ਦੇ ਅਧੀਨ ਲਿਆਇਆ ਜਾ ਸਕੇ। ਕੰਪਨੀ ਨੇ ਐਪਰ, ਜੀ ਓ ਪੀ ਦੇ ਨਿਰਦੇਸ਼ਾਂ (8 ਫਰਵਰੀ 2016) ਤੇ ਅਤੇ ਉਦਯੋਗਿਕ ਟੈਰਿਫ ਅਤੇ ਹੇਠਲੇ ਏ ਪੀ ਮੀਟਰਡ ਟੈਰਿਫ ਦੇ ਵਿੱਚ ਅੰਤਰ ਨੂੰ ਸਹਿਣ ਕਰਨ ਲਈ ਬਿਨਾਂ ਕਿਸੇ ਰਸਮੀ ਯੋਗ ਆਦੇਸ਼ਾਂ ਜਾਂ ਸਰਕਾਰ ਵਲੋਂ ਕਿਸੇ ਵੀ ਵਚਨਬੱਧਤਾ ਦੀ ਉਡੀਕ ਕੀਤੇ, ਇੱਕ ਵਪਾਰਕ ਸਰਕੂਲਰ ਆਪਣੇ ਦਫਤਰਾਂ ਨੂੰ ਜਾਰੀ (9 ਫਰਵਰੀ 2016) ਕਰਦੇ ਹੋਏ ਨਿਰਦੇਸ਼ ਦਿੱਤਾ ਕਿ ਮਸ਼ਰੂਮ ਦੀ ਖੇਤੀ ਕਰਨ ਵਾਲੇ ਖਪਤਕਾਰਾਂ ਨੂੰ ਏ ਪੀ ਮੀਟਰ ਵਾਲੇ ਟੈਰਿਫ ਦੀ ਸ਼੍ਰੇਣੀ ਅਧੀਨ ਬਿੱਲ ਕੀਤਾ ਜਾਵੇ।

ਕੰਪਨੀ ਨੇ ਮਸ਼ਰੂਮ ਫਾਰਮਿੰਗ ਕੁਨੈਕਸ਼ਨਾਂ ਤੋਂ ਏ ਪੀ ਮੀਟਰ ਟੈਰਿਫ ਵਸੂਲਣ ਦੀ ਸਾਲਾਨਾ ਵਿੱਤੀ ਜ਼ਿੰਮੇਵਾਰੀ ਦੀ ਗਣਨਾ ਕੀਤੀ ਅਤੇ ਪੀ ਐਸ ਈ ਆਰ ਸੀ ਦੇ ਸਾਹਮਣੇ ਇੱਕ ਪਟੀਸ਼ਨ ਦਾਇਰ (ਸਤੰਬਰ 2016) ਕੀਤੀ, ਜਿਸ ਵਿੱਚ ਮਸ਼ਰੂਮ ਦੀ ਖੇਤੀ ਕਰਨ ਵਾਲੇ ਖਪਤਕਾਰਾਂ ਤੋਂ ਏ ਪੀ ਮੀਟਰਡ ਟੈਰਿਫ ਵਸੂਲ ਕਰਨ ਤੇ ਵਿਚਾਰ ਕਰਨ ਲਈ ਕਿਹਾ ਬਸ਼ਰਤੇ ਜੀ ਓ ਪੀ ਟੈਰਿਫ ਦੀਆਂ ਦਰਾਂ ਵਿੱਚ ਅੰਤਰ ਕਾਰਨ ਨੁਕਸਾਨ ਦੇ ਮੁਆਵਜ਼ੇ ਲਈ ਰਿਆਇਤ ਦੀ ਅਦਾਇਗੀ ਕਰੇ।

ਇਸ ਤੋਂ ਬਾਅਦ, ਜੀ ਓ ਪੀ ਤੋਂ ਰਸਮੀ ਆਦੇਸ਼ਾਂ ਨੂੰ ਪ੍ਰਾਪਤ ਨਾ ਕਰਨ ਅਤੇ ਰਿਆਇਤ ਦੇ ਵਧੇ ਬੋਝ, ਜੋ ਕਿ ₹ 1.21 ਕਰੋੜ[8] ਹੋ ਗਿਆ ਸੀ, ਕੰਪਨੀ ਨੇ ਫਰਵਰੀ 2016 ਦੀਆਂ ਹਦਾਇਤਾਂ ਤੇ ਰੋਕ ਲਗਾਉਣ ਅਤੇ ਮਸ਼ਰੂਮ ਦੇ ਖੇਤੀਬਾੜੀ ਖਪਤਕਾਰਾਂ ਦੀ ਬਿਲਿੰਗ ਨੂੰ ਉਦਯੋਗਿਕ ਟੈਰਿਫ ਦੇ ਅਨੁਸਾਰ ਕਰਨ ਦਾ ਫੈਸਲਾ ਕੀਤਾ (18 ਅਪ੍ਰੈਲ 2017)। ਪੀ ਐਸ ਈ ਆਰ ਸੀ ਨੇ ਵੀ ਕੰਪਨੀ ਦੀ ਪਟੀਸ਼ਨ (ਸਤੰਬਰ 2016) ਨੂੰ ਇਹ ਕਹਿ ਕਿ ਖਾਰਜ ਕਰ ਦਿੱਤਾ (ਨਵੰਬਰ 2017) ਕਿ ਕੰਪਨੀ ਨੇ ਇਸ ਦੀ ਮਨਜ਼ੂਰੀ ਲਏ ਬਿਨ੍ਹਾਂ 9 ਫਰਵਰੀ 2016 ਦਾ ਵਪਾਰਕ ਸਰਕੂਲਰ ਜਾਰੀ ਕੀਤਾ ਸੀ ਅਤੇ ਜੀ ਓ ਪੀ ਨੇ ਮਸ਼ਰੂਮ ਖੇਤੀਬਾੜੀ ਖਪਤਕਾਰਾਂ ਦੇ ਖਾਸ ਵਰਗ ਨੂੰ ਰਿਆਇਤ ਦੇਣ ਲਈ ਪੀ ਐਸ ਈ ਆਰ ਸੀ ਨਾਲ ਕੋਈ ਪੱਤਰ ਵਿਵਹਾਰ ਨਹੀਂ ਕੀਤਾ ਸੀ ਅਤੇ ਦੇਣਯੋਗ ਰਿਆਇਤ ਨੂੰ ਸਹਿਣ ਕਰਨ ਲਈ ਆਪਣੀ ਵਚਨਬੱਧਤਾ ਨੂੰ ਜਾਹਿਰ ਨਹੀਂ ਕੀਤਾ ਸੀ। ਕੰਪਨੀ ਨੇ ਦਿੱਤੀ ਗਈ ਰਿਆਇਤ (ਫਰਵਰੀ 2016) ਨੂੰ ਵਾਪਸ ਲੈਣ ਦਾ ਅਤੇ ਲਾਭ ਪ੍ਰਾਪਤ ਕਰ ਚੁੱਕੇ ਖਪਤਕਾਰਾਂ ਪਾਸੋਂ ਪਹਿਲਾਂ ਦਿੱਤੀ ਗਈ ਰਿਆਇਤ ਨੂੰ ਵਸੂਲਣ ਦਾ ਫੈਸਲਾ ਕੀਤਾ (ਜਨਵਰੀ 2018)।

ਹਾਲਾਂਕਿ, ਮਸ਼ਰੂਮ ਦੀ ਖੇਤੀ ਕਰਨ ਵਾਲੇ ਵੱਖ-ਵੱਖ ਖਪਤਕਾਰਾਂ ਨੇ ਦਿੱਤੀ ਗਈ ਰਿਆਇਤ ਦੀ ਵਸੂਲੀ ਤੋਂ ਅਸੰਤੁਸ਼ਟ ਹੋ ਕੇ, ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਕੋਲ ਪਹੁੰਚ (2018) ਕੀਤੀ ਜਿਸਨੇ ਕੰਪਨੀ ਦੇ ਟੈਰਿਫ ਵਿੱਚ ਪਹਿਲਾਂ ਮਨਜ਼ੂਰ ਕੀਤੀ ਰਿਆਇਤ ਦੀ ਵਸੂਲੀ ਦੇ ਫੈਸਲੇ (ਸਤੰਬਰ 2019) ਨੂੰ ਰੱਦ ਕਰ ਦਿੱਤਾ। ਕਨੂੰਨੀ ਰਾਏ (ਮਈ 2020) ਦੇ ਅਧਾਰ ਤੇ, ਕੰਪਨੀ ਨੇ ਇਸ ਫੈਸਲੇ ਦੇ ਵਿਰੁੱਧ ਹੋਰ ਅਪੀਲ ਦਾਇਰ ਨਾ ਕਰਨ ਦਾ ਫੈਸਲਾ ਲਿਆ (ਜੂਨ 2020)।

---

7 ਉਦਯੋਗਿਕ ਅਤੇ ਏ ਪੀ ਮੀਟਰ ਖਪਤਕਾਰਾਂ ਦੇ ਟੈਰਿਫ ਦੇ ਅੰਤਰ ਦੇ ਕਾਰਨ।

8 9 ਫਰਵਰੀ 2016 ਤੋਂ 18 ਅਪ੍ਰੈਲ 2017 ਤੱਕ ਦੀ ਮਿਆਦ ਲਈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਕੰਪਨੀ ਦੁਆਰਾ ਰਾਜ ਸਰਕਾਰ ਦੇ ਕਿਸੇ ਰਸਮੀ ਆਦੇਸ਼ਾਂ/ਪ੍ਰਵਾਨਗੀ/ਵਚਨਬੱਧਤਾ ਦੇ ਬਿਨਾਂ, ਮਸ਼ਰੂਮ ਦੇ ਖੇਤੀਬਾੜੀ ਖਪਤਕਾਰਾਂ ਨੂੰ ਉਦਯੋਗਿਕ ਟੈਰਿਫ ਦੀ ਬਜਾਏ ਏ ਪੀ ਮੀਟਰ ਟੈਰਿਫ ਦੇ ਤਹਿਤ ਬਿਲ ਦੇਣ ਦਾ ਫੈਸਲਾ, ਬਿਜਲੀ ਐਕਟ, 2003 ਦੀਆਂ ਧਾਰਾਵਾਂ ਦੀ ਉਲੰਘਣਾ ਸੀ। ਇਸ ਦੇ ਨਤੀਜੇ ਵਜੋਂ ਮਸ਼ਰੂਮ ਦੇ ਖਤੀਬਾੜੀ ਖਪਤਕਾਰਾਂ ਨੂੰ ₹ 1.21 ਕਰੋੜ ਦੀ ਅਨਿਯਮਿਤ ਟੈਰਿਫ ਰਿਆਇਤ ਦਿੱਤੀ ਗਈ ਅਤੇ ਇਸਦੀ ਵਸੂਲੀ ਨਹੀਂ ਹੋਈ।

ਮੈਨੇਜਮੈਂਟ ਨੇ ਕਿਹਾ (ਮਈ 2021) ਕਿ ਮਸ਼ਰੂਮ ਦੀ ਖੇਤੀਬਾੜੀ ਕਰਨ ਵਾਲੇ ਖਪਤਕਾਰਾਂ ਤੋਂ ਘੱਟ ਟੈਰਿਫ ਵਸੂਲਣ ਦੇ ਬਦਲੇ ਕੰਪਨੀ ਨੂੰ ਮੁਆਵਜ਼ਾ ਦੇਣ ਲਈ, ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ (ਦਸੰਬਰ 2020)। ਤੱਥ ਇਹ ਹੈ ਕਿ ਬਿਜਲੀ ਐਕਟ, 2003 ਦੀ ਉਲੰਘਣਾ ਹੋਈ ਅਤੇ ਇਸ ਤੋਂ ਇਲਾਵਾ ਬਕਾਏ ਦੀ ਵਸੂਲੀ ਅਜੇ ਬਾਕੀ ਹੈ।

ਇਹ ਮਾਮਲਾ ਰਾਜ ਸਰਕਾਰ ਵੱਲ ਭੇਜਿਆ ਗਿਆ (ਸਤੰਬਰ 2020) ਸੀ; ਉਨ੍ਹਾਂ ਦਾ ਜਵਾਬ (ਜੁਲਾਈ 2021) ਲੇਖਾ ਪ੍ਰੀਖਿਆ ਟਿੱਪਣੀ ਤੇ ਸਰਕਾਰ ਦੁਆਰਾ ਕੀਤੀ ਗਈ ਕੋਈ ਕਾਰਵਾਈ ਦਾ ਸੰਕੇਤ ਨਹੀਂ ਦਿੰਦਾ।

**ਕੰਪਨੀ ਨੂੰ ਆਪਣੇ ਵਿੱਤੀ ਹਿੱਤਾਂ ਦੀ ਰਾਖੀ ਲਈ ਕਿਸੇ ਵੀ ਸ਼੍ਰੇਣੀ ਦੇ ਖਪਤਕਾਰਾਂ ਨੂੰ ਉਚਿਤ ਪ੍ਰਕਿਰਿਆਵਾਂ ਦੀ ਪਾਲਣਾ ਕਰਨ ਅਤੇ ਰਾਜ ਸਰਕਾਰ ਦੁਆਰਾ ਯੋਗ ਆਦੇਸ਼ ਜਾਰੀ ਹੋਣ ਤੋਂ ਬਾਅਦ ਹੀ ਰਿਆਇਤ ਵਾਲੀ ਬਿਜਲੀ ਮੁਹੱਈਆ ਕਰਵਾਉਣੀ ਚਾਹੀਦੀ ਹੈ।**

## 2.4 ਕੇਬਲ ਆਪਰੇਟਰ ਤੋਂ ਖੰਭੇ ਦੇ ਕਿਰਾਏ ਲਾਗਤਾਂ ਦੀ ਨਾ ਵਸੂਲੀ

***ਕੇਬਲ ਟੀ ਵੀ ਆਪਰੇਟਰ ਦੁਆਰਾ ਬਿਜਲੀ ਖੰਭਿਆਂ ਦੀ ਵਰਤੋਂ ਦੀ ਤਸਦੀਕ ਕਰਨ ਵਿਚ ਦੇਰੀ ਦੇ ਨਾਲ ਉਚਿਤ ਮੰਗ ਨੂੰ ਚੱਕਣ ਵਿੱਚ ਦੇਰੀ ਹੋਈ ਅਤੇ ਜੁਰਮਾਨੇ ਅਤੇ ਕਿਰਾਏ ਦੀ ਅਦਾਇਗੀ ਵਾਸਤੇ ਪੈਰਵੀ ਨਾ ਕਰਨ ਦੇ ਨਤੀਜੇ ਵਜੋਂ ₹ 6.12 ਕਰੋੜ ਦੀ ਵਸੂਲੀ ਨਹੀਂ ਹੋਈ ਅਤੇ ਇਸ ਤੋਂ ਇਲਾਵਾ ₹ 1.09 ਕਰੋੜ ਦੇ ਵਿਆਜ ਦਾ ਨੁਕਸਾਨ ਹੋਇਆ।***

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ (ਕੰਪਨੀ) ਦਾ ਬਿਜਲੀ ਸਪਲਾਈ ਨਿਰਦੇਸ਼ ਮੈਨੂਅਲ (ਈ ਐਸ ਆਈ ਐਮ) ਸਮੇਂ-ਸਮੇਂ ਤੇ ਨਿਰਧਾਰਤ ਦਰਾਂ ਤੇ ਕੇਬਲ ਟੈਲੀਵੀਜ਼ਨ (ਟੀ ਵੀ) ਨੈਟਵਰਕ ਆਪਰੇਟਰ ਦੁਆਰਾ ਵਰਤੋਂ ਲਈ ਬਿਜਲੀ ਦੇ ਖੰਭਿਆਂ ਨੂੰ ਕਿਰਾਏ ਤੇ ਲੈਣ ਦੀ ਆਗਿਆ ਦਿੰਦਾ ਹੈ। ਕੋਈ ਵੀ ਕੇਬਲ ਟੀ ਵੀ ਆਪਰੇਟਰ ਜੋ ਰਾਜ ਦੇ ਕਿਸੇ ਵੀ ਸ਼ਹਿਰ/ਖੇਤਰ ਵਿੱਚ ਬਿਜਲੀ ਦੇ ਖੰਭਿਆਂ ਨੂੰ ਕਿਰਾਏ ਤੇ ਲੈਣਾ ਚਾਹੁੰਦਾ ਹੈ ਉਸ ਨੂੰ ਸਬੰਧਤ ਸਰਕਲ/ਜ਼ੋਨਲ ਦਫਤਰ ਨੂੰ ਕਿਰਾਏ ਤੇ ਲਏ ਜਾਣ ਵਾਲੇ ਖੰਭਿਆਂ ਦਾ ਵੇਰਵਾ ਮੁਹੱਈਆ ਕਰਵਾਉਣਾ ਹੁੰਦਾ ਹੈ ਤਾਂ ਜੋ ਸਹੀ ਜਾਂਚ ਪ੍ਰਕਿਰਿਆ ਦੇ ਬਾਅਦ ਸਮਝੌਤੇ ਨੂੰ ਲਾਗੂ ਕੀਤਾ ਜਾ ਸਕੇ। ਜੇ ਟੀ ਵੀ ਆਪਰੇਟਰ ਦੇ ਓਪਰੇਸ਼ਨ ਦਾ ਖੇਤਰ ਇਕ ਤੋਂ ਵੱਧ ਜ਼ੋਨ ਵਿਚ ਆਉਂਦਾ ਹੈ, ਤਸਦੀਕ ਹੋਣ ਤੋਂ ਬਾਅਦ, ਸਮਝੌਤੇ ਨੂੰ ਹਰੇਕ ਜ਼ੋਨ ਲਈ ਵੱਖਰੇ ਤੌਰ ਤੇ ਲਾਗੂ ਕੀਤਾ ਜਾ ਸਕਦਾ ਹੈ ਜਾਂ ਦੋ ਜਾਂ ਦੋ ਤੋਂ ਵੱਧ ਜ਼ੋਨਾਂ ਲਈ ਇਕ ਸਮਝੌਤਾ ਮੁੱਖ ਤੌਰ ਤੇ ਚੀਫ ਇੰਜੀਨੀਅਰ (ਵਪਾਰਕ) ਨੂੰ ਨੋਡਲ ਅਧਿਕਾਰੀ ਵਜੋਂ, ਦੇ ਨਾਲ ਲਾਗੂ ਕੀਤਾ ਜਾ ਸਕਦਾ ਹੈ।

ਖੰਭਿਆਂ ਨੂੰ ਕਿਰਾਏ ਤੇ ਲੈਣ ਲਈ ਕਿਰਾਇਆ ਮਹੀਨਾਵਾਰ ਪੇਸ਼ਗੀ ਅਦਾਇਗੀ ਵਜੋਂ ਜਮ੍ਹਾਂ ਕੀਤਾ ਜਾਣਾ ਜ਼ਰੂਰੀ ਹੈ। ਕੰਪਨੀ ਦੀ ਯੋਗ ਅਥਾਰਟੀ ਦੁਆਰਾ ਪੜਤਾਲ ਦੌਰਾਨ ਜੇ ਵਰਤੇ ਜਾਣ ਵਾਲੇ ਖੰਭਿਆਂ ਦੀ ਕੁੱਲ ਵਾਧੂ ਗਿਣਤੀ ਵਿੱਚ ਪਰਿਵਰਤਨ 5 *ਪ੍ਰਤੀਸ਼ਤ* ਤੋਂ ਵੱਧ ਮਿਲਦਾ ਹੈ ਤਾਂ ਪੜਤਾਲ ਦੇ ਬਾਅਦ ਦੇ ਮਹੀਨੇ ਵਿੱਚ ਪੇਸ਼ਗੀ ਅਦਾਇਗੀ ਦੇ ਨਾਲ, ਪ੍ਰਤੀ ਖੰਭੇ ਦੀ ਕਿਰਾਏ ਦਰ ਪ੍ਰਤੀ ਸਾਲ ਤੇ ਦੁਗਣਾ ਜ਼ੁਰਮਾਨਾ ਲਾਏਗੀ।

ਇੱਕ ਕੇਬਲ ਆਪਰੇਟਰ ਨੇ ਰਾਜ ਵਿੱਚ 1,21,125 ਖੰਭਿਆਂ ਨੂੰ ਕਿਰਾਏ ਤੇ ਲੈਣ ਲਈ ਕੰਪਨੀ ਨਾਲ ਕੇਂਦਰੀ ਤੌਰ ਤੇ ਇੱਕ ਸਮਝੌਤਾ ਕੀਤਾ (ਦਸੰਬਰ 2016) ਸੀ। ਖੰਭਿਆਂ ਦੇ ਕਿਰਾਏ ਤੇ ਲੈਣ ਦੀ ਦਰ ਸਾਲ 2016-17 ਤੋਂ ਬਾਅਦ ਕੰਪਨੀ ਦੁਆਰਾ ਅਗਲੇਰੀ ਸੰਸ਼ੋਧਨ ਤੱਕ ਪ੍ਰਤੀ ਖੰਭਾ ₹ 150 ਪ੍ਰਤੀ ਸਾਲ ਨਿਰਧਾਰਤ ਕੀਤੀ ਗਈ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ :

ੳ) ਕੰਪਨੀ ਨੇ ਸੱਤ ਮਹੀਨਿਆਂ ਦੀ ਦੇਰੀ ਤੋਂ ਬਾਅਦ ਕੇਬਲ ਟੀ ਵੀ ਆਪਰੇਟਰ ਦੁਆਰਾ ਖੰਭਿਆਂ ਦੀ ਅਸਲ ਗਿਣਤੀ ਦੀ ਤਸਦੀਕ ਨੂੰ ਪੂਰਾ ਕੀਤਾ (ਜੁਲਾਈ 2017)। ਇਹ ਪਾਇਆ ਗਿਆ ਕਿ ਕੇਬਲ ਟੀ ਵੀ ਅਪਰੇਟਰ 1,21,125 ਖੰਭਿਆਂ ਦੀ ਇਕਰਾਰਨਾਮੇ ਵਾਲੀ ਗਿਣਤੀ ਦੇ ਵਿਰੁੱਧ 2,74,098 ਖੰਭਿਆਂ ਦੀ ਵਰਤੋਂ ਕਰ ਰਿਹਾ ਸੀ। ਇਸ ਤਰ੍ਹਾਂ, ਕੇਬਲ ਟੀ ਵੀ ਆਪਰੇਟਰ ਨਾਲ ਸਮਝੌਤੇ ਦੀਆਂ ਸ਼ਰਤਾਂ ਦੇ ਅਨੁਸਾਰ, ਕੰਪਨੀ ਨੂੰ ਜੁਲਾਈ 2017 ਦੇ ਦੌਰਾਨ ਹੀ ਪੇਸ਼ਗੀ ਭੁਗਤਾਨ ਦੇ ਨਾਲ ₹ 2.68 ਕਰੋੜ[9] ਦਾ ਬਣਦਾ ਜੁਰਮਾਨਾ ਵਸੂਲ ਕਰਨਾ ਚਾਹੀਦਾ ਸੀ। ਐਪਰ, ਟੀ ਵੀ ਆਪਰੇਟਰ ਨੂੰ ਤਕਰੀਬਨ ਦੋ ਸਾਲਾਂ ਦੀ ਮਿਆਦ ਤੋਂ ਬਾਅਦ ₹ 2.68 ਕਰੋੜ ਦਾ ਬਣਦਾ ਜ਼ੁਰਮਾਨਾ ਸੂਚਿਤ ਕੀਤਾ ਗਿਆ (ਮਈ 2019) ਅਤੇ ਉਹ ਵੀ ਲੇਖਾ ਪ੍ਰੀਖਿਆ ਦੁਆਰਾ ਦੱਸਣ (ਜੁਲਾਈ 2018) ਦੇ ਬਾਅਦ। ਜ਼ੁਰਮਾਨੇ ਦੀ ਰਕਮ ਹਾਲੇ (ਅਗਸਤ 2021) ਵੀ ਵਸੂਲ ਕੀਤੀ ਜਾਣੀ ਸੀ, ਜਿਸ ਨਾਲ ₹ 1.09 ਕਰੋੜ[10] ਵਿਆਜ ਦੇ ਨੁਕਸਾਨ ਦੀ ਸਬੰਧਤ ਲਾਗਤ ਵੀ ਸੀ।

ਅ) ਖੰਭਿਆਂ ਦੀ ਸਹੀ ਸੰਖਿਆ ਨੂੰ ਸ਼ਾਮਲ ਕਰਨ ਲਈ, ਕੰਪਨੀ ਨੇ 2,74,098 ਖੰਭਿਆਂ ਲਈ ਕੇਬਲ ਆਪਰੇਟਰ ਨਾਲ ਸਮਝੌਤਾ (ਮਈ 2018) ਕੀਤਾ। ਖੰਭਿਆਂ ਦੇ ਕਿਰਾਏ ਮਹੀਨਾਵਾਰ ਪੇਸ਼ਗੀ ਜਮ੍ਹਾਂ ਕੀਤੇ ਜਾਣ ਦੀ ਜ਼ਰੂਰਤ ਸੀ। ਹਾਲਾਂਕਿ, ਕੇਬਲ ਟੀ ਵੀ ਆਪਰੇਟਰ ਮਹੀਨਾਵਾਰ ਪੇਸ਼ਗੀ ਕਿਰਾਏ ਦੀ ਅਦਾਇਗੀ ਵਿੱਚ ਅਨਿਯਮਿਤ ਸੀ। ਈ ਐਸ ਆਈ ਐਮ ਅਤੇ ਸਮਝੌਤੇ ਦੇ ਇਕਰਾਰਨਾਮੇ ਵਿਚ ਕਿਸੇ ਯੋਗ ਵਿਵਸਥਾ ਦੀ ਅਣਹੋਂਦ ਕਾਰਨ ਕੰਪਨੀ ਦੇਰੀ ਨਾਲ ਕੀਤੀ ਅਦਾਇਗੀ ਤੇ ਕੋਈ ਵਿਆਜ ਨਹੀਂ ਲਗਾ ਸਕੀ।

---

[9] ਸੱਤ ਮਹੀਨਿਆਂ (14 ਦਸੰਬਰ 2016 ਤੋਂ 14 ਜੁਲਾਈ 2017) ਲਈ ਕੁੱਲ ਵਾਧੂ ਖੰਭਿਆਂ (1,52,973) ਤੇ ਪ੍ਰਤੀ ਖੰਭੇ ਪ੍ਰਤੀ ਸਾਲ (₹ 150) ਦੁੱਗਣਾ ਕਿਰਾਏ ਦੀ ਗਣਨਾ ਕੀਤੀ ਗਈ।

[10] ਸਾਲ 2017-18 ਤੋਂ 2021-22 ਦੇ ਟੈਰਿਫ ਆਦੇਸ਼ਾਂ ਵਿੱਚ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੁਆਰਾ ਮਨਜ਼ੂਰ ਕਾਰਜਸ਼ੀਲ ਪੂੰਜੀ ਤੇ ਵਿਆਜ ਦੀ ਦਰ ਤੇ ਗਣਨਾ।

ਇਸ ਤੋਂ ਬਾਅਦ, ਈ ਐਸ ਆਈ ਐਮ ਵਿਚ ਇਕ ਜ਼ੁਰਮਾਨਾ ਧਾਰਾ ਸ਼ਾਮਲ ਕੀਤੀ ਗਈ (ਜੁਲਾਈ 2019) ਸੀ ਜਿਸ ਵਿੱਚ ਪ੍ਰਤੀ ਮਹੀਨਾ ਦੇਰੀ ਜਾਂ ਇਸ ਦੇ ਹਿੱਸੇ ਤੇ ਇਕ *ਪ੍ਰਤੀਸ਼ਤ* ਦੀ ਦਰ ਤੇ ਨਿਰਧਾਰਤ ਮਿਤੀ ਤੋਂ ਬਾਅਦ ਦੀ ਅਦਾਇਗੀ ਵਿੱਚ ਜ਼ੁਰਮਾਨੇ ਦੀ ਵਿਵਸਥਾ ਕੀਤੀ ਗਈ ਸੀ। ਜ਼ੁਰਮਾਨੇ ਦੀ ਧਾਰਾ ਵਿੱਚ ਕੇਬਲ ਟੀ ਵੀ ਆਪਰੇਟਰ ਦੀ ਕੀਮਤ ਤੇ ਕੇਬਲ ਨੂੰ ਹਟਾਉਣ ਲਈ ਵੀ ਵਿਵਸਥਾ ਕੀਤੀ ਗਈ ਸੀ, ਜੇ ਅਦਾਇਗੀ ਤਿੰਨ ਮਹੀਨਿਆਂ ਦੇ ਅੰਦਰ ਨਹੀਂ ਕੀਤੀ ਜਾਂਦੀ।

ਲੇਖਾ ਪ੍ਰੀਖਿਆ ਦੌਰਾਨ ਦੇਖਿਆ ਗਿਆ ਕਿ ਕੇਬਲ ਟੀ ਵੀ ਆਪਰੇਟਰ ਮਹੀਨਾਵਾਰ ਪੇਸ਼ਗੀ ਕਿਰਾਇਆ ਦੀ ਅਦਾਇਗੀ ਵਿੱਚ ਅਨਿਯਮਿਤ ਰਿਹਾ ਅਤੇ ਵਸੂਲਣਯੋਗ ਕਿਰਾਇਆ ਅਗਸਤ 2021 ਤੱਕ ₹ 2.73 ਕਰੋੜ ਹੋ ਗਿਆ ਸੀ। ਹਾਲਾਂਕਿ, ਨਾ ਤਾਂ ਕੇਬਲ ਟੀ ਵੀ ਆਪਰੇਟਰ ਤੇ ₹ 0.71 ਕਰੋੜ (ਜੁਲਾਈ 2019 ਤੋਂ ਅਗਸਤ 2021) ਦਾ ਜ਼ੁਰਮਾਨਾ ਲਗਾਇਆ ਗਿਆ ਸੀ ਅਤੇ ਨਾ ਹੀ ਕੰਪਨੀ ਦੁਆਰਾ ਈ ਐਸ ਆਈ ਐਮ ਦੀਆਂ ਧਾਰਾਵਾਂ ਅਨੁਸਾਰ ਆਪਰੇਟਰ ਦੀਆ ਤਾਰਾਂ ਨੂੰ ਹਟਾਉਣ ਲਈ ਕੋਈ ਕਾਰਵਾਈ ਆਰੰਭ ਕੀਤੀ ਗਈ ਸੀ।

ਇਸ ਤਰ੍ਹਾਂ, ਤਸਦੀਕ ਕੀਤੇ ਬਿਨਾ ਸਮਝੌਤਾ ਕਰਨ ਦੇ ਨਾਲ ਕੇਬਲ ਟੀ ਵੀ ਆਪਰੇਟਰ ਦੁਆਰਾ ਵਰਤੇ ਜਾ ਰਹੇ ਖੰਭਿਆਂ ਦੀ ਤਸਦੀਕ ਵਿਚ ਦੇਰੀ ਅਤੇ ਸਮੇਂ ਸਿਰ ਖੰਭਿਆਂ ਦੇ ਕਿਰਾਇਆਂ ਦੀ ਅਦਾਇਗੀ ਨਾ ਕਰਨ ਤੇ ਕਾਰਵਾਈ ਨਾ ਕਰਨ ਦੇ ਨਤੀਜੇ ਵਜੋਂ ₹ 6.12 ਕਰੋੜ ਦੀ (ਜ਼ਿਆਦਾ ਵਰਤੇ ਗਏ ਖੰਭਿਆਂ ਲਈ ਜੁਰਮਾਨੇ ਦੇ ਕਾਰਨ ₹ 2.68 ਕਰੋੜ, ਖੰਭਿਆਂ ਦੀਆਂ ਕਿਰਾਇਆ ਲਾਗਤਾਂ ਲਈ ₹ 2.73 ਕਰੋੜ ਅਤੇ ਕਿਰਾਏ ਦੇ ਦੇਰੀ ਨਾਲ ਭੁਗਤਾਨ ਕਾਰਨ ₹ 0.71 ਕਰੋੜ) ਵਸੂਲੀ ਨਹੀਂ ਹੋਈ ਅਤੇ ₹ 1.09 ਕਰੋੜ[11] ਦੇ ਵਿਆਜ ਦਾ ਨੁਕਸਾਨ ਹੋਇਆ (ਅਗਸਤ 2021 ਤੱਕ)।

ਮੈਨੇਜਮੈਂਟ ਨੇ ਕਿਹਾ (ਅਕਤੂਬਰ 2021) ਕਿ ਕੇਬਲ ਆਪਰੇਟਰ ਤੋਂ ਬਕਾਇਆ ਮਹੀਨਾਵਾਰ ਕਿਰਾਏ ਅਤੇ ਜੁਰਮਾਨੇ ਦੀ ਰਾਸ਼ੀ ਦੀ ਵਸੂਲੀ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਹਾਲਾਂਕਿ, ਤੱਥ ਇਹ ਰਿਹਾ ਕਿ ਅਗਸਤ 2021 ਤੱਕ ₹ 6.12 ਕਰੋੜ ਦੀ ਰਕਮ ਪ੍ਰਾਪਤ ਕਰਨ ਯੋਗ ਸੀ।

ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ (ਅਪ੍ਰੈਲ 2021); ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਸੀ (ਸਤੰਬਰ 2021)।

**ਕੰਪਨੀ ਕੇਬਲ ਟੀ ਵੀ ਆਪਰੇਟਰ ਤੋਂ ਬਕਾਇਆ ਕਿਰਾਇਆ ਵਸੂਲ ਕਰਨ ਅਤੇ ਆਪਣੇ ਵਪਾਰਕ ਸਮਝੌਤਿਆਂ ਦੀ ਨਿਗਰਾਨੀ ਨੂੰ ਮਜ਼ਬੂਤ ਕਰਨ ਲਈ ਕਾਰਵਾਈ ਕਰੇ।**

[11] ਵਰਤੇ ਗਏ ਵਾਧੂ ਖੰਭਿਆਂ ਲਈ ₹ 2.68 ਕਰੋੜ ਦੇ ਨਾ ਵਸੂਲ ਕੀਤੇ ਜੁਰਮਾਨੇ ਤੇ ਜੁਲਾਈ 2017 ਤੋਂ ਅਗਸਤ 2021 ਦੀ ਮਿਆਦ ਦੀ ਗਣਨਾ।

## 2.5 ਵਪਾਰਕ ਸਪਲਾਈ ਲਈ ਉਦਯੋਗਿਕ ਟੈਰਿਫ ਦੀ ਗਲਤ ਵਰਤੋਂ

***ਕੰਪਨੀ ਨੇ ਬਿਜਲੀ ਸਪਲਾਈ ਕੋਡ, 2014 ਦੀ ਵੰਡ ਫ੍ਰੈਂਚਾਈਜ਼ੀ ਦੁਆਰਾ ਪਾਲਣਾ ਨੂੰ ਯਕੀਨੀ ਨਹੀਂ ਬਣਾਇਆ ਜਿਸ ਕਾਰਨ ਖਪਤਕਾਰ ਦੁਆਰਾ ਵਪਾਰਕ ਉਦੇਸ਼ਾਂ ਲਈ ਖਪਤ ਕੀਤੀ ਬਿਜਲੀ ਲਈ ਉਦਯੋਗਿਕ ਟੈਰਿਫ ਦੀ ਗਲਤ ਵਰਤੋਂ ਕਰਨ ਕਾਰਣ ₹ 77.63 ਲੱਖ ਦਾ ਨੁਕਸਾਨ ਹੋਇਆ।***

ਕੰਪਨੀ ਦੇ ਬਿਜਲੀ ਸਪਲਾਈ ਕੋਡ, 2014 ਦੇ ਨਿਯਮ ਨੰ. 6.6.2 ਅਨੁਸਾਰ ਕੰਪਨੀ ਸਪਲਾਈ ਦੇ ਕਿਸੇ ਖਾਸ ਖੇਤਰ ਲਈ ਇਕ ਫ੍ਰੈਂਚਾਈਜ਼ੀ ਦੀ ਨਿਯੁਕਤੀ ਕਰ ਸਕਦੀ ਹੈ। ਇਹ, ਫ੍ਰੈਂਚਾਈਜ਼ੀ ਦੁਆਰਾ ਬਿਨੈ-ਪੱਤਰ ਤੇ ਰਿਹਾਇਸ਼ੀ ਕਲੋਨੀਆਂ, ਵਪਾਰਕ ਕੰਪਲੈਕਸਾਂ, ਉਦਯੋਗਿਕ ਕੰਪਲੈਕਸਾਂ, ਆਈ ਟੀ ਪਾਰਕਾਂ ਅਤੇ ਹੋਰ ਸਿੰਗਲ ਪੁਆਇੰਟ ਖਪਤਕਾਰਾਂ ਨੂੰ ਬਿਜਲੀ ਸਪਲਾਈ ਕਰਨ ਲਈ, ਸਿੰਗਲ ਪੁਆਇੰਟ ਸਪਲਾਈ ਮੁਹੱਈਆ ਕਰਵਾ ਸਕਦੀ ਹੈ।

ਇਸ ਲਈ ਨਿਯੁਕਤ ਕੀਤੇ ਗਏ ਫ੍ਰੈਂਚਾਈਜ਼ੀ ਨੂੰ ਸਪਲਾਈ ਕੋਡ 2014 ਦੇ ਪ੍ਰਾਵਧਾਨਾਂ ਜਿਸ ਵਿੱਚ ਪ੍ਰਦਰਸ਼ਨ ਦੇ ਮਾਪਦੰਡਾਂ ਅਤੇ ਕਮਿਸ਼ਨ[12] ਦੁਆਰਾ ਬਣਾਏ ਗਏ ਹੋਰ ਨਿਯਮਾਂ ਸਮੇਤ ਟੈਰਿਫ ਆਦੇਸ਼ ਸ਼ਾਮਲ ਹਨ, ਦੀ ਪਾਲਣਾ ਕਰਨੀ ਪੈਂਦੀ ਹੈ। ਵੰਡ ਫ੍ਰੈਂਚਾਈਜ਼ੀ ਖਪਤਕਾਰਾਂ ਨੂੰ ਉਨ੍ਹਾਂ ਦੀ ਸ਼੍ਰੇਣੀ ਤੇ ਲਾਗੂ ਟੈਰਿਫ ਦਰਾਂ ਤੇ ਨਿਯਮਤ ਮਹੀਨਾਵਾਰ ਬਿਜਲੀ ਦੇ ਬਿੱਲ ਜਾਰੀ ਕਰੇਗਾ ਅਤੇ ਮਾਲੀਆ ਇਕੱਤਰ ਕਰਨ ਅਤੇ ਕੰਪਨੀ ਕੋਲ ਜਮ੍ਹਾਂ ਕਰਵਾਉਣ ਲਈ ਵੀ ਜ਼ਿੰਮੇਵਾਰ ਹੋਵੇਗਾ। ਫ੍ਰੈਂਚਾਈਜ਼ੀ ਖਪਤਕਾਰਾਂ ਦੇ ਸਾਰੇ ਰਿਕਾਰਡਾਂ ਨੂੰ ਉਨ੍ਹਾਂ ਦੀ ਸ਼੍ਰੇਣੀ ਤੇ ਲਾਗੂ ਟੈਰਿਫ ਦੇ ਨਾਲ ਰੱਖੇਗਾ ਅਤੇ ਕੰਪਨੀ ਨੂੰ ਹਰ ਮਹੀਨੇ ਸਪਲਾਈ ਕਰੇਗਾ।

ਸਪਲਾਈ ਕੋਡ 2014 ਦੇ ਇਨ੍ਹਾਂ ਉਪਬੰਧਾਂ ਦੇ ਅਨੁਸਾਰ, ਕੰਪਨੀ ਨੇ ਆਪਣੇ ਉਦਯੋਗਿਕ ਪਾਰਕ ਦੇ ਖੇਤਰ ਵਿੱਚ ਬਿਜਲੀ ਦੀ ਵੰਡ ਲਈ ਫੋਕਲ ਪੁਆਇੰਟ ਡਵੀਜ਼ਨ, ਲੁਧਿਆਣਾ ਅਧੀਨ ਇੱਕ ਵੰਡ ਫ੍ਰੈਂਚਾਈਜ਼ੀ ਨੂੰ ਨਿਯੁਕਤ ਕੀਤਾ ਅਤੇ ਵੱਡੀ ਸਪਲਾਈ (ਐਲ ਐਸ) ਉਦਯੋਗਿਕ ਸ਼੍ਰੇਣੀ ਅਧੀਨ, ਜਿਸ ਦਾ ਮਨਜ਼ੂਰ ਕੀਤਾ ਲੋਡ 850 ਕੇ ਡਬਲਯੂ ਅਤੇ ਕੰਟਰੈਕਟ ਡਿਮਾਂਡ 925 ਕੇ ਵੀ ਏ ਲਈ ਇਸ ਨੂੰ ਇੱਕ ਸਿੰਗਲ ਪੁਆਇੰਟ ਕੁਨੈਕਸ਼ਨ ਪ੍ਰਦਾਨ ਕੀਤਾ (ਮਾਰਚ 2016)।

ਸਿਟੀ ਪੂਰਬੀ ਸਰਕਲ ਦੇ ਲੇਖਾ ਪ੍ਰੀਖਿਆ (ਜਨਵਰੀ 2021) ਦੌਰਾਨ, ਇਹ ਦੇਖਿਆ ਗਿਆ ਕਿ ਫ੍ਰੈਂਚਾਈਜ਼ੀ ਬਿਲਿੰਗ ਡੇਟਾ ਬੇਸ ਵਿੱਚ ਖਪਤਕਾਰਾਂ ਦੇ ਬਿੱਲਾਂ ਦੇ ਅਪਡੇਟਿਡ ਰਿਕਾਰਡ ਨੂੰ ਉਨ੍ਹਾਂ ਦੀ ਸ਼੍ਰੇਣੀ ਦੇ ਨਾਲ ਕੰਪਨੀ ਨੂੰ ਮਹੀਨਾਵਾਰ ਅਧਾਰ ਤੇ ਸਪਲਾਈ ਨਹੀਂ ਕਰ ਰਿਹਾ ਸੀ। ਰਿਕਾਰਡਾਂ ਦੀ ਚੋਣਵੀਂ ਜਾਂਚ ਦੇ ਦੌਰਾਨ, ਇਹ ਦੇਖਿਆ ਗਿਆ ਕਿ ਫ੍ਰੈਂਚਾਈਜ਼ੀ ਨੇ ਲੁਧਿਆਣਾ ਵਿੱਚ ਥੋਕ ਭੰਡਾਰਨ ਵਰਤੋਂ ਦੇ ਸੰਚਾਲਨ ਲਈ ਇੱਕ ਖਪਤਕਾਰ ਨੂੰ ਨਵਾਂ ਕੁਨੈਕਸ਼ਨ ਜਾਰੀ ਕਰਨ ਲਈ ਆਪਣੇ ਮਨਜ਼ੂਰਸ਼ੁਦਾ ਲੋਡ ਨੂੰ 483 ਕੇ ਡਬਲਯੂ ਅਤੇ ਕੰਟਰੈਕਟ ਡਿਮਾਂਡ ਨੂੰ 525 ਕੇ ਵੀ ਏ ਵਧਾਉਣ ਲਈ ਕੰਪਨੀ ਨੂੰ ਅਰਜ਼ੀ ਦਿੱਤੀ (ਮਾਰਚ/ਮਈ 2018)। ਵਪਾਰਕ ਵਰਤੋਂ ਵਾਸਤੇ ਨਵੇਂ ਖਪਤਕਾਰ ਦੀ ਬਿਜਲੀ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਕੰਪਨੀ ਨੇ ਵੰਡ ਫ੍ਰੈਂਚਾਈਜ਼ੀ ਦੇ ਸਿੰਗਲ ਪੁਆਇੰਟ

[12] ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ।

ਕੁਨੈਕਸ਼ਨ ਦੀ ਮਨਜ਼ੂਰ ਲੋਡ ਅਤੇ ਕੰਟਰੈਕਟ ਡਿਮਾਂਡ ਨੂੰ ਵਧਾ ਦੇ 1,333 ਕੇ ਡਬਲਯੂ ਅਤੇ 1,450 ਕੇ ਵੀ ਏ ਕਰ ਦਿੱਤਾ (ਸਤੰਬਰ 2018)।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਜਿਵੇਂ ਕਿ ਨਵੇਂ ਖਪਤਕਾਰ ਦਾ ਲੋਡ/ਮੰਗ ਦੀ ਜਰੂਰਤ ਵਪਾਰਕ ਵਰਤੋਂ ਲਈ ਸੀ, ਇਸਦੇ ਬਿਜਲੀ ਸਪਲਾਈ ਕੁਨੈਕਸ਼ਨ ਨੂੰ ਗੈਰ ਰਿਹਾਇਸ਼ੀ ਸਪਲਾਈ (ਐਨ ਆਰ ਐਸ) ਸ਼੍ਰੇਣੀਬੱਧ ਕਰਨ ਦੀ ਲੋੜ ਸੀ। ਲੇਖਾ ਪ੍ਰੀਖਿਆ ਨੇ ਅੱਗੇ ਦੇਖਿਆ ਕਿ ਕੰਪਨੀ ਨੇ ਵੰਡ ਫ੍ਰੈਂਚਾਈਜ਼ੀ ਦੁਆਰਾ ਦਿੱਤੇ ਜਾ ਰਹੇ ਵੱਖ ਵੱਖ ਖਪਤਕਾਰਾਂ ਦੇ ਵੇਰਵੇ ਅਤੇ ਬਿਲਿੰਗ ਰਿਕਾਰਡ ਪ੍ਰਾਪਤ ਨਹੀਂ ਕੀਤੇ ਸਨ ਜੋ ਸਪਲਾਈ ਕੋਡ 2014 ਅਤੇ ਫ੍ਰੈਂਚਾਈਜ਼ੀ ਸਮਝੌਤੇ ਦੀ ਉਲੰਘਣਾ ਸੀ। ਖਪਤਕਾਰਾਂ ਦੇ ਬਿਲਿੰਗ ਵੇਰਵਿਆਂ ਦੀ ਅਣਹੋਂਦ ਵਿੱਚ, ਵੰਡ ਫ੍ਰੈਂਚਾਈਜ਼ੀ ਦੇ ਸਿੰਗਲ ਪੁਆਇੰਟ ਕੁਨੈਕਸ਼ਨ ਵਿੱਚ ਦਰਜ ਕੀਤੀ ਗਈ ਕੁੱਲ ਖਪਤ ਨੂੰ ਐਲ ਐਸ ਉਦਯੋਗਿਕ ਟੈਰਿਫ ਦੇ ਅਧੀਨ ਬਿੱਲ ਕੀਤਾ ਜਾ ਰਿਹਾ ਸੀ ਜੋ ਕਿ ਖਪਤਕਾਰ ਦੁਆਰਾ ਬਿਜਲੀ ਦੀ ਖਪਤ ਲਈ ਲਾਗੂ ਐਨ ਆਰ ਐਸ ਟੈਰਿਫ ਤੋਂ ਘੱਟ ਸੀ।

ਸਪਲਾਈ ਕੋਡ 2014 ਅਤੇ ਫ੍ਰੈਂਚਾਈਜ਼ੀ ਸਮਝੌਤੇ ਦੀ ਉਲੰਘਣਾ ਕਰਨ ਕਾਰਨ ਖਪਤਕਾਰ ਦੁਆਰਾ ਖਪਤ ਕੀਤੀ ਬਿਜਲੀ ਲਈ ਗਲਤ ਟੈਰਿਫ ਦੀ ਵਰਤੋਂ ਕਾਰਨ, ਵੰਡ ਫ੍ਰੈਂਚਾਈਜ਼ੀ ਦੇ ਬਿਜਲੀ ਬਿੱਲਾਂ ਵਿੱਚ ਖਪਤਕਾਰ ਦੀ ਖਪਤ[13] ਦੀ ਅਨੁਪਾਤ ਨੂੰ ਧਿਆਨ ਵਿੱਚ ਰੱਖਦਿਆਂ, ਸਤੰਬਰ 2018 ਤੋਂ ਫਰਵਰੀ 2021 ਦੌਰਾਨ ਊਰਜਾ ਖਰਚਿਆਂ, ਬਿਜਲੀ ਰਿਆਇਤ ਅਤੇ ਅਧਿਨਿਯਮਿਕ ਡਿਊਟੀਆਂ ਦੀ ਸ਼ਕਲ ਵਿੱਚ ਕੰਪਨੀ/ਪੰਜਾਬ ਸਰਕਾਰ ਦਾ ₹ 77.63 ਲੱਖ[14] ਦਾ ਨੁਕਸਾਨ ਹੋਇਆ ਹੈ।

ਮਾਮਲਾ ਕੰਪਨੀ ਅਤੇ ਰਾਜ ਸਰਕਾਰ ਨੂੰ ਭੇਜਿਆ ਗਿਆ (ਅਪ੍ਰੈਲ 2021) ਸੀ, ਉਨ੍ਹਾਂ ਦੇ ਜਵਾਬਾਂ ਦੀ ਉਡੀਕ ਕੀਤੀ ਜਾ ਰਹੀ ਸੀ (ਜੁਲਾਈ 2021)।

**ਕੰਪਨੀ ਆਪਣੇ ਵਿੱਤੀ ਹਿੱਤਾਂ ਦੀ ਰਾਖੀ ਲਈ ਸਪਲਾਈ ਕੋਡ ਅਤੇ ਸਹੀ ਟੈਰਿਫ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਆਪਣੇ ਫਰੈਂਚਾਈਜ਼ੀ ਸਮਝੌਤਿਆਂ ਦੀ ਸਮੀਖਿਆ ਕਰੇ।**

## 2.6 ਮਾਈਕ੍ਰੋਸਾਫਟ ਸਾਫਟਵੇਅਰ ਲਾਇਸੈਂਸਾਂ ਦਾ ਅਣਉਚਿਤ ਨਵੀਨੀਕਰਣ

***ਕੰਪਨੀ ਦੁਆਰਾ ਲੋੜੀਂਦਾ ਸਹੀ ਮੁਲਾਂਕਣ ਕੀਤੇ ਬਿਨਾ ਮਾਈਕ੍ਰੋਸਾਫਟ ਦੇ ਸਾਫਟਵੇਅਰ ਲਾਇਸੈਂਸਾਂ ਦੇ ਨਵੀਨੀਕਰਣ ਦੇ ਨਤੀਜੇ ਵਜੋਂ ₹ 69.11 ਲੱਖ ਦਾ ਟਾਲਣਯੋਗ ਖਰਚ ਹੋਇਆ।***

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ (ਕੰਪਨੀ) ਨੇ ਕੰਪਨੀ ਵਿਚ ਸਥਾਪਤ ਦਸ ਮਾਈਕ੍ਰੋਸਾਫਟ ਸਾਫਟਵੇਅਰ ਲਾਇਸੈਂਸਾਂ ਦੇ ਨਵੀਨੀਕਰਣ ਲਈ ਇਕ ਫਰਮ ਨੂੰ ₹ 8.55 ਕਰੋੜ ਦੀ ਕੀਮਤ ਦਾ ਖਰੀਦ ਆਦੇਸ਼ ਜਾਰੀ ਕੀਤਾ (ਅਪ੍ਰੈਲ 2018)। ਕੰਪਨੀ ਦੁਆਰਾ ਖਰੀਦੇ ਗਏ ਇਨ੍ਹਾਂ ਲਾਇਸੈਂਸਾਂ

13 ਖਪਤਕਾਰ ਦੁਆਰਾ ਖਪਤ ਕੀਤੀ ਬਿਜਲੀ ਦੀ ਵੰਡ ਫ੍ਰੈਂਚਾਈਜ਼ੀ ਦੇ ਕੁੱਲ ਜੁੜੇ ਲੋਡ/ਕੰਟਰੈਕਟ ਡਿਮਾਂਡ ਦੀ ਅਨੁਪਾਤ ਨਾਲ ਜੁੜੇ ਲੋਡ/ਕੰਟਰੈਕਟ ਡਿਮਾਂਡ ਦੇ ਅਧਾਰ ਤੇ ਕੀਤੀ ਗਈ ਹੈ।

14 ਟੈਰਿਫ ਦਾ ਅੰਤਰ: ₹23.98 ਲੱਖ+ ਪੰਜਾਬ ਸਰਕਾਰ ਰਿਆਇਤ: ₹40.71 ਲੱਖ+ ਈ ਡੀ ਅਤੇ ਆਈ ਡੀ: ₹12.94 ਲੱਖ।

ਵਿਚੋਂ ਦੋ ਵਿੱਚ ਇਸ ਦੇ ਡੋਮੇਨ ਦੇ ਅਧੀਨ 3,000 ਈ-ਮੇਲ ਐਕਸਚੇਜ਼[15] ਲਾਇਸੈਂਸ ਅਤੇ 3,700 ਵਿੰਡੋਜ਼ ਸਰਵਰ ਕਲਾਇੰਟ ਐਕਸੈਸ[16] ਲਾਇਸੈਂਸ ਸ਼ਾਮਲ ਸਨ। ਖਰੀਦ ਆਦੇਸ਼ ਦੀਆਂ ਸ਼ਰਤਾਂ ਖਰੀਦ ਆਦੇਸ਼ ਜਾਰੀ ਹੋਣ ਤੋਂ ਦੋ ਹਫਤਿਆਂ ਦੇ ਅੰਦਰ ਅੰਦਰ, ਈ-ਲਾਇਸੈਸਾਂ ਦੀ ਸਪੁਰਦਗੀ ਕਰਨ ਦੇ ਨਾਲ ਨਵੀਨੀਕਰਣ ਦੀ ਮਿਤੀ ਤੋਂ ਤਿੰਨ ਸਾਲਾਂ ਦੀ ਮਿਆਦ ਵਾਸਤੇ ਸਹਾਇਤਾ ਵੈਧਤਾ ਪ੍ਰਦਾਨ ਕਰਦੀਆਂ ਸਨ। ਈ-ਲਾਇਸੈਂਸ 27 ਅਪ੍ਰੈਲ 2018 ਨੂੰ ਪੀ ਐਸ ਪੀ ਸੀ ਐਲ ਨੂੰ ਅਪ੍ਰੈਲ 2021 ਤੱਕ ਦੀ ਵੈਧਤਾ ਦੇ ਨਾਲ ਸਪੁਰਦ ਕੀਤੇ ਗਏ ਸਨ।

ਇਹ ਨੋਟ ਕੀਤਾ ਗਿਆ ਸੀ ਕਿ ਫਰਵਰੀ 2020 ਤੱਕ ਸਾਫਟਵੇਅਰ ਲਾਇਸੈਸਾਂ ਦੀ ਵਰਤੋਂ ਸਥਿਤੀ ਕੰਪਨੀ ਦੁਆਰਾ ਪ੍ਰਦਾਨ ਕੀਤੇ ਅਨੁਸਾਰ, ਪੀ ਐਸ ਪੀ ਸੀ ਐਲ ਦੇ ਡੋਮੇਨ ਅਧੀਨ ਦਿੱਤੇ ਗਏ 670 ਈ- ਮੇਲ ਐਕਸਚੇਂਜ ਲਾਇਸੈਂਸ, ਜਿਨ੍ਹਾਂ ਦੀ ਕੀਮਤ ₹ 73.79 ਲੱਖ ਸੀ ਅਤੇ 1,600 ਵਿੰਡੋਜ਼ ਸਰਵਰ ਕਲਾਇੰਟ ਐਕਸੈਸ ਲਾਇਸੈਂਸ ਜਿਨ੍ਹਾਂ ਦੀ ਕੀਮਤ ₹ 17.90 ਲੱਖ ਦੇ ਮੁੱਲ ਦੇ ਸਨ, ਅਜੇ ਵਰਤੋਂ ਕਰਨੀ ਬਾਕੀ ਸੀ। ਇਸ ਤਰ੍ਹਾਂ, ਲਗਭਗ 34 *ਪ੍ਰਤੀਸ਼ਤ* ਸਾਫਟਵੇਅਰ ਲਾਇਸੈਂਸ ਇਨ੍ਹਾਂ ਲਾਇਸੈਂਸਾਂ ਦੇ ਸਮਝੌਤੇ ਦੇ ਅਨੁਸਾਰ ਸਹਾਇਤਾ ਵੈਧਤਾ ਦਾ ਲਗਭਗ ਦੋ-ਤਿਹਾਈ ਸਮਾਂ (36 ਮਹੀਨਿਆਂ ਵਿਚੋਂ 22 ਮਹੀਨੇ) ਲੰਘ ਜਾਣ ਦੇ ਬਾਅਦ ਵੀ ਵਰਤੇ ਨਹੀਂ ਗਏ ਸਨ। ਇਨ੍ਹਾਂ ਸਾਫਟਵੇਅਰ ਲਾਇਸੈਂਸਾਂ ਦੀ ਵਰਤੋਂ ਕੰਪਨੀ ਦੁਆਰਾ ਲੇਖਾ ਪ੍ਰੀਖਿਆ ਟਿੱਪਣੀ (ਸਤੰਬਰ 2020) ਦੇ ਬਾਅਦ ਵੀ ਸੁਨਿਸ਼ਚਿਤ ਨਹੀਂ ਕੀਤੀ ਜਾ ਸਕੀ। ਅਪ੍ਰੈਲ 2021 ਤੱਕ ਸਾਫਟਵੈਅਰ ਲਾਇਸੈਂਸਾਂ ਦੀ ਵਰਤੋਂ ਦੀ ਸਥਿਤੀ ਤੋਂ ਪਤਾ ਚੱਲਿਆ ਹੈ ਕਿ ₹ 17.95 ਲੱਖ ਦੇ ਮੁੱਲ ਦੇ 163 ਈ-ਮੇਲ ਐਕਸਚੇਂਜ ਲਾਇਸੈਂਸ ਅਤੇ ₹ 15.66 ਲੱਖ ਮੁੱਲ ਦੇ 1,400 ਵਿੰਡੋਜ਼ ਸਰਵਰ ਕਲਾਇੰਟ ਐਕਸੈਸ ਲਾਇਸੈਂਸ ਅਜੇ ਵੀ ਵਰਤੇਂ ਨਹੀਂ ਗਏ ਸਨ। ਨਤੀਜੇ ਵੱਜੋਂ, ਇਨਾਂ ਲਾਇਸੈਂਸਾਂ ਦੇ ਸਮੁੱਚੇ ਸਮਝੌਤੇ ਦੀ ਵੈਧਤਾ ਦੇ ਦੌਰਾਨ *ਉਪਰੋਕਤ* ਦੋ ਲਾਇਸੈਂਸ ਸ਼੍ਰੇਣੀਆਂ ਅਧੀਨ ਸਾਫਟਵੇਅਰ ਲਾਇਸੈਂਸ ਦੀ 23 *ਪ੍ਰਤੀਸ਼ਤ* ਵਰਤੋਂ ਨਹੀਂ ਕੀਤੀ ਗਈ। ਇਹ ਦਰਸਾਉਂਦਾ ਹੈ ਕਿ ਕੰਪਨੀ ਨੇ ਲੋੜਾਂ ਦੇ ਸਹੀ ਮੁਲਾਂਕਣ ਤੋਂ ਬਿਨ੍ਹਾਂ ਮਾਈਕ੍ਰੋਸਾਫਟ ਦੇ ਸਾਫਟਵੇਅਰ ਲਾਇਸੈਂਸਾਂ ਲਈ ਵੈਧਤਾ ਦੇ ਨਵੀਨੀਕਰਣ ਨੂੰ ਖਰੀਦਿਆ ਸੀ।

ਵੱਖੋ ਵੱਖਰੇ ਮਾਈਕ੍ਰੋਸਾਫਟ ਸਾਫਟਵੇਅਰ ਲਾਇਸੈਂਸਾਂ ਦਾ ਨਵੀਨੀਕਰਣ ਬਿਨ੍ਹਾਂ ਕਿਸੇ ਲੋੜ ਦਾ ਮੁਲਾਂਕਣ ਕੀਤੇ ਖਰੀਦਣਾ ਅਤੇ ਉਨ੍ਹਾਂ ਦੀ ਅਸਲ ਵਰਤੋਂ ਦੀ ਨਿਗਰਾਨੀ ਨਾ ਕਰਨ ਦੇ ਨਤੀਜੇ ਵੱਜੋਂ ₹ 69.11 ਲੱਖ[17] ਦਾ ਟਾਲਣਯੋਗ ਖਰਚ ਹੋਇਆ ਜੋ ਟਾਲਣਯੋਗ ਸੀ।

ਮਾਮਲਾ ਕੰਪਨੀ ਅਤੇ ਰਾਜ ਸਰਕਾਰ ਨੂੰ ਭੇਜਿਆ ਗਿਆ (ਮਈ 2021); ਉਨ੍ਹਾਂ ਦੇ ਜਵਾਬ ਦੀ ਉਡੀਕ (ਜੁਲਾਈ 2021) ਸੀ।

---

15 ਈ- ਮੇਲ ਐਕਸਚੇਂਜ ਆਨਲਾਈਨ ਸੇਵਾ ਨੂੰ ਦਰਸਾਉਂਦੀ ਹੈ ਜੋ ਅੰਤ ਦੇ ਖਪਤਕਾਰਾਂ ਨੂੰ ਵੈਬ (ਇੰਟਰਨੈਟ), ਕੰਪਿਊਟਰਾਂ ਅਤੇ ਮੋਬਾਈਲ ਉਪਕਰਣਾਂ ਵਿੱਚ ਜਾਣੂ ਈ ਮੇਲ ਅਨੁਭਵ ਪ੍ਰਦਾਨ ਕਰਦਾ ਹੈ ਜਦੋਂ ਕਿ ਅਜਿਹੀਆਂ ਸੇਵਾਵਾਂ ਦੀ ਆਨਲਾਈਨ ਤੈਨਾਤੀ ਦੇ ਪ੍ਰਬੰਧਨ ਲਈ ਸਿਸਟਮ ਪ੍ਰਬੰਧਕਾਂ ਨੂੰ ਵੈਬ-ਅਧਾਰਤ ਉਪਕਰਨ ਪ੍ਰਦਾਨ ਕਰਦੇ ਹਨ।

16 ਵਿੰਡੋਜ਼ ਸਰਵਰ ਕਲਾਇੰਟ ਐਕਸੈਸ ਡੈਸਕਟਾਪਾਂ/ ਲੈਪਟਾਪਾਂ/ਵਰਕਸਟੇਸ਼ਨਾਂ ਦੁਆਰਾ ਸਿਸਟਮ ਤੇ ਲਾਗਿੰਗ ਕਰਨ ਵਾਲੇ ਖਪਤਕਾਰਾਂ ਦੁਆਰਾ ਵਿੰਡੋਜ਼ ਸਰਵਰ ਨਾਲ ਜੁੜਨ ਨੂੰ ਦਰਸਾਉਦਾ ਹੈ।

17 ਫਰਵਰੀ 2020 ਤੱਕ 22 ਮਹੀਨਿਆਂ ਦੀ ਅਨੁਪਾਤ ਮਿਆਦ ਲਈ 2,270 ਲਾਇਸੈਂਸਾਂ ਲਈ ਅਤੇ ਮਾਰਚ 2020 ਤੋਂ ਅਪ੍ਰੈਲ 2021 ਤੱਕ ਦੇ 14 ਮਹੀਨਿਆਂ ਦੀ ਪੂਰੀ ਮਿਆਦ ਲਈ 1,563 ਲਾਇਸੈਂਸਾਂ ਲਈ ਰੂੜੀਵਾਦੀ ਤੌਰ ਤੇ ਗਿਣਿਆ ਗਿਆ।

ਕੰਪਨੀ ਆਪਣੀ ਸੂਚਨਾ ਤਕਨਾਲੋਜੀ ਸਾਫਟਵੇਅਰ/ਲਾਇਸੰਸਾਂ ਦੀ ਜ਼ਰੂਰਤ ਦਾ ਮੁਲਾਂਕਣ ਕਰੇ ਤਾਂ ਜੋ ਉਨ੍ਹਾਂ ਦੀ ਸਮੁੱਚੀ ਵਰਤੋਂ ਨੂੰ ਯਕੀਨੀ ਬਣਾਇਆ ਜਾ ਸਕੇ।

## ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

## ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ

### 2.7 ਮਟਰ ਦੀ ਕਟਾਈ ਕਰਨ ਵਾਲੀ ਮਸ਼ੀਨ ਦੀ ਖਰੀਦ ਤੇ ਅਣਉਚਿਤ ਖਰਚਾ

***ਕੰਪਨੀ ਨੇ ਵੀਹ ਸਾਲ ਪੁਰਾਣੀ ਮਟਰ ਦੀ ਕਟਾਈ ਕਰਨ ਵਾਲੀ ਮਸ਼ੀਨ ਦੀ ਖਰੀਦ ਉਸ ਦੀ ਵਿਵਹਾਰਿਕਤਾ ਅਤੇ ਰਾਜ ਦੇ ਖੇਤੀ ਹਾਲਾਤਾਂ ਅਨੁਸਾਰ ਉਸ ਦੀ ਵਰਤੋਂ ਦੀ ਸੰਭਾਵਨਾ ਦਾ ਅੰਦਾਜ਼ਾ ਲਏ ਬਿਨਾਂ ਕੀਤੀ। ਇਸ ਦੀ ਵਰਤੋਂ ਨਹੀਂ ਕੀਤੀ ਜਾ ਸਕੀ ਜਿਸ ਨਾਲ ਇਸ ਦੀ ਖਰੀਦ ਤੇ ਖਰਚ ਕੀਤੇ ₹ 1.05 ਕਰੋੜ ਵਿਅਰਥ ਗਏ।***

ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ (ਪੈਗਰੇਕਸੋ) ਖੇਤੀਬਾੜੀ ਉਤਪਾਦਾਂ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਨਵੀਂ ਖੇਤੀਬਾੜੀ ਤਕਨੀਕਾਂ ਦੀ ਸ਼ੁਰੂਆਤ ਅਤੇ ਵਿਕਾਸ ਅਤੇ ਤਾਜ਼ਾ ਖੇਤੀਬਾੜੀ ਉਤਪਾਦਾਂ ਮੁੱਖ ਤੌਰ ਤੇ ਫਲ, ਸਬਜ਼ੀਆਂ ਅਤੇ ਫੁੱਲਾਂ: ਜੈਵਿਕ ਖੇਤੀ ਦੇ ਨਿਰਯਾਤ ਨੂੰ ਉਤਸ਼ਾਹਿਤ ਕਰਨ ਦੇ ਖੇਤਰ ਵਿੱਚ ਰੁੱਝੀ ਹੋਈ ਹੈ। ਫਸਲੀ ਵਿਭਿੰਨਤਾ ਅਤੇ ਫਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਰਾਜ ਸਰਕਾਰ ਦੀਆਂ ਯੋਜਨਾਵਾਂ ਅਨੁਸਾਰ ਪੈਗਰੇਕਸੋ ਨੇ ਮਟਰ ਦੀ ਕਟਾਈ ਦੀ ਗਤੀਵਿਧੀ ਦਾ ਮਸ਼ੀਨੀਕਰਣ ਕਰਨ ਦਾ ਫੈਸਲਾ ਕੀਤਾ। ਕੰਪਨੀ ਨੇ ਅਗਲੀ ਫਸਲ ਲਈ ਤਿਆਰ ਕਰਨ ਲਈ ਖੇਤਾਂ ਨੂੰ ਛੇਤੀ ਖਾਲੀ ਕਰਨ ਅਤੇ ਉਤਪਾਦਨ ਦੀ ਲਾਗਤ ਵਿੱਚ ਬਚਤ ਦਾ ਵਿਚਾਰ ਕੀਤਾ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਮਟਰ ਕਟਾਈ ਦੀ ਗਤੀਵਿਧੀ ਦੇ ਮਸ਼ੀਨੀਕਰਣ ਦੀ ਯੋਜਨਾ ਇੱਕ ਨਿੱਜੀ ਫਰਮ ਦੁਆਰਾ ਤਿਆਰ ਕੀਤੀ ਗਈ ਸੀ ਜੋ ਕਿ ਪੰਜਾਬ ਵਿੱਚ ਮਟਰਾਂ ਦੀ ਕਟਾਈ ਦੇ ਕਾਰੋਬਾਰ ਵਿੱਚ ਸੀ। ਇਸ ਨਿੱਜੀ ਫਰਮ ਨੇ ਮਟਰ ਕਟਾਈ ਕਰਨ ਵਾਲੀ ਮਸ਼ੀਨ ਦੀ ਖਰੀਦ ਲਈ ਪੈਗਰੇਕਸੋ ਨਾਲ ਪੈਰਵੀ ਕੀਤੀ ਅਤੇ ਮੈਸਰਜ਼ ਪਲੋਜ਼ਰ ਮਸ਼ੀਨਾਂ ਬੀ ਵੀ ਪਾਸ ਹਾਲੈਂਡ ਵਿੱਚ ਢੁੱਕਵੀਂ ਮਸ਼ੀਨ ਦੀ ਉਪਲੱਬਧਤਾ ਬਾਰੇ ਸੂਚਿਤ ਕੀਤਾ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਮੈਸਰਜ਼ ਪਲੋਜ਼ਰ ਮਸ਼ੀਨਾਂ ਬੀ ਵੀ ਨੇ ਪਹਿਲਾਂ ਹੀ ਨਿੱਜੀ ਫਰਮ ਪਾਸ ਮਸ਼ੀਨ ਦੀ ਦਰਸੂਚੀ ਜਮ੍ਹਾਂ ਕਰਵਾ ਦਿੱਤੀ ਸੀ। ਪੈਗਰੇਕਸੋ ਦੇ ਅਧਿਕਾਰੀਆਂ ਨੇ ਮਟਰ ਕਟਣ ਵਾਲੀ ਮਸ਼ੀਨ ਦੇ ਕੰਮਕਾਜ਼ ਦੇ ਨਿਰੀਖਣ ਲਈ ਹਾਲੈਂਡ ਦਾ ਦੌਰਾ ਕੀਤਾ ਸੀ (ਜੁਲਾਈ 2014)। ਉਨ੍ਹਾਂ ਨੇ ਫੈਸਲਾ ਕੀਤਾ ਕਿ ਮੈਸਰਜ਼ ਪਲੋਜ਼ਰ ਮਸ਼ੀਨਾਂ ਬੀ ਵੀ ਦੀ ਨਵੀਨੀਕਰਣ ਕੀਤੀ ਮਟਰ ਕਟਾਈ ਕਰਨ ਵਾਲੀ ਵੀਹ ਸਾਲ ਪੁਰਾਣੀ ₹ 1.30 ਕਰੋੜ ਦੀ ਲਾਗਤ ਵਾਲੀ ਮਸ਼ੀਨ ਜਿਸਦਾ ਉਤਪਾਦਨ 1995 ਵਿੱਚ ਕੀਤਾ ਗਿਆ ਸੀ ਇਸ ਉਦੇਸ਼ ਲਈ ਢੁਕਵੀਂ ਹੋਵੇਗੀ। ਪੈਗਰੇਕਸੋ ਨੇ ਮਟਰ ਕਟਾਈ ਕਰਨ ਵਾਲੀ ਮਸ਼ੀਨ ਦੇ ਆਯਾਤ ਲਈ ਰਾਸ਼ਟਰੀ ਬਾਗਬਾਨੀ ਮਿਸ਼ਨ ਨੂੰ ਸੌਂਪਣ ਲਈ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ ਤਿਆਰ ਕੀਤੀ (ਸਤੰਬਰ 2014)। ਰਿਪੋਰਟ ਵਿੱਚ ਇਹ ਵਿਚਾਰ ਕੀਤਾ ਗਿਆ ਸੀ ਕਿ ਮਟਰ ਦੀ ਕਟਾਈ ਦੇ ਮਸ਼ੀਨੀਕਰਣ ਨਾਲ ਪੰਜਾਬ

ਮਟਰ ਪ੍ਰੋਸੈਸਿੰਗ ਇਕਾਈਆਂ ਦੀ ਲਾਗਤ ਪ੍ਰਤੀਯੋਗੀ ਹੋ ਜਾਏਗੀ ਅਤੇ ਜੰਮੇ ਹੋਏ ਹਰੇ ਮਟਰ ਦੇ ਬਜ਼ਾਰ ਦੇ ਮੁੱਖ ਹਿੱਸੇ ਨੂੰ ਹਾਸਲ ਕਰਨ ਵਿੱਚ ਸਹਾਇਤਾ ਹੋਵੇਗੀ। ਮਟਰ ਦੀ ਕਟਾਈ ਕਰਨ ਵਾਲੀ ਮਸ਼ੀਨ ਦੀ ਵਰਤੋਂ ਨਾਲ ₹ ਇਕ ਕਰੋੜ *ਪ੍ਰਤੀ* 1000 *ਏਕੜ* ਦੀ ਲੇਬਰ ਦੀ ਲਾਗਤ ਦੀ ਬਚਤ ਦਾ ਅਨੁਮਾਨ ਲਗਾਇਆ ਗਿਆ ਸੀ। ਇਸ ਪ੍ਰੋਜੈਕਟ ਰਿਪੋਰਟ ਵਿੱਚ ਘਾਟ ਸੀ ਕਿਉਂਕਿ ਮਸ਼ੀਨ ਦਾ ਭਾਰਤੀ ਖੇਤੀ ਹਾਲਾਤਾਂ ਵਿੱਚ ਵਰਤੋਂ ਦੇ ਢੁਕਵੇਂਪਨ ਦਾ ਅਧਿਐਨ ਨਹੀ ਕੀਤਾ ਗਿਆ ਸੀ।

ਪੈਗਰੇਕਸੋ ਨੇ ਮਟਰ ਕਟਾਈ ਕਰਨ ਵਾਲੀ ਮਸ਼ੀਨ ਦੇ ਮਹਿੰਗੇ ਹੋਣ ਦੇ ਕਾਰਨ, ਖਰੀਦ ਅਤੇ ਪ੍ਰਸਿੱਧੀ ਲਈ ਰਾਜ ਸਰਕਾਰ ਦੀ ਸਹਾਇਤਾ ਲੈਣ ਦਾ ਪ੍ਰਸਤਾਵ ਵੀ ਕੀਤਾ ਸੀ। ਪੈਗਰੇਕਸੋ, ਨੇ ਮਸ਼ੀਨ ਦੀ ਖਰੀਦ ਲਈ ਫੰਡ ਜੁਟਾਉਣ ਲਈ, ਗ੍ਰਾਂਟ ਦੇ ਰੂਪ ਵਿੱਚ ₹ 80 ਲੱਖ ਪੰਜਾਬ ਪੇਂਡੂ ਵਿਕਾਸ ਬੋਰਡ ਤੋਂ ਅਤੇ ₹ 50 ਲੱਖ ਪੰਜਾਬ ਰਾਜ ਰਾਸ਼ਟਰੀ ਬਾਗਬਾਨੀ ਮਿਸ਼ਨ ਸੁਸਾਇਟੀ ਤੋਂ ਵਿੱਤੀ ਸਹਾਇਤਾ ਦੀ ਮੰਗ ਕੀਤੀ ਸੀ। ਕੰਪਨੀ ਨੂੰ ਸਤੰਬਰ ਅਤੇ ਨਵੰਬਰ 2014 ਦੇ ਵਿਚਕਾਰ ਲੋੜੀਂਦੇ ਫੰਡ ਪ੍ਰਾਪਤ ਹੋਏ ਅਤੇ ਮੈਸਰਜ਼ ਪਲੋਜਰ ਮਸ਼ੀਨਾਂ ਬੀ ਵੀ ਨੂੰ ਇੱਕ ਸਪਲਾਈ ਆਦੇਸ਼ 1,09,450[18] ਯੂਰੋ ਦੀ ਲਾਗਤ ਨਾਲ ਦਿੱਤਾ ਗਿਆ ਸੀ (ਸਤੰਬਰ 2014)।

ਮਟਰ ਦੀ ਕਟਾਈ ਕਰਨ ਵਾਲੀ ਮਸ਼ੀਨ ਦੇ ਉਤਪਾਦਕ ਨੇ ਸਪਸ਼ਟ ਕੀਤਾ (ਅਕਤੂਬਰ 2014) ਕਿ ਖੇਤ ਦੀ ਸਹੀ ਤਿਆਰੀ, ਸਮਤਲ ਖੇਤ ਜੋ ਸਿੰਚਾਈ ਖੁਰਾਂ ਤੋਂ ਬਿਨਾਂ ਹੋਣ ਮਟਰ ਕਟਾਈ ਦੇ ਸਫਲ ਮਸ਼ੀਨੀਕਰਣ ਲਈ ਜ਼ਰੂਰੀ ਸਨ। ਮਟਰ ਦੀ ਕਟਾਈ ਕਰਨ ਵਾਲੀ ਮਸ਼ੀਨ ਜਨਵਰੀ 2015 ਵਿੱਚ ਪ੍ਰਾਪਤ ਹੋਈ ਸੀ ਅਤੇ ਇਸ ਦੇ ਆਯਾਤ ਉੱਤੇ ₹ 1.05 ਕਰੋੜ[19] ਦਾ ਖਰਚਾ ਆਇਆ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ 1000 ਏਕੜ ਵਿੱਚ ਵਰਤਣ ਦੇ ਉਦੇਸ਼ਿਤ ਟੀਚੇ ਦੇ ਮੁਕਾਬਲੇ ਕਟਾਈ ਵਾਲੀ ਮਸ਼ੀਨ ਸਾਲ 2016 ਵਿੱਚ ਸਿਰਫ 81 ਏਕੜ ਵਿੱਚ ਕਟਾਈ ਲਈ ਵਰਤੀ ਗਈ ਸੀ ਅਤੇ ਇਸ ਤੋਂ ਬਾਅਦ ਜੁਲਾਈ 2020 ਤੱਕ ਮਸ਼ੀਨ ਦੀ ਵਰਤੋਂ ਨਹੀਂ ਕੀਤੀ ਗਈ ਸੀ। ਇਹ ਦੇਖਿਆ ਗਿਆ ਸੀ ਕਿ:

- ਕਟਾਈ ਕਰਨ ਵਾਲੀ ਮਸ਼ੀਨ ਨੂੰ ਕਿਸਾਨਾਂ ਦੀ ਮੰਗ ਨੂੰ ਨਿਰਧਾਰਤ ਕਰਨ ਲਈ ਕੋਈ ਸਰਵੇਖਣ ਕੀਤੇ ਬਿਨਾਂ ਇਕ ਨਿੱਜੀ ਫਰਮ ਯਾਨੀ ਪੈਗਰੋ ਫੂਡਜ਼ ਲਿਮਟਡ (ਪੀ ਐਫ ਐਲ) ਦੇ ਪ੍ਰਸਤਾਵ ਦੇ ਅਧਾਰ ਤੇ ਹੀ ਖਰੀਦਿਆ ਗਿਆ ਸੀ;
- ਨਿੱਜੀ ਫਰਮ ਨੇ ਵੀ ਸਿਰਫ 81 ਏਕੜ ਦੀ ਕਟਾਈ ਲਈ ਇਕ ਵਾਰ ਮਸ਼ੀਨ ਦੀ ਵਰਤੋਂ ਕੀਤੀ ਅਤੇ ਮਹਿਸੂਸ ਕੀਤਾ (ਮਈ 2015) ਕਿ ਖੇਤ ਦਾ ਮਾਪ ਅਤੇ ਸਿੰਜਾਈ ਪ੍ਰਣਾਲੀਆਂ ਨੂੰ ਤਿਆਰ ਕਰਨ ਲਈ ਯੂਰਪ ਦੀ ਬਿਜਾਈ ਦੇ ਤਰੀਕਿਆਂ ਦਾ ਅਧਿਐਨ ਕਰਨ ਦੀ ਜ਼ਰੂਰਤ ਸੀ। ਭਾਰਤ ਵਿੱਚ, ਹਰੇ ਮਟਰਾਂ ਨੂੰ ਸਮਤਲ ਜ਼ਮੀਨਾਂ ਤੇ ਨਹੀਂ ਬੀਜਿਆ ਜਾਂਦਾ, ਬਲਕਿ ਇਹ ਖੁਰਾਂ ਵਿੱਚ ਹੜ੍ਹ ਸਿੰਚਾਈ ਤੇ ਸੀ, ਜੋ ਕਟਾਈ ਦੀ ਮਸ਼ੀਨ ਦੀ ਆਵਾਜਾਈ ਨੂੰ

---

[18] ਟੈਕਸਾਂ ਅਤੇ ਡਿਊਟੀਆਂ ਨੂੰ ਛੱਡ ਕੇ।

[19] ਮਸ਼ੀਨ ਦੀ ਕੀਮਤ: ₹ 85,13,792 + ਕਸਟਮ ਡਿਊਟੀ ਖਰਚੇ: ₹ 10,97,258 + ਕਸਟਮ ਕਲੀਅਰਿੰਗ ਚਾਰਜਿਜ: ₹ 8,05,399 ਅਦਾ ਕੀਤੇ ਗਏ + ਟਰਾਂਸਪੋਰਟੇਸ਼ਨ ਚਾਰਜਿਜ਼: ₹ 50,562।

ਅਸਾਨ ਬਣਾਉਣ ਲਈ ਢੁੱਕਵਾਂ ਨਹੀਂ ਸੀ। ਇਸ ਦੇ ਨਾਲ ਇਹ ਭਾਰਤ ਵਿੱਚ ਬੀਜੀਆਂ ਜਾਂਦੀਆਂ ਹਰੇ ਮਟਰਾਂ ਦੀਆਂ ਕਿਸਮਾਂ ਦੀ ਕਟਾਈ ਲਈ ਢੁੱਕਵੀਂ ਨਹੀਂ ਸੀ;

- ਭਾਰਤੀ ਖੇਤਰਾਂ ਵਿੱਚ ਕਟਾਈ ਵਾਲੀ ਮਸ਼ੀਨ ਦੀ ਵਰਤੋਂ ਦੀ ਸੰਭਾਵਨਾ ਦਾ ਅਧਿਐਨ, ਇਸ ਦੀ ਖਰੀਦ ਤੋਂ ਪਹਿਲਾਂ ਨਹੀਂ ਕੀਤਾ ਗਿਆ ਸੀ। ਉਤਪਾਦਕ ਦੇ ਸਪੱਸ਼ਟੀਕਰਣ ਦੇ ਬਾਵਜੂਦ ਕਿ ਖੇਤਰਾਂ ਨੂੰ ਸਮਤਲ ਹੋਣਾ ਚਾਹੀਦਾ ਹੈ, ਕੰਪਨੀ ਪ੍ਰਸਤਾਵ ਨਾਲ ਅੱਗੇ ਵੱਧ ਗਈ;
- ਵਿਕਰੇਤਾ ਦੁਆਰਾ ਮਸ਼ੀਨ ਦੀ ਕੋਈ ਵਾਰੰਟੀ ਨਹੀਂ ਦਿੱਤੀ ਗਈ ਸੀ। ਉਨ੍ਹਾਂ ਦਸ ਸਾਲਾਂ ਲਈ ਸਿਰਫ਼ ਪੁਰਜ਼ਿਆਂ ਦੀ ਉਪਲੱਬਧਤਾ ਦੀ ਗਰੰਟੀ ਦਿੱਤੀ ਸੀ, ਜਿਸ ਵਿੱਚੋਂ ਪੰਜ ਸਾਲ ਪਹਿਲਾਂ ਹੀ ਮਸ਼ੀਨ ਦੀ ਸਰਵੋਤਮ ਸਮਰੱਥਾ ਦੀ ਵਰਤੋਂ ਬਿਨ੍ਹਾਂ ਬੀਤ ਚੁੱਕੇ ਸਨ;
- ਮਟਰ ਕਟਾਈ ਕਰਨ ਵਾਲੀ ਮਸ਼ੀਨ ਦਾ ਪ੍ਰਦਰਸ਼ਨ 13 ਮਾਰਚ 2015 ਨੂੰ ਲਾਡੋਵਾਲ ਫਾਰਮ, ਲੁਧਿਆਣਾ ਵਿਖੇ ਸਿਰਫ ਇੱਕ ਵਾਰ ਕੀਤਾ ਗਿਆ ਸੀ। ਮਸ਼ੀਨ ਦੀ ਖਰੀਦ ਤੋਂ ਪਹਿਲਾਂ (ਸਤੰਬਰ 2014) ਅਤੇ ਮਸ਼ੀਨ ਦੀ ਖਰੀਦ ਤੋਂ ਤੁਰੰਤ ਬਾਅਦ (ਮਾਰਚ 2015) ਵੱਖ-ਵੱਖ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤਾ ਗਿਆ ਸੀ। ਬਾਅਦ ਵਿੱਚ, ਮਸ਼ੀਨ ਦੇ ਲਾਭ ਅਤੇ ਉਪਯੋਗਤਾ ਦੇ ਸੰਬੰਧ ਵਿੱਚ ਵਿਆਪਕ ਪ੍ਰਚਾਰ ਦੇਣ ਲਈ ਕੋਈ ਯਤਨ ਨਹੀਂ ਕੀਤੇ ਗਏ;
- ਖਰੀਦ, ਬੋਰਡ ਆਫ ਡਾਇਰੈਕਟਰਜ਼ ਦੀ ਮਨਜ਼ੂਰੀ ਤੋਂ ਬਿਨਾਂ ਪ੍ਰਬੰਧ ਨਿਦੇਸ਼ਕ ਦੀ ਸਹਿਮਤੀ ਨਾਲ ਕੀਤੀ ਗਈ ਸੀ।

ਇਸ ਤਰ੍ਹਾਂ, ਵੀਹ ਸਾਲ ਪੁਰਾਣੀ ਮਟਰ ਕਟਾਈ ਕਰਨ ਵਾਲੀ ਮਸ਼ੀਨ ਨੂੰ ਰਾਜ ਵਿੱਚ ਖੇਤਾਂ ਦੀਆਂ ਸਥਿਤੀਆਂ ਲਈ ਇਸਦੀ ਵਿਵਹਾਰਿਕਤਾ ਅਤੇ ਵਰਤੋਂ ਦੀ ਸੰਭਾਵਨਾ ਦਾ ਸਹੀ ਅਨੁਮਾਨ ਲਗਾਏ ਬਿਨਾਂ ਖਰੀਦਣ ਦੇ ਨਤੀਜੇ ਵਜੋਂ ਇਸਦੀ ਉਪਯੋਗਤਾ ਨਹੀਂ ਹੋਈ, ਜਿਸ ਨਾਲ ਇਸਦੀ ਖਰੀਦ ਤੇ ਖਰਚ ਕੀਤੇ ₹ 1.05 ਕਰੋੜ ਵਿਅਰਥ ਹੋ ਗਏ ।

ਮੈਨੇਜਮੈਂਟ ਨੇ ਦੱਸਿਆ (ਮਈ 2021) ਕਿ ਹਰੇ ਮਟਰਾਂ ਦੀ ਮਸ਼ੀਨੀ ਕਟਾਈ ਦੀ ਸ਼ੁਰੂਆਤ ਨਾਲ, ਉਤਪਾਦਨ ਦੀ ਲਾਗਤ ਅਤੇ ਖੇਤਾਂ ਨੂੰ ਛੇਤੀ ਖਾਲੀ ਕਰਨ ਵਿੱਚ ਅਨੁਮਾਨਤ ਬਚਤ ਹੋਵੇਗੀ ਜਿਸ ਨਾਲ ਕਿਸਾਨਾਂ ਨੂੰ ਇੱਕ ਸਾਲ ਵਿੱਚ ਤਿੰਨ ਫਸਲੀ ਚੱਕਰ ਲਗਾਉਣ ਵਿੱਚ ਸਹਾਇਤਾ ਮਿਲੇਗੀ। ਜਵਾਬ ਸਵੀਕਾਰਨਯੋਗ ਨਹੀਂ ਹੈ ਕਿਉਂਕਿ ਇੱਛਿਤ ਉਦੇਸ਼ਾਂ ਨੂੰ ਪ੍ਰਾਪਤ ਨਹੀਂ ਕੀਤਾ ਗਿਆ ਸੀ। ਮਸ਼ੀਨ ਅਣਵਰਤੀ ਰਹੀ ਕਿਉਂਕਿ ਕੰਪਨੀ ਮਟਰਾਂ ਦੀ ਕਟਾਈ ਵਾਲੀ ਮਸ਼ੀਨ ਦੀ ਆਵਾਜਾਈ ਵਿੱਚ ਅਸਾਨੀ ਲਈ ਸਮਤਲ ਖੇਤ ਸੁਨਿਸ਼ਚਿਤ ਨਹੀਂ ਕਰ ਸਕੀ ਸੀ।

ਮਾਮਲਾ ਸਰਕਾਰ ਨੂੰ ਭੇਜਿਆ ਗਿਆ (ਦਸੰਬਰ 2020); ਉਨ੍ਹਾਂ ਦੇ ਜਵਾਬ ਦੀ ਉਡੀਕ ਸੀ (ਜੁਲਾਈ 2021)।

# ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ

## 2.8 ਝੋਨੇ ਦਾ ਗਬਨ

***ਕਸਟਮ ਮਿਲਿੰਗ ਪਾਲਿਸੀ ਦੀ ਉਲੰਘਣਾ ਅਤੇ ਮਿਲਿੰਗ ਕਾਰਜਾਂ ਦੀ ਨਾਕਾਫੀ ਨਿਗਰਾਨੀ ਦੇ ਕਾਰਨ ₹ 5.49 ਕਰੋੜ ਦੇ ਝੋਨੇ ਦਾ ਗਬਨ ਹੋਇਆ।***

ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ (ਕੰਪਨੀ ) ਭਾਰਤ ਸਰਕਾਰ (ਜੀ ਓ ਆਈ) ਦੀ ਤਰਫੋਂ ਕੇਂਦਰੀ ਪੂਲ ਲਈ ਝੋਨੇ ਦੀ ਖਰੀਦ ਕਰਦੀ ਹੈ; ਇਸ ਨੂੰ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ (ਡੀ ਐਫ ਐਸ ਸੀ), ਪੰਜਾਬ ਸਰਕਾਰ ਦੁਆਰਾ ਅਲਾਟ ਕੀਤੇ ਚਾਵਲ ਮਿੱਲ ਮਾਲਕਾਂ ਕੋਲ ਭੰਡਾਰ ਕਰਦੀ ਹੈ; ਰਾਜ ਸਰਕਾਰ ਦੀ ਕਸਟਮ ਮਿਲਿੰਗ ਪਾਲਿਸੀ (ਸੀ ਐਮ ਪੀ) ਦੇ ਅਨੁਸਾਰ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ ਸੀ ਆਈ) ਨੂੰ ਨਤੀਜੇ ਵਜੋਂ ਚਾਵਲ ਦੀ ਡਿਲਿਵਰੀ ਲਈ ਮਿੱਲ ਮਾਲਕਾਂ ਤੋਂ ਮਿੱਲ ਕਰਵਾਉਂਦੀ ਹੈ।

ਕੰਪਨੀ ਦੇ ਜ਼ਿਲ੍ਹਾ ਦਫ਼ਤਰ, ਫਿਰੋਜ਼ਪੁਰ ਨੇ ਮਿੱਲ ਮਾਲਕ ਕੋਲ ਫਸਲ ਸਾਲ ਖਰੀਫ ਮਾਰਕੀਟਿੰਗ ਸੀਜ਼ਨ (ਕੇ ਐਮ ਐਸ) 2017-18 ਦੀ 7,315.69 ਐਮ ਟੀ ਝੋਨੇ ਦੀ ਮਿਲਿੰਗ ਲਈ ਭੰਡਾਰ (ਦਸੰਬਰ 2017) ਕੀਤੀ ਅਤੇ 31 ਮਾਰਚ 2018 ਤੱਕ ਐਫ ਸੀ ਆਈ ਨੂੰ 4,901.51 ਐਮ ਟੀ ਚਾਵਲ ਦੀ ਡਿਲਿਵਰੀ ਦਿੱਤੀ। ਕੇ ਐਸ ਐਸ 2017-18 ਲਈ ਸੀ ਐਮ ਪੀ (ਸਤੰਬਰ 2017) ਵਿੱਚ ਇਹ ਵਿਵਸਥਾ ਕੀਤੀ ਗਈ ਸੀ ਕਿ ਮਿੱਲ ਕੀਤੇ ਗਏ ਚਾਵਲਾਂ ਦਾ 66 *ਪ੍ਰਤੀਸ਼ਤ* 17 ਫਰਵਰੀ 2018 ਤੱਕ, 77 *ਪ੍ਰਤੀਸ਼ਤ* 28 ਫਰਵਰੀ 2018 ਤੱਕ ਅਤੇ 100 *ਪ੍ਰਤੀਸ਼ਤ* 31 ਮਾਰਚ 2018 ਤੱਕ ਡਿਲਿਵਰ ਕੀਤਾ ਜਾਵੇਗਾ। ਮਿੱਲ ਮਾਲਕ ਡਿਲਿਵਰੀ ਸ਼ਡਿਊਲ ਦੀ ਪਾਲਣਾ ਨਹੀਂ ਕਰ ਸਕਿਆ ਅਤੇ 13 ਮਾਰਚ 2018 ਤੱਕ ਸਿਰਫ 3,129.17 ਐਮ ਟੀ (63.84 *ਪ੍ਰਤੀਸ਼ਤ*) ਚਾਵਲਾਂ ਦੀ ਡਿਲਿਵਰੀ ਕਰ ਸਕਿਆ। ਕੰਪਨੀ ਦੁਆਰਾ 28 ਫਰਵਰੀ 2018 ਨੂੰ ਮਿੱਲ ਪਰਿਸਰ ਵਿੱਚ ਸਟਾਕ ਦੀ ਭੌਤਿਕ ਤਸਦੀਕ (ਪੀ ਵੀ) ਵਿੱਚ 2,645.28 ਐਮ ਟੀ ਝੋਨੇ ਦੇ ₹ 5.49 ਕਰੋੜ ਮੁੱਲ ਦੀ ਕਮੀ ਦਿਖਾਈ ਗਈ। ਕੰਪਨੀ ਨੇ ਪੁਲਿਸ ਕੋਲ ਪਹਿਲੀ ਸੂਚਨਾ ਰਿਪੋਰਟ ਦਰਜ ਕੀਤੀ (ਅਪ੍ਰੈਲ 2018) ਅਤੇ ਮਿੱਲ ਮਾਲਕ ਦੇ ਵਿਰੁੱਧ ਆਰਬਿਟਰੇਸ਼ਨ ਕਾਰਵਾਈ ਸ਼ੁਰੂ ਕੀਤੀ (26 ਜੁਲਾਈ 2018)। ਕੰਪਨੀ ਨੇ ਚਾਵਲ ਮਿੱਲ ਮਾਲਕ ਦੀ ਜਾਇਦਾਦ ਦੀ ਵਿਕਰੀ ਅਤੇ ਤਬਾਦਲੇ ਤੇ ਪਾਬੰਦੀ ਲਈ ਸਿਵਲ ਅਦਾਲਤ ਵਿੱਚ ਕੇਸ ਵੀ ਦਾਇਰ ਕੀਤਾ (ਮਾਰਚ 2018)। ਅਦਾਲਤ ਦੁਆਰਾ ਸੰਪਤੀ ਦੀ ਕੁਰਕੀ ਬਕਾਇਆ ਸੀ ਅਤੇ ਮਾਰਚ 2021 ਤੱਕ ਮਿੱਲ ਮਾਲਕ ਤੋਂ ਕੋਈ ਵਸੂਲੀ ਨਹੀਂ ਕੀਤੀ ਜਾ ਸਕੀ ਸੀ।

ਲੇਖਾ ਪ੍ਰੀਖਿਆ ਨੇ ਹੇਠ ਅਨੁਸਾਰ ਦੇਖਿਆ ਹੈ ਕਿ:

- ਸੀ ਐਮ ਪੀ ਨੇ ਪ੍ਰਾਵਧਾਨ ਕੀਤਾ ਕਿ ਮਿਲਿੰਗ ਦੀ ਗਤੀ ਦੀ ਏਜੰਸੀਆਂ[20] ਦੁਆਰਾ ਨਿਗਰਾਨੀ ਕੀਤੀ ਜਾਏਗੀ ਅਤੇ ਜੇ ਕਿਸੇ ਚਾਵਲ ਮਿੱਲ ਵਿੱਚ ਸਟੋਰ ਕੀਤਾ ਗਿਆ ਝੋਨਾ ਕਿਸੇ ਕਾਰਨ ਕਰਕੇ ਸਮਾਂਸੂਚੀ ਮੁਤਾਬਿਕ ਮਿੱਲ ਨਹੀਂ ਕੀਤਾ ਜਾ ਰਿਹਾ ਸੀ, ਤਾਂ ਏਜੰਸੀ ਨੂੰ ਝੋਨੇ ਨੂੰ ਕਿਸੇ ਹੋਰ ਚਾਵਲ ਮਿੱਲ ਮੂਲ ਅਲਾਟੀ ਦੇ ਜੌਖਮ ਅਤੇ ਕੀਮਤ ਤੇ ਤਬਦੀਲ ਕਰਨ ਦਾ ਅਧਿਕਾਰ ਸੀ। ਮਿੱਲ ਮਾਲਕ ਨੇ 15 ਫਰਵਰੀ 2018 ਤੱਕ 55 *ਪ੍ਰਤੀਸ਼ਤ* ਝੋਨੇ ਦੀ ਮਿਲਿੰਗ ਕੀਤੀ ਜੋ 66 *ਪ੍ਰਤੀਸ਼ਤ* ਦੇ ਟੀਚੇ ਦੀ ਮਾਤਰਾਂ ਦੇ ਮੁਕਾਬਲੇ ਸੀ। ਪਰ ਜ਼ਿਲ੍ਹਾ ਦਫਤਰ ਨੇ ਝੋਨੇ ਨੂੰ ਇੱਕ ਹੋਰ ਮਿੱਲ ਮਾਲਕ ਕੋਲ ਤਬਦੀਲ ਨਹੀਂ ਕੀਤਾ ਜਿਸਨੇ 15 ਫਰਵਰੀ 2018 ਤੱਕ ਅਲਾਟ ਕੀਤੇ ਝੋਨੇ ਦੀ 100 *ਪ੍ਰਤੀਸ਼ਤ* ਮਿਲਿੰਗ ਮੁਕੰਮਲ ਕਰ ਲਈ ਸੀ।

- ਸੀ ਐਮ ਪੀ ਦੇ ਅਨੁਸਾਰ, ਝੋਨੇ ਦੇ ਭੰਡਾਰਾਂ ਦੀ ਭੌਤੀਕ ਤਸਦੀਕ (ਪੀ ਵੀ) 15 ਫਰਵਰੀ 2018 ਤੱਕ ਪੰਦਰਵਾੜੇ ਦੇ ਆਧਾਰ ਤੇ ਕੀਤੀ ਗਈ ਸੀ ਪਰ ਪੀ ਵੀ ਵਿੱਚ ਘਾਟ ਦੀ ਰਿਪੋਰਟ ਨਹੀਂ ਸੀ। ਹਾਲਾਂਕਿ, 28 ਫਰਵਰੀ 2018 ਨੂੰ ਕਰਵਾਈ ਗਈ ਪੀ ਵੀ ਦੌਰਾਨ 2,645.28 ਐਮ ਟੀ ਝੋਨੇ ਦੀ ਘਾਟ ਵੇਖੀ ਗਈ। ਦੋ ਹਫਤਿਆਂ ਦੇ ਥੋੜ੍ਹੇ ਸਮੇਂ ਵਿੱਚ ਇੰਨੀ ਵੱਡੀ ਮਾਤਰਾ ਵਿੱਚ ਭੰਡਾਰ ਦੀ ਘਾਟ ਇਹ ਦਰਸਾਉਂਦੀ ਹੈ ਕਿ ਜਾਂ ਤਾਂ ਪੀ ਵੀਜ਼ ਨੂੰ ਪਹਿਲਾਂ ਸਹੀ ਤਰ੍ਹਾਂ ਨਹੀਂ ਕੀਤਾ ਗਿਆ ਸੀ ਜਾਂ ਉਸ ਤੋਂ ਬਾਅਦ ਸਟਾਕ ਦੀ ਗਤੀ ਤੇ ਢੁਕਵੀ ਨਜ਼ਰ ਨਹੀਂ ਰੱਖੀ ਗਈ ਸੀ। ਇਥੇ ਇਹ ਜ਼ਿਕਰਯੋਗ ਹੈ ਕਿ ਏ ਜੀ ਐਮ (ਖਰੀਦ) ਨੂੰ ਦਿੱਤੇ ਗਏ ਇੱਕ ਨੋਟ ਵਿੱਚ ਇਹ ਦੱਸਿਆ ਗਿਆ ਸੀ ਕਿ ਮਿੱਲ ਦੇ ਅਹਾਤੇ ਵਿੱਚ ਪਹਿਲਾਂ ਹੀ ਘਾਟ ਪਾਈ ਗਈ ਸੀ, ਜੋ ਕਿ ਕੀਤੀਆਂ ਗਈਆਂ ਪੀ ਵੀਜ਼ ਵਿੱਚ ਰਿਕਾਰਡ ਤੇ ਨਹੀਂ ਲਿਆਂਦੀ ਗਈ ਸੀ।
- ਕੰਪਨੀ ਦੀਆਂ ਹਦਾਇਤਾਂ (ਅਕਤੂਬਰ 2017) ਦੇ ਅਨੁਸਾਰ, ਜ਼ਿਲ੍ਹਾ ਮੈਨੇਜਰ ਪਹਿਲੇ ਪੰਦਰਵਾੜੇ ਵਿੱਚ ਅਲਾਟ ਕੀਤੀਆਂ ਮਿੱਲਾਂ ਵਿੱਚ ਸਟਾਕ ਦੇ 50 *ਪ੍ਰਤੀਸ਼ਤ* ਦੀ ਪੀ ਵੀ ਅਤੇ ਦੂਜੇ ਪੰਦਰਵਾੜੇ ਵਿੱਚ ਬਾਕੀ ਬਚੇ 50 *ਪ੍ਰਤੀਸ਼ਤ* ਦੀ ਕਰੇਗਾ। ਅਜਿਹੀਆਂ ਮਿੱਲਾਂ ਦੀ ਪੀ ਵੀ ਕਰਵਾਉਣਾ ਲਾਜ਼ਮੀ ਸੀ ਜੋ ਨਿਰਧਾਰਤ ਮਿਲਿੰਗ ਦੀ ਸਮਾਂ ਸੂਚੀ ਤੋਂ ਪਛੜ ਗਈਆਂ ਸਨ। ਮਿਲਿੰਗ ਦੀ ਗਤੀ ਨਿਰਧਾਰਤ ਸਮੇਂ ਦੇ ਅਨੁਸਾਰ ਨਹੀਂ ਸੀ ਅਤੇ ਮਿੱਲ ਮਾਲਕ ਨੇ 15 ਫਰਵਰੀ 2018 ਤੱਕ 66 *ਪ੍ਰਤੀਸ਼ਤ* ਦੇ ਟੀਚੇ ਦੇ ਮੁਕਾਬਲੇ 55 *ਪ੍ਰਤੀਸ਼ਤ* ਝੋਨੇ ਦੀ ਮਿਲਿੰਗ ਕੀਤੀ ਸੀ। ਇਸ ਤਰਾਂ, ਜ਼ਿਲ੍ਹਾ ਮੈਨੇਜਰ ਨੂੰ ਪੰਦਰਵਾੜੇ ਪੀ ਵੀ ਕਰਨੀ ਚਾਹੀਦੀ ਸੀ । ਹਦਾਇਤਾਂ ਦੇ ਵਿਰੁੱਧ, ਜ਼ਿਲ੍ਹਾ ਮੈਨੇਜਰ ਨੇ ਸਿਰਫ 27 ਦਸੰਬਰ 2017 ਅਤੇ 30 ਜਨਵਰੀ 2018 ਨੂੰ ਪੀ ਵੀ ਕੀਤੀ ਅਤੇ ਫਰਵਰੀ 2018 ਦੌਰਾਨ ਜ਼ਿਲ੍ਹਾ ਮੈਨੇਜਰ ਦੁਆਰਾ ਕੋਈ ਵੀ ਪੀ ਵੀ ਨਹੀਂ ਕੀਤੀ ਗਈ ਸੀ।
- ਸੀ ਐਸ ਪੀ ਦੇ ਅਨੁਸਾਰ, ਮਿੱਲ ਮਾਲਕ ਨੂੰ ਝੋਨਾ 200 ਐਮ ਟੀ ਦੇ ਅਗੇਤੇ ਚਾਵਲਾਂ ਦੇ ਮੁਕਾਬਲੇ ਇੱਕ ਰਿਲੀਜ਼ ਹੁਕਮ ਦੁਆਰਾ ਜਾਰੀ ਕੀਤੇ ਜਾਣੇ ਸਨ। 15 ਫਰਵਰੀ 2018 ਤੋਂ ਦੋ ਹਫਤਿਆਂ ਵਿੱਚ 2,645.28 ਐਮ ਟੀ ਝੋਨੇ ਦੀ ਇੰਨੀ ਵੱਡੀ ਮਾਤਰਾ ਦੀ ਘਾਟ ਇਹ ਸੰਕੇਤ

[20] ਅਨਾਜ ਖਰੀਦਣ ਵਾਲੀਆਂ ਏਜੰਸੀਆਂ ਵਿੱਚ ਸ਼ਾਮਲ ਹਨ ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਿਡ; ਪੰਜਾਬ ਰਾਜ ਸਿਵਲ ਸਪਲਾਇਜ਼ ਕਾਰਪੋਰੇਸ਼ਨ ਲਿਮਟਿਡ; ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ; ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਉਰਮੈਂਟ ਕਾਰਪੋਰੇਸ਼ਨ ਲਿਮਟਿਡ ਅਤੇ ਪੰਜਾਬ ਰਾਜ ਸਹਿਕਾਰੀ ਸਪਲਾਈ ਮਾਰਕੀਟਿੰਗ ਫੈਡਰੇਸ਼ਨ ਲਿਮਟਿਡ (ਇੱਕ ਸਹਿਕਾਰੀ ਅਤੇ ਸੀ ਏ ਜੀ ਦੀ ਪੜਤਾਲ ਦੇ ਦਾਇਰੇ ਵਿੱਚ ਨਹੀਂ) ਮਾਰਕਫੈਡ।

ਕਰਦੀ ਹੈ ਕਿ ਸੀ ਐਮ ਪੀ ਦੇ ਇਸ ਪ੍ਰਾਵਧਾਨ ਦੀ ਵੀ ਕੰਪਨੀ ਦੁਆਰਾ ਪਾਲਣਾ ਨਹੀਂ ਕੀਤੀ ਗਈ ਸੀ ਅਤੇ ਮਿੱਲ ਮਾਲਕ ਨੇ ਝੋਨੇ ਨੂੰ ਉਠਾਇਆ/ਤਬਦੀਲ ਕੀਤਾ ਸੀ।

- ਮਿੱਲ ਮਾਲਕ ਨੂੰ ਦਿੱਤੇ ਗਏ ₹ 15.21 ਕਰੋੜ ਦੇ ਝੋਨੇ ਦੇ ਮੁੱਲ ਨੂੰ ਧਿਆਨ ਵਿੱਚ ਰੱਖਦਿਆਂ, ਸੀ ਐਮ ਪੀ ਦੇ ਅਨੁਸਾਰ ₹ 5 ਲੱਖ ਦੀ ਨਿਰਧਾਰਤ ਜਮ੍ਹਾਂ ਸੁਰੱਖਿਆ ਨੁਕਸਾਨ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਨਾਕਾਫੀ ਸੀ।
- ਸੀ ਐਸ ਪੀ ਵਿੱਚ ਮਿੱਲ ਮਾਲਕ ਤੋਂ ਬਿਨਾਂ ਤਾਰੀਖਾਂ ਦੇ ਹਸਤਾਖਰ ਕੀਤੇ ਦੋ ਚੈੱਕ ਗਾਰੰਟੀ ਦੇ ਰੂਪ ਵਿੱਚ ਪ੍ਰਾਪਤ ਕਰਨ ਲਈ ਵੀ ਪ੍ਰਾਵਧਾਨ ਸੀ। ਝੋਨੇ ਦੇ ਭੰਡਾਰਣ ਤੋਂ ਪਹਿਲਾ ਕੁਲ ਝੋਨੇ ਦੀ ਕੀਮਤ ਦੇ 50 *ਪ੍ਰਤੀਸ਼ਤ* ਦਾ ਚੈੱਕ ਮਿੱਲ ਮਾਲਕ ਦੁਆਰਾ ਦਿੱਤਾ ਜਾਣਾ ਸੀ ਅਤੇ ਬਾਕੀ 50 *ਪ੍ਰਤੀਸ਼ਤ* ਮੁੱਲ ਦਾ ਦੂਜਾ ਚੈੱਕ ਝੋਨੇ ਦੇ ਭੰਡਾਰਨ ਮੁਕੰਮਲ ਹੋਣ ਤੋਂ ਬਾਅਦ ਦਿੱਤਾ ਜਾਣਾ ਸੀ। ਇਹ ਚੈੱਕ ਮਿੱਲ ਮਾਲਕ ਦੁਆਰਾ ਮਿਲਿੰਗ ਲਈ ਸਵੀਕਾਰ ਕੀਤੀ ਗਈ ਝੋਨੇ ਦੀ ਮਾਤਰਾ ਪ੍ਰਾਪਤ ਕਰਨ ਦੇ ਨਾਲ 4 ਦਸੰਬਰ 2017 ਤਕ ਦਿੱਤੇ ਜਾਣੇ ਜ਼ਰੂਰੀ ਸਨ। ਹਾਲਾਂਕਿ, ਮਿੱਲ ਮਾਲਕ ਦੁਆਰਾ ਦਿੱਤੇ ਚੈਕ 20 ਮਾਰਚ 2018 ਨੂੰ ਭਾਵ ਘਾਟ ਵੇਖਣ ਦੇ 20 ਦਿਨਾਂ ਬਾਅਦ, ਪੇਸ਼ ਕੀਤੇ ਗਏ ਸਨ ਅਤੇ ਡਿਸਓਨਰ ਹੋ ਗਏ ਸਨ। ਮਿੱਲ ਮਾਲਕ ਖਿਲਾਫ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ, 1881 ਦੀ ਧਾਰਾ 138 (ੳ) ਅਨੁਸਾਰ ਸ਼ਿਕਾਇਤ ਦਰਜ ਕੀਤੀ ਗਈ ਹੈ।

ਕੰਪਨੀ ਨੇ ਕਲਰਕ ਦੀ ਤਨਖਾਹ ਦੇ ਦੋ ਵਾਧੇ ਨੂੰ ਰੋਕਣ ਦਾ ਫੈਸਲਾ ਕੀਤਾ (ਸਤਬੰਰ 2019)।

ਇਸ ਤਰ੍ਹਾਂ, ਸੀ ਐਮ ਪੀ ਦੀਆਂ ਕਈ ਉਲੰਘਣਾਵਾਂ ਅਤੇ ਮਿਲਿੰਗ ਕਾਰਜਾਂ ਤੇ ਨਾਕਾਫੀ ਨਿਗਰਾਨੀ ਦੇ ਨਾਲ-ਨਾਲ ਸਬੰਧਤ ਚਾਵਲ ਮਿੱਲ ਮਾਲਕ ਦੇ ਜੋਖਮ ਅਤੇ ਲਾਗਤ ਤੇ ਝੋਨੇ ਨੂੰ ਹੋਰ ਮਿੱਲਾਂ ਨੂੰ ਸਮੇਂ ਸਿਰ ਤਬਦੀਲ ਕਰਨ ਵਿੱਚ ਨਾਕਾਮਯਾਬੀ ਦੇ ਕਾਰਨ, ਜ਼ਿਲ੍ਹਾ ਅਧਿਕਾਰੀਆਂ ਦੇ ਮਾੜੇ ਇਰਾਦੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਜਿਸ ਕਾਰਨ ਕੰਪਨੀ ਨੂੰ ₹ 5.49 ਕਰੋੜ ਦਾ ਨੁਕਸਾਨ ਹੋਇਆ।

ਮੈਨੇਜਮੈਂਟ/ਸਰਕਾਰ ਨੇ ਦੱਸਿਆ (ਮਈ 2021/ਜੁਲਾਈ 2021) ਕਿ ਝੋਨਾ ਉਨ੍ਹਾਂ ਚਾਵਲ ਮਿੱਲਾਂ ਨੂੰ ਤਬਦੀਲ ਕੀਤਾ ਜਾ ਸਕਦਾ ਹੈ ਜਿਨ੍ਹਾਂ ਨੇ 100 *ਪ੍ਰਤੀਸ਼ਤ* ਮਿਲਿੰਗ ਪੂਰੀ ਕਰ ਲਈ ਹੈ ਪਰ ਜ਼ਿਲ੍ਹੇ ਵਿੱਚ 100 *ਪ੍ਰਤੀਸ਼ਤ* ਮਿਲਿੰਗ 26 ਫਰਵਰੀ 2018 ਤੱਕ ਮੁਕੰਮਲ ਨਹੀਂ ਹੋਈ ਸੀ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਜ਼ਿਲੇ ਦੇ ਇੱਕ ਮਿੱਲ ਮਾਲਕ ਨੇ 15 ਫਰਵਰੀ 2018 ਤੱਕ 100 *ਪ੍ਰਤੀਸ਼ਤ* ਮਿਲਿੰਗ ਪੂਰੀ ਕਰ ਲਈ ਸੀ ਅਤੇ ਮਿੱਲ ਮਾਲਕ ਦੇ ਜੋਖਮ ਅਤੇ ਕੀਮਤ ਤੇ ਝੋਨੇ ਨੂੰ ਉਸ ਚਾਵਲ ਮਿੱਲ ਨੂੰ ਤਬਦੀਲ ਕੀਤਾ ਜਾ ਸਕਦਾ ਸੀ। ਮੈਨੇਜਮੈਂਟ ਨੇ ਅੱਗੇ ਕਿਹਾ ਕਿ ਜੇ ਕੰਪਨੀ ਮਿੱਲ ਮਾਲਕ ਤੋਂ ਆਰਬਿਟਰੇਸ਼ਨ ਕਾਰਵਾਈ ਦੁਆਰਾ ਵਿੱਤੀ ਨੁਕਸਾਨ ਦੀ ਭਰਪਾਈ ਕਰਨ ਦੇ ਯੋਗ ਨਹੀਂ ਹੋਵੇਗੀ ਤਾਂ ਵਿੱਤੀ ਨੁਕਸਾਨ ਫਿਰ ਮਿਲਿੰਗ ਇੰਚਾਰਜ ਤੋਂ ਵਸੂਲ ਕੀਤਾ ਜਾਵੇਗਾ ਪਰ ਵਸੂਲੀ ਦੀ ਸੰਭਾਵਨਾ ਬਹੁਤ ਘੱਟ ਹੈ।

**ਕੰਪਨੀ ਪੰਜਾਬ ਸਰਕਾਰ ਦੀ ਕਸਟਮ ਮਿਲਿੰਗ ਨੀਤੀ ਦੇ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਨੂੰ ਯਕੀਨੀ ਬਣਾਏ ਤਾਂ ਜੋ ਇਸਦੇ ਵਿੱਤੀ ਹਿੱਤਾਂ ਦੀ ਰੱਖਿਆ ਕੀਤੀ ਜਾ ਸਕੇ। ਸਰਕਾਰ/ਵਿਭਾਗ ਅਨਾਜ ਖਰੀਦ ਏਜੰਸੀਆਂ ਦੇ ਝੋਨੇ ਦੀ ਮਲਿੰਗ ਦੇ ਕੰਮਾਂ ਦੀ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਿਗਰਾਨੀ ਕਰਨ ਬਾਰੇ ਵੀ ਵਿਚਾਰ ਕਰੇ। ਸਰਕਾਰ ਮਿੱਲ ਮਾਲਕਾਂ ਦੁਆਰਾ ਦਿੱਤੀ ਗਈ ਨਿਰਧਾਰਤ ਸੁਰੱਖਿਆ ਜਮ੍ਹਾ ਰਾਸ਼ੀ ਵਧਾਉਣ ਬਾਰੇ ਵੀ ਵਿਚਾਰ ਕਰੇ।**

## 2.9 ਵਨ ਟਾਈਮ ਸੈਟਲਮੈਂਟ ਪਾਲਿਸੀ ਦੇ ਤਹਿਤ ਘੱਟ ਵਸੂਲੀ

***ਓ ਟੀ ਐਸ ਦੀ ਰਾਸ਼ੀ ਨੂੰ ਅੰਤਿਮ ਰੂਪ ਦੇਣ ਸਮੇਂ ਖਰੀਫ ਮਾਰਕੀਟਿੰਗ ਸੀਜ਼ਨ 2016-17 ਦੇ ਅਨੁਸਾਰ ਦਰਾਂ ਨੂੰ ਲਾਗੂ ਨਾ ਕਰਨ ਅਤੇ ਡਿਲਿਵਰ ਨਾ ਕੀਤੇ ਚਾਵਲਾਂ ਦੀ ਕੀਮਤ ਤੇ ਵੈਟ ਦੀ ਵਸੂਲੀ ਨਾ ਹੋਣ ਦੇ ਨਤੀਜੇ ਵਜੋਂ ਮਿੱਲ ਮਾਲਕਾਂ ਤੋਂ ₹ 1.46 ਕਰੋੜ ਦੀ ਘੱਟ ਵਸੂਲੀ ਹੋਈ।***

ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ (ਕੰਪਨੀ) ਭਾਰਤ ਸਰਕਾਰ (ਜੀ ਓ ਆਈ) ਵੱਲੋਂ ਕੇਂਦਰੀ ਪੂਲ ਲਈ ਝੋਨੇ ਦੀ ਖਰੀਦ ਕਰਦੀ ਹੈ; ਜਿਸ ਨੂੰ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ (ਡੀ ਐਫ ਐਸ ਸੀ) ਵਿਭਾਗ, ਪੰਜਾਬ ਸਰਕਾਰ ਦੁਆਰਾ ਅਲਾਟ ਕੀਤੇ ਚਾਵਲ ਮਿੱਲ ਮਾਲਕਾਂ ਕੋਲ ਭੰਡਾਰ ਕਰਦੀ ਹੈ; ਰਾਜ ਸਰਕਾਰ ਦੀ ਕਸਟਮ ਮਿਲਿੰਗ ਪਾਲਿਸੀ (ਸੀ ਐਮ ਪੀ) ਦੇ ਅਨੁਸਾਰ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ ਸੀ ਆਈ) ਨੂੰ ਨਤੀਜੇ ਵਜੋਂ ਚਾਵਲ ਦੀ ਡਿਲਿਵਰੀ ਲਈ ਮਿੱਲ ਮਾਲਕਾਂ ਤੋਂ ਮਿੱਲ ਕਰਵਾਉਂਦੀ ਹੈ।

ਡੀ ਐਫ ਐਸ ਸੀ ਨੇ ਮਿਲ ਮਾਲਕਾਂ ਜਿਨ੍ਹਾਂ ਨੂੰ ਫੂਡ ਕਾਰਪੋਰੇਸ਼ਨ ਆਫ ਇੰਡੀਆ ਵੱਲੋਂ ਕਸਟਮ ਮਿਲਡ ਚਾਵਲ ਦੀ ਡਿਲਿਵਰੀ ਨਾ ਕਰਨ ਲਈ ਕੋਤਾਹੀਕਾਰ ਘੋਸ਼ਿਤ ਕੀਤਾ ਗਿਆ ਸੀ ਅਤੇ ਜਿਨ੍ਹਾਂ ਦੇ ਵਿਰੁੱਧ ਆਰਬਿਟਰੇਸ਼ਨ/ਕੋਰਟ ਕੇਸ ਲੰਬਿਤ ਸਨ ਅਤੇ ਹੋਰ ਵਸੂਲਣਯੋਗ ਬਕਾਇਆ[21] ਅਦਾ ਨਹੀਂ ਕੀਤੇ ਸਨ, ਲਈ ਵਨ ਟਾਈਮ ਸੈਟਲਮੈਂਟ (ਓ ਟੀ ਐਸ) ਨੀਤੀ ਨੂੰ ਅਧਿਸੂਚਿਤ ਕੀਤਾ ਗਿਆ (7 ਸਤੰਬਰ 2017)। ਇਹ ਸਕੀਮ ਸਰਕਾਰੀ ਖਜ਼ਾਨੇ ਲਈ ਸਰੋਤਾਂ ਨੂੰ ਇੱਕਤਰ ਕਰਨ ਦੇ ਨਾਲ-ਨਾਲ ਕੋਤਾਹੀਕਾਰ/ਬੀਮਾਰ/ ਬੰਦ ਇਕਾਈਆਂ ਦੇ ਵਿਰੁੱਧ ਕੇਸਾਂ ਦਾ ਨਿਪਟਾਰਾ ਕਰਨ ਦੇ ਉਦੇਸ਼ ਨਾਲ ਤਿਆਰ ਕੀਤੀ ਗਈ ਸੀ ਤਾਂ ਜੋ ਮਿਲਿੰਗ ਦੀ ਗਤੀ ਨੂੰ ਵਧਾਇਆ ਜਾ ਸਕੇ।

ਇਸ ਨੀਤੀ ਦੇ ਤਹਿਤ, ਕੋਤਾਹੀਕਾਰ ਮਿਲ ਮਾਲਕਾਂ ਨੂੰ ਮੌਜੂਦਾ ਮਿਆਦ ਦੇ ਕਸਟਮ ਮਿੱਲਡ ਚਾਵਲ (ਸੀ ਐਮ ਆਰ) ਦੀਆਂ ਦਰਾਂ ਤੇ ਸੰਬੰਧਤ ਅਵਧੀ ਦੇ ਨਾ-ਡਿਲਿਵਰ ਕੀਤੇ ਗਏ ਚਾਵਲ ਦੇ ਬਰਾਬਰ ਰਾਸ਼ੀ ਜਮ੍ਹਾਂ ਕਰਨ ਦਾ ਮੌਕਾ ਦਿੱਤਾ ਗਿਆ ਸੀ। ਹੋਰ ਹਿੱਸਿਆਂ ਦੇ ਕਾਰਨ ਵਸੂਲਣਯੋਗ ਰਾਸ਼ੀ, ਮੂਲ ਰਾਸ਼ੀ ਅਤੇ 10 *ਪ੍ਰਤੀਸ਼ਤ* ਦੀ ਦਰ ਤੇ ਸਧਾਰਨ ਵਿਆਜ ਸੀ ਜਿੱਥੇ ਵਿਆਜ ਦੀ ਰਾਸ਼ੀ ਵਸੂਲਣਯੋਗ ਮੂਲ ਰਾਸ਼ੀ ਤੋਂ ਵੱਧਣੀ ਨਹੀਂ ਚਾਹੀਦੀ ਸੀ। ਇਸ ਸਕੀਮ ਅਧੀਨ ਅਰਜ਼ੀਆਂ 6 ਮਾਰਚ 2018 ਤੱਕ ਪ੍ਰਾਪਤ ਕੀਤੀਆਂ ਜਾਣੀਆ ਸਨ। ਜੀ ਓ ਪੀ ਨੇ ਓ ਟੀ ਐਸ ਨੀਤੀ ਵਿੱਚ ਥੋੜ੍ਹੀ ਸੋਧ ਕੀਤੀ (23 ਸਤੰਬਰ 2017) ਅਤੇ ਫੈਸਲਾ ਕੀਤਾ ਕਿ ਖਰੀਫ ਮਾਰਕੀਟਿੰਗ ਸੀਜ਼ਨ (ਕੇ ਐਮ ਐਸ) 2016-17

[21] ਕੁਆਲਟੀ ਕਟੌਤੀ, ਬਾਰਦਾਨੇ, ਝੋਨੇ ਦੀ ਦੇਰੀ ਨਾਲ ਡਿਲਿਵਰ ਕੀਤੇ ਜਾਣ ਕਾਰਨ ਵਿਆਜ, ਝੋਨੇ ਦੇ ਭੰਡਾਰਨ ਕਾਰਨ ਹੋਏ ਨੁਕਸਾਨ ਆਦਿ।

ਦੀਆਂ ਦਰਾਂ ਦੇ ਅਨੁਸਾਰ ਨਾ ਡਿਲਿਵਰ ਕੀਤੇ ਗਏ ਚਾਵਲ ਦਾ ਮੁੱਲ ਨਿਰਧਾਰਿਤ ਕੀਤਾ ਜਾਣਾ ਚਾਹੀਦਾ ਸੀ। ਕੇ ਐਮ ਐਸ 2016-17 ਲਈ ਸੀ ਐਮ ਆਰ ਦੀਆਂ ਆਰਜ਼ੀ ਦਰਾਂ ਨੂੰ ਭਾਰਤ ਸਰਕਾਰ ਦੁਆਰਾ ₹ 2,807.08 ਪ੍ਰਤੀ ਕੁਇੰਟਲ ਦੇ ਰੂਪ ਵਿੱਚ ਸੋਧਿਆ (ਜਨਵਰੀ 2017) ਗਿਆ ਸੀ ਅਤੇ ਵੈਲਯੂ ਐਡਿਡ ਟੈਕਸ (ਵੈਟ) ਨੂੰ ਵੀ ਹਰ ਪੜਾਅ ਤੇ ਲਾਗੂ[22] ਹੋਣ ਯੋਗ ਬਣਾਇਆ ਗਿਆ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ (ਨਵੰਬਰ 2020) ਕਿ ਓ ਟੀ ਐਸ ਕੇਸਾਂ[23] ***(ਅੰਤਿਕਾ 2.1)*** ਨੂੰ ਅੰਤਿਮ ਰੂਪ ਦਿੰਦੇ ਹੋਏ, ਸਬੰਧਤ ਜ਼ਿਲ੍ਹਾ ਮੈਨੇਜਰਾਂ ਨੇ ਪਿਛਲੇ ਸਾਲਾਂ ਦੀਆਂ ਸੀ ਐਮ ਆਰ ਦੀਆਂ ਦਰਾਂ ਲਾਗੂ ਕਰਨ ਕਾਰਨ ₹ 0.76 ਕਰੋੜ[24] ਦੀ ਘੱਟ ਵਸੂਲੀ ਕੀਤੀ ਸੀ ਅਤੇ ਨਾ ਡਿਲਿਵਰ ਕੀਤੇ ਚਾਵਲ ਦੇ ਮੁੱਲ ਤੇ ਲਾਗੂ ਪੰਜ *ਪ੍ਰਤੀਸ਼ਤ* ਵੈਟ ਦੇ ਕਾਰਨ ₹ 0.70 ਕਰੋੜ[25] ਦੀ ਵਸੂਲੀ ਵੀ ਨਹੀਂ ਕੀਤੀ ਸੀ। ਕੰਪਨੀ ਨੇ ਭਵਿੱਖ ਵਿੱਚ ਦਰਸਾਏ ਗਈ ਵਸੂਲਣਯੋਗ ਰਾਸ਼ੀ, ਜੇ ਕੋਈ ਹੈ, ਨੂੰ ਅਦਾ ਕਰਨ ਲਈ ਹਰੇਕ ਕੋਤਾਹੀਕਾਰ ਮਿਲ ਮਾਲਕ ਤੋਂ ਇਕ ਅੰਡਰਟੇਕਿੰਗ ਪ੍ਰਾਪਤ ਕੀਤੀ ਸੀ।

ਮੈਨੇਜਮੈਂਟ ਨੇ ਦੱਸਿਆ (ਮਈ 2021) ਕਿ ਓ ਟੀ ਐਸ ਸਕੀਮ ਦੇ ਤਹਿਤ, ਨਾ ਡਿਲਿਵਰ ਕੀਤੇ ਚਾਵਲ ਦੀ ਰਾਸ਼ੀ ਦੇ ਸਬੰਧ ਵਿੱਚ ਕਥਿਤ ਮਿਲ ਮਾਲਕਾਂ ਤੋਂ ਵਸੂਲੀ/ਸਮਾਂਯੋਜਨ ਕਰ ਲਿਆ ਗਿਆ ਹੈ ਅਤੇ ਕੇ ਐਮ ਐਸ 2012-13 ਦੇ ਇੱਕ ਮਿੱਲਰ ਤੋਂ ਸਿਰਫ ₹ 1.76 ਲੱਖ ਦੀ ਵਸੂਲਣਯੋਗ ਰਾਸ਼ੀ ਹੈ। ਵਸਤੂਆਂ ਅਤੇ ਸੇਵਾਵਾਂ ਕਰ (ਜੀ ਐਸ ਟੀ) ਜੁਲਾਈ 2017 ਵਿੱਚ ਰਾਜ ਵਿੱਚ ਵੈਟ ਐਕਟ ਨੂੰ ਖਤਮ ਕਰਨ ਉਪਰੰਤ ਲਾਗੂ ਕੀਤਾ ਗਿਆ ਸੀ, ਇਸ ਲਈ ਅਕਤੂਬਰ 2017 ਦੇ ਮਹੀਨੇ ਵਿੱਚ ₹ 0.70 ਕਰੋੜ ਦੀ ਵੈਟ ਦੀ ਰਾਸ਼ੀ ਦੀ ਵਸੂਲੀ ਸੰਭਵ ਨਹੀਂ ਸੀ।

ਜਵਾਬ ਸਵੀਕਾਰਨਯੋਗ ਨਹੀਂ ਹੈ ਕਿਉਂਕਿ ਕੇ ਐਮ ਐਸ 2016-17 ਦੀਆਂ ਦਰਾਂ ਦੇ ਅਨੁਸਾਰ ਨਾ ਡਿਲਿਵਰ ਕੀਤੇ ਚਾਵਲਾਂ ਦੀ ਕੀਮਤ ਲਾਉਣੀ ਸੀ, ਜਦੋਂ ਕਿ, ਕੰਪਨੀ ਨੇ ਬਕਾਇਆ ਮਾਤਰਾ ਤੇ ਓ ਟੀ ਐਸ ਦੇ ਅਧੀਨ ਵਸੂਲੀ ਜਾ ਸਕਣ ਵਾਲੀ ਰਾਸ਼ੀ ਦੀ ਗਣਨਾ ਕੀਤੀ (ਨਾ ਡਿਲਿਵਰ ਕੀਤੇ ਚਾਵਲਾਂ ਦੀ ਕੁੱਲ ਮਾਤਰਾ *ਘਟਾਓ* ਮਾਤਰਾ ਜਿਸ ਲਈ ਪੁਰਾਣੇ ਸੀ ਐਮ ਆਰ ਰੇਟਾਂ ਤੇ ਮਿਲ ਮਾਲਕ ਨੇ ਪਹਿਲਾਂ ਹੀ ਰਾਸ਼ੀ ਜਮ੍ਹਾਂ ਕਰਵਾਈ ਸੀ)। ਅੱਗੇ, ਜੀ ਐਸ ਟੀ ਲਾਗੂ ਹੋਣ ਕਾਰਨ ਵੈਟ ਦੀ ਵਸੂਲੀ ਨਾ ਕਰਨਾ ਵੀ ਜਾਇਜ਼ ਨਹੀਂ ਹੈ ਕਿਉਂਕਿ ਕੰਪਨੀ ਲਈ ਇਨ੍ਹਾਂ ਮਿਲ ਮਾਲਕਾਂ ਤੋਂ ਝੋਨੇ ਤੇ ਅਸਲ ਵਿੱਚ ਅਦਾ ਕੀਤਾ ਵੈਟ ਵਸੂਲ ਕਰਨਾ ਜ਼ਰੂਰੀ ਸੀ।

ਇਸ ਤਰ੍ਹਾਂ, ਓ ਟੀ ਐਸ ਦੀ ਰਾਸ਼ੀ ਨੂੰ ਅੰਤਮ ਰੂਪ ਦੇਣ ਸਮੇਂ ਕੇ ਐਮ ਐਸ 2016-17 ਦੇ ਅਨੁਸਾਰ ਦਰਾਂ ਨੂੰ ਲਾਗੂ ਨਾ ਕਰਨ ਅਤੇ ਨਾ ਡਿਲਿਵਰ ਕੀਤੇ ਚਾਵਲ ਦੀ ਕੀਮਤ ਤੇ ਵੈਟ ਦੀ ਨਾ ਵਸੂਲੀ ਦੇ ਨਤੀਜੇ ਵੱਜੋਂ ਮਿੱਲ ਮਾਲਕਾਂ ਤੋਂ ₹ 1.46 ਕਰੋੜ ਦੀ ਘੱਟ ਵਸੂਲੀ ਹੋਈ।

---

22 ਪੰਜਾਬ ਵੈਟ ਐਕਟ 2005 ਦੇ ਅਨੁਸਾਰ, ਝੋਨਾ ਪੰਜ *ਪ੍ਰਤੀਸ਼ਤ* ਟੈਕਸ ਯੋਗ ਹੈ।

23 ਚੋਣਵੀਂ ਲੇਖਾ ਪ੍ਰੀਖਿਆ ਕੀਤੀ ਗਈ ਸੀ।

24 ਤਿੰਨ ਕੇਸ।

25 ਦਸ ਕੇਸ।

ਇਹ ਮਾਮਲਾ ਸਰਕਾਰ ਨੂੰ ਭੇਜਿਆ ਗਿਆ (ਫਰਵਰੀ 2021); ਉਨ੍ਹਾਂ ਦੇ ਜਵਾਬ ਦੀ ਉਡੀਕ (ਜੁਲਾਈ 2021) ਸੀ।

**ਕੰਪਨੀ ਓ ਟੀ ਐਸ ਦੇ ਅੰਤਿਮ ਰੂਪ ਦਿੱਤੇ ਸਮਾਨ ਮਾਮਲਿਆਂ ਜਿਥੇ ਵੈਟ ਕਾਰਨ ਘੱਟ ਵਸੂਲੀ ਹੋਈ ਦੀ ਪਹਿਚਾਨ ਕਰੇ ਅਤੇ ਉਸ ਦੀ ਵਸੂਲੀ ਲਈ ਕਾਰਵਾਈ ਕਰੇ।**

## ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ

## 2.10 ਕਣਕ ਦੀ ਖਰੀਦ ਦੀ ਜਾਅਲੀ ਬਿਲਿੰਗ

***ਆੜ੍ਹਤੀਆਂ ਦੇ ਨਾਲ ਮਿਲ ਕੇ ਮੁਲਾਜ਼ਮਾਂ ਦੁਆਰਾ ₹ 73.74 ਲੱਖ ਦੀ ਜਾਅਲੀ ਬਿਲਿੰਗ ਦੇ ਨਤੀਜੇ ਵਜੋਂ ₹ 64.72 ਲੱਖ ਦਾ ਨੁਕਸਾਨ ਹੋਇਆ।***

ਮੰਤਰੀ ਪ੍ਰੀਸ਼ਦ, ਪੰਜਾਬ ਨੇ *ਆੜ੍ਹਤੀਆਂ*[26] ਤੋਂ ਕੇਂਦਰੀ ਪੂਲ ਲਈ ਖਰੀਦੇ ਗਏ ਅਨਾਜ ਦੀ ਅਦਾਇਗੀ ਨੂੰ ਰੱਬੀ ਮਾਰਕੀਟਿੰਗ ਸੀਜ਼ਨ (ਆਰ ਐਸ ਐਸ) 2013 ਤੋਂ ਰੁਪੈ ਡੈਬਿਟ ਕਾਰਡ ਰਾਹੀਂ ਭੇਜਣ ਦਾ ਫੈਸਲਾ ਕੀਤਾ ਗਿਆ (ਨਵੰਬਰ 2011) ਸੀ। ਖਰੀਦ ਏਜੰਸੀਆਂ ਦੇ ਇੰਸਪੈਕਟਰਾਂ ਨੂੰ ਪੁਆਇੰਟ ਆਫ ਸੇਲ (ਪੀ ਓ ਐਸ[27]) ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ ਸਨ ਤਾਂ ਜੋ ਖਰੀਦਾਰੀ ਵੇਲੇ *ਆੜ੍ਹਤੀਆਂ* ਨੂੰ ਇਨ੍ਹਾਂ ਮਸ਼ੀਨਾਂ ਵਿੱਚ ਕਾਰਡ ਸਵਾਈਪ ਕਰਨ ਦੇ ਯੋਗ ਬਣਾਇਆ ਜਾ ਸਕੇ ਅਤੇ ਇੰਸਪੈਕਟਰਾਂ ਨੂੰ ਖਰੀਦ ਦੇ ਵੇਰਵੇ ਨੂੰ ਪੰਚ ਕਰਨ ਦੀ ਲੋੜ ਸੀ। ਇੰਸਪੈਕਟਰ ਦੁਆਰਾ ਵਿਸਥਾਰ ਨਾਲ ਪੰਚ ਕਰਨ ਤੋਂ ਬਾਅਦ, ਸਰਵਰ ਵਿੱਚ ਦਰਜ ਜਾਣਕਾਰੀ ਨੂੰ ਪ੍ਰਵਾਨਗੀ ਦੇਣ ਵਾਲੇ ਅਧਿਕਾਰੀ ਅਰਥਾਤ ਲੇਖਾ ਪ੍ਰੀਖਕ/ ਲੇਖਾ ਅਧਿਕਾਰੀ/ ਜ਼ਿਲ੍ਹਾ ਮੈਨੇਜਰ ਨੂੰ ਦੇਣਾ ਸੀ ਅਤੇ ਪ੍ਰਵਾਨਗੀ ਤੋਂ ਬਾਅਦ, ਬੈਂਕ ਅਦਾਇਗੀ ਨੈਟਵਰਕ ਦੁਆਰਾ ਸਬੰਧਤ *ਆੜ੍ਹਤੀਆਂ* ਨੂੰ ਭੁਗਤਾਨ ਕੀਤਾ ਜਾਣਾ ਸੀ।

ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ (ਕਾਰਪੋਰੇਸ਼ਨ) ਦੇ ਜ਼ਿਲ੍ਹਾ ਮੈਨੇਜਰ (ਡੀ ਐਮ) ਅੰਮ੍ਰਿਤਸਰ ਦੀ 2016-18 ਲਈ ਲੇਖਾ ਪ੍ਰੀਖਿਆ ਦੌਰਾਨ, ਇਹ ਨੋਟ ਕੀਤਾ ਗਿਆ (ਸਤੰਬਰ 2018) ਕਿ ਉਪਰੋਕਤ ਵਿਧੀ ਵਿੱਚ, ਇਹ ਸੁਨਿਸ਼ਚਿਤ ਕਰਨ ਲਈ ਕੋਈ ਵਿਧੀ ਨਹੀਂ ਸੀ ਕਿ ਅਸਲ ਵਿੱਚ ਸਟਾੱਕ, *ਆੜ੍ਹਤੀਆਂ* ਨੂੰ ਅਦਾਇਗੀ ਕਰਨ ਤੋਂ ਪਹਿਲਾਂ ਇਸਦੀ ਮੰਜ਼ਲ ਤੇ ਪ੍ਰਾਪਤ ਹੋਇਆ ਹੈ। *ਆੜ੍ਹਤੀਆਂ* ਨੂੰ ਅਦਾਇਗੀਆਂ ਸਿਰਫ *ਮੰਡੀ* ਇੰਸਪੈਕਟਰ ਦੁਆਰਾ ਕੀਤੀ ਗਈ ਪੰਚਿੰਗ ਦੇ ਅਧਾਰ ਤੇ ਕੀਤੀਆਂ ਗਈਆਂ ਸਨ। ਆਰ ਐਮ ਐਸ 2018 ਵਿੱਚ, ਡੀ ਐਮ (ਅੰਮ੍ਰਿਤਸਰ) ਨੇ ਇੱਕ *ਆੜ੍ਹਤੀਆਂ* ਦੁਆਰਾ ₹ 73.74 ਲੱਖ[28] ਦੀ ਕੀਮਤ ਵਾਲੀਆਂ 8500 ਬੋਰੀਆਂ ਕਣਕ ਦੀ ਖਰੀਦ ਕੀਤੀ (21 ਅਪ੍ਰੈਲ 2018 ਤੋਂ 29 ਅਪ੍ਰੈਲ 2018), ਜਿਸਦੀ ਤਸਦੀਕ ਖਾਲੜਾ ਸੈਂਟਰ, ਤਰਨ

[26] ਇੱਕ *ਆੜ੍ਹਤੀਆ* ਖੇਤੀਬਾੜੀ ਉਪਜ ਨਾਲ ਸਬੰਧਤ ਇੱਕ ਮੰਡੀ ਵਿੱਚ ਇੱਕ ਵਿਚੋਲਾ ਆਦਮੀ ਹੈ।

[27] ਇੱਕ ਇਲੈਕਟ੍ਰੋਨਿਕ ਉਪਕਰਣ ਜੋ ਗਾਹਕ ਦੇ ਕ੍ਰੈਡਿਟ ਜਾਂ ਡੈਬਿਟ ਕਾਰਡ ਦੀ ਜਾਣਕਾਰੀ ਪੜ੍ਹ ਕੇ ਕਾਰਡ ਭੁਗਤਾਨਾਂ ਦੀ ਪ੍ਰਕਿਰਿਆ ਕਰਨ ਲਈ ਵਰਤਿਆ ਜਾਂਦਾ ਹੈ।

[28] 50 ਕਿਲੋ ਦੇ 8500 ਬੈਗ @ ਰੁਪਏ 1735/- ਪ੍ਰਤੀ ਕੁਇੰਟਲ ਜੋ ਕਿ 8500 X 0.50 X1735= ₹ 7373750/- ।

ਤਾਰਨ ਦੇ *ਮੰਡੀ* ਇੰਸਪੈਕਟਰ ਦੁਆਰਾ ਖਰੀਦ ਦੇ ਵੇਰਵਿਆਂ ਨੂੰ ਪੰਚ ਕਰਕੇ ਕੀਤੀ ਗਈ। *ਆੜ੍ਹਤੀਆ* ਨੂੰ ਮੰਡੀ ਦੇ ਇੰਸਪੈਕਟਰ[29] ਦੁਆਰਾ ਕੀਤੀ ਗਈ ਤਸਦੀਕ ਦੇ ਅਧਾਰ ਤੇ ₹ 60.73 ਲੱਖ ਦੀ ਰਕਮ (ਕੁੱਲ 8500 ਬੋਰੀਆਂ ਵਿਚੋਂ 7000 ਬੋਰੀਆਂ ਲਈ) ਵੀ ਜਾਰੀ ਕੀਤੀ ਗਈ। ਇਸ ਤੋਂ ਬਾਅਦ, 4740 ਬੋਰੀਆਂ *ਮੰਡੀ* ਤੋਂ ਉਤਾਰ ਕੇ ਰਾਜਨ ਬੇਦੀ ਪੀ ਈ ਜੀ ਗੋਦਾਮ ਵਿਚ ਭੰਡਾਰ ਕੀਤੀਆਂ ਦਿਖਾਈਆਂ ਗਈਆਂ। ਹਾਲਾਂਕਿ, ਖਰੀਦਦਾਰੀ ਅਤੇ ਭੰਡਾਰ ਨਾਲ ਮੇਲ ਕਰਦਿਆਂ (14 ਮਈ 2018), ਇਹ ਨੋਟ ਕੀਤਾ ਗਿਆ ਸੀ ਕਿ ਉਸ ਗੋਦਾਮ ਵਿਖੇ ਕੋਈ ਸਟੱਾਕ ਪ੍ਰਾਪਤ ਨਹੀਂ ਹੋਇਆ ਸੀ। 3760 ਕਣਕ ਦੀਆਂ ਬੋਰੀਆਂ ਕਣਕ ਵੀ *ਆੜ੍ਹਤੀਆ* ਨੂੰ ਜਾਰੀ ਕੀਤੀਆਂ ਬੋਰੀਆਂ ਦੀਆਂ 17 ਗੱਠਾਂ ਦੇ ਨਾਲ, ਗੁੰਮ ਪਾਈਆਂ ਗਈਆਂ। ਪੁੱਛ ਪੜਤਾਲ ਕਰਨ ਤੇ ਪਤਾ ਚੱਲਿਆ ਕਿ ਇਹ ਕਣਕ ਦੀ ਜਾਅਲੀ ਖਰੀਦ ਦਾ ਮਾਮਲਾ ਸੀ। ਡੀ ਐਮ (ਅੰਮ੍ਰਿਤਸਰ) ਨੇ ਜ਼ਿਲ੍ਹਾ ਮੰਡੀ ਅਫਸਰ ਨੂੰ ਬੇਨਤੀ ਕੀਤੀ (17 ਮਈ 2018 ) ਕਿ ਇਸ ਖਰੀਦ ਨੂੰ ਉਸ ਦੇ ਰਿਕਾਰਡ ਤੋਂ ਰੱਦ ਕੀਤਾ ਜਾਵੇ ਤਾਂ ਜੋ *ਮੰਡੀ* ਫੀਸਾਂ ਅਤੇ ਪੇਂਡੂ ਵਿਕਾਸ ਫੀਸ ਦਾ ਭੁਗਤਾਨ ਮਾਰਕੀਟ ਕਮੇਟੀ ਨੂੰ ਨਾ ਹੋਵੇ। ਜ਼ਿਲ੍ਹਾ ਦਫ਼ਤਰ ਅੰਮ੍ਰਿਤਸਰ ਦੁਆਰਾ ਇੱਕ ਐਫ ਆਈ ਆਰ ਦਰਜ ਕਰਵਾਈ ਗਈ (ਮਈ 2018) ਅਤੇ *ਮੰਡੀ* ਇੰਸਪੈਕਟਰ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। *ਆੜ੍ਹਤੀਆ* ਫਰਾਰ ਸੀ। ਅੱਗੇ, ₹ 3.99 ਲੱਖ[30] ਦੀ ਕੀਮਤ ਵਾਲੀਆਂ ਆੜ੍ਹਤੀਏ ਨੂੰ ਦਿਤੀਆਂ ਗਈਆਂ ਬੋਰੀਆਂ ਦੀਆ ਗੱਠਾ ਨੂੰ ਵੀ *ਆੜ੍ਹਤੀਏ* ਦੁਆਰਾ ਮਾਰਕੀਟ ਵਿੱਚ ਵੇਚਣ ਦੀ ਖਬਰ ਮਿਲੀ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਗੇਟ ਪਾਸਾਂ ਵਿੱਚ ਦਰਸਾਏ ਗਏ ਵਾਹਨ ਦੇ ਨੰਬਰ, ਜਿਸ ਦੁਆਰਾ ਕਥਿਤ ਸਟੱਾਕ ਨੂੰ ਚੁੱਕਿਆ ਹੋਇਆ ਦਿਖਾਇਆ ਗਿਆ ਸੀ, ਜਾਂ ਤੇ ਉਹ ਵਾਹਨ ਦੇ ਸਹੀ ਨੰਬਰ ਨਹੀਂ ਸਨ ਜਾਂ ਇਹ ਮੋਟਰ ਸਾਈਕਲ/ਸਕੂਟਰ ਵਜੋਂ ਰਜਿਸਟਰ ਕੀਤੇ ਗਏ ਸਨ। 'ਫਾਰਮ ਜੇ' (ਉਨ੍ਹਾਂ ਕਿਸਾਨਾਂ ਦੇ ਵੇਰਵੇ ਸਹਿਤ ਜਿਨ੍ਹਾਂ ਤੋਂ ਕਣਕ ਦੀ ਖਰੀਦ ਕੀਤੀ ਗਈ ਹੈ) ਵੀ ਜ਼ਿਲ੍ਹਾ ਦਫਤਰ ਦੇ ਰਿਕਾਰਡ ਵਿੱਚ ਉਪਲਬਧ ਨਹੀਂ ਸਨ। ਇਹ ਸੰਕੇਤ ਕਰਦਾ ਹੈ ਕਿ ਕਮਜ਼ੋਰ ਅੰਦਰੂਨੀ ਨਿਯੰਤਰਣ ਅਤੇ *ਆੜ੍ਹਤੀਆਂ* ਨੂੰ ਅਦਾਇਗੀ ਕਰਨ ਤੋਂ ਪਹਿਲਾਂ ਸਟੱਾਕ ਦੀ ਆਮਦ ਨੂੰ ਇਸਦੀ ਮੰਜ਼ਲ ਤੇ ਯਕੀਨੀ ਬਣਾਉਣ ਅਤੇ *ਆੜ੍ਹਤੀਆਂ* ਅਤੇ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਨਾਲ ਮੰਡੀ ਇੰਸਪੈਕਟਰ ਦੀ ਮਿਲੀਭੁਗਤ ਨੇ ਜਾਅਲੀ ਬਿਲਿੰਗ ਨੂੰ ਸੰਭਵ ਬਣਾਇਆ। ਕਣਕ ਦੀ ਜਾਅਲੀ ਖਰੀਦ ਦੇ ਕਾਰਨ ₹ 73.74 ਲੱਖ ਦੀ ਜਾਅਲੀ ਬਿਲਿੰਗ ਕਾਰਨ ਕਾਰਪੋਰੇਸ਼ਨ ਨੂੰ ₹ 64.72 ਲੱਖ ਦਾ ਨੁਕਸਾਨ ਹੋਇਆ ਹੈ।

ਲੇਖਾ ਪ੍ਰੀਖਿਆ ਨੇ ਅੱਗੇ ਦੇਖਿਆ ਕਿ *ਆੜ੍ਹਤੀ* ਜਾਂ ਸਬੰਧਤ ਅਧਿਕਾਰੀ/ਕਰਮਚਾਰੀ ਤੋਂ ਇਸ ਮਾਮਲੇ ਵਿੱਚ ਕੋਈ ਵਸੂਲੀ ਨਹੀਂ ਕੀਤੀ ਗਈ ਹੈ। ਸਬੰਧਤ *ਮੰਡੀ* ਇੰਸਪੈਕਟਰ ਜਿਸ ਨੂੰ ਪਹਿਲਾਂ ਮੁਅੱਤਲ ਕਰ ਦਿੱਤਾ ਗਿਆ ਸੀ, ਨੂੰ ਮੁੜ ਬਹਾਲ ਕਰ ਦਿੱਤਾ ਗਿਆ ਅਤੇ ਉਸ ਦੇ ਖਿਲਾਫ ਜਾਂਚ ਨੂੰ ਹੁਣ ਤੱਕ (ਮਾਰਚ 2021) ਅੰਤਮ ਰੂਪ ਨਹੀਂ ਦਿੱਤਾ ਗਿਆ। ਇਸ ਤਰ੍ਹਾਂ, 34 ਮਹੀਨਿਆਂ ਤੋਂ ਵੱਧ ਬੀਤ ਜਾਣ (ਮਾਰਚ 2021) ਦੇ ਬਾਅਦ ਵੀ ਕੋਈ ਜ਼ਿੰਮੇਵਾਰੀ ਤੈਅ ਨਹੀਂ ਕੀਤੀ ਗਈ।

---

29 ਗੋਦਾਮ ਸੇਵਾਦਾਰ ਨਿਯੁਕਤ ਕੀਤਾ ਗਿਆ/ ਮੰਡੀ ਇੰਸਪੈਕਟਰ ਵਜੋਂ ਨਿਯੁਕਤ/ ਮੰਡੀ ਇੰਚਾਰਜ।

30 @ ₹ 47 ਪ੍ਰਤੀ ਬੈਗ 500 ਬੈਗਾਂ ਪ੍ਰਤੀ ਬੇਲ ਲਈ (17X 500X 47=₹ 3.99 ਲੱਖ) ।

ਇਹ ਮਾਮਲਾ ਕਾਰਪੋਰੇਸ਼ਨ (ਸਤੰਬਰ 2018 ਅਤੇ ਅਪ੍ਰੈਲ 2021) ਅਤੇ ਸਰਕਾਰ (ਅਪ੍ਰੈਲ 2021) ਨੂੰ ਭੇਜਿਆ ਗਿਆ ਸੀ; ਉਨ੍ਹਾਂ ਦੇ ਜਵਾਬਾਂ ਦਾ ਇੰਤਜ਼ਾਰ (ਜੁਲਾਈ 2021) ਸੀ।

**ਕਾਰਪੋਰੇਸ਼ਨ ਸਟੱਾਕ ਦੀ ਅਸਲ ਸਮੇਂ ਦੀ ਗਤੀ ਦਾ ਨਿਰੀਖਣ ਕਰਨ ਲਈ ਆਪਣੇ ਅੰਦਰੂਨੀ ਨਿਯੰਤਰਣ ਪ੍ਰਣਾਲੀ ਨੂੰ ਮਜ਼ਬੂਤ ਕਰੇ ਅਤੇ ਸਟਾਕ ਦੀ ਮੰਜ਼ਿਲ ਤੇ ਅਸਲ ਪਹੁੰਚ ਨੂੰ ਯਕੀਨੀ ਬਣਾਉਣ ਦੇ ਬਾਅਦ ਹੀ ਭੁਗਤਾਨ ਨੂੰ ਜਾਰੀ ਕਰੇ। ਕਾਰਪੋਰੇਸ਼ਨ ਨੂੰ ਨੁਕਸਾਨ ਲਈ ਜਿੰਮੇਦਾਰੀ ਤੈਅ ਕਰਨੀ ਚਾਹੀਦੀ ਹੈ।**

## ਉਦਯੋਗ ਤੇ ਕਮਰਸ ਵਿਭਾਗ

## ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ

### 2.11 ਉਦਯੋਗਿਕ ਇਕਾਈ ਨੂੰ ਨਾਜਾਇਜ਼ ਫਾਇਦਾ

***ਟ੍ਰਿਬਿਊਨਲ ਦੇ ਅਵਾਰਡ ਅਨੁਸਾਰ ਉਦਯੋਗਿਕ ਇਕਾਈ ਤੋਂ ਕੰਪਨੀ ਦੇ ਜਾਇਜ਼ ਬਕਾਏ ਦੀ ਵਸੂਲੀ ਨੂੰ ਕਰਨ ਦੀ ਬਜਾਏ ਓ ਟੀ ਐਸ ਨੀਤੀ, 2018 ਦੇ ਤਹਿਤ ਇਸ ਦੇ ਖਾਤੇ ਦਾ ਨਿਪਟਾਰਾ ਕਰਨ ਲਈ ਇਕਾਈ ਦੇ ਪ੍ਰਸਤਾਵ ਨੂੰ ਸਵੀਕਾਰਨ ਦੇ ਨਤੀਜੇ ਵਜੋਂ ₹ 0.66 ਕਰੋੜ ਦਾ ਨੁਕਸਾਨ ਹੋਇਆ।***

ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ (ਕੰਪਨੀ) ਨੇ (ਮਾਰਚ 1996) ਆਪਣੀ ਡਾਇਰੇਕਟ ਸਬਸਕ੍ਰਿਪਸ਼ਨ ਸਕੀਮ ਅਧੀਨ ਇਕ ਉਦਯੋਗਿਕ ਇਕਾਈ ਨੂੰ ₹ 10.00 ਲੱਖ ਦਾ ਇਕਵਟੀ ਯੋਗਦਾਨ ਦਿੱਤਾ। ਸ਼ੇਅਰਾਂ ਦੇ ਵਾਪਸ ਖਰੀਦਣ ਦੀ ਅੰਡਰਟੇਕਿੰਗ ਦੇ ਅਨੁਸਾਰ, ਉਦਯੋਗਿਕ ਇਕਾਈ ਦੇ ਸਹਿਯੋਗੀ/ਪ੍ਰਮੋਟਰ ਨੂੰ ਤਿੰਨ ਪੜਾਵਾਂ ਵਿੱਚ ਵਪਾਰਕ ਉਤਪਾਦਨ ਸ਼ੁਰੂ ਹੋਣ ਦੀ ਤਰੀਕ ਤੋਂ ਸੱਤ ਸਾਲਾਂ ਦੇ ਅੰਦਰ ਕੰਪਨੀ ਦੁਆਰਾ ਰੱਖੇ ਗਏ ਸ਼ੇਅਰਾਂ ਨੂੰ ਵਾਪਸ ਖਰੀਦਣਾ ਸੀ ਭਾਵ ਘੱਟੋਂ ਘੱਟ ਇਕ ਤਿਹਾਈ ਇਕਵਟੀ ਸ਼ੇਅਰ ਖਰੀਦਣੇ ਸਨ ਪੰਜਵੇਂ ਸਾਲ ਵਿੱਚ ਅਤੇ ਬਕਾਇਆ ਛੇਵੇਂ ਅਤੇ ਸੱਤਵੇਂ ਸਾਲ। ਇਸ ਇਕਾਈ ਨੇ ਮਾਰਚ 1998 ਵਿੱਚ ਵਪਾਰਕ ਉਤਪਾਦਨ ਦੀ ਸ਼ੁਰੂਆਤ ਕੀਤੀ, ਇਸ ਤਰ੍ਹਾਂ, ਸ਼ੇਅਰਾਂ ਦੀ ਵਾਪਸ ਖਰੀਦ ਮਾਰਚ 2005 ਤੱਕ ਪੂਰੀ ਕੀਤੀ ਜਾਣੀ ਸੀ।

ਅਪ੍ਰੈਲ 2003 ਵਿੱਚ, ਰਾਜ ਸਰਕਾਰ ਨੇ ਉਨ੍ਹਾਂ ਉਦਯੋਗਿਕ ਇਕਾਈਆਂ ਲਈ ਵਨ ਟਾਈਮ ਨਿਪਟਾਰਾ (ਓ ਟੀ ਐਸ) ਨੀਤੀ ਦੀ ਘੋਸ਼ਣਾ ਕੀਤੀ ਜੋ ਡਾਇਰੇਕਟ ਸਬਸਕ੍ਰਿਪਸ਼ਨ ਐਗਰੀਮੈਂਟ/ ਅੰਡਰਟੇਕਿੰਗ ਵਿੱਚ ਨਿਰਧਾਰਤ ਕੀਤੇ ਹੋਏ ਇਕਵਟੀ ਸ਼ੇਅਰਾਂ ਨੂੰ ਵਾਪਸ ਖਰੀਦਣ ਵਿੱਚ ਅਸਫਲ ਰਹੀਆਂ ਸਨ। ਪ੍ਰਮੋਟਰ ਨੇ ਓ ਟੀ ਐਸ ਦੀ ਚੋਣ ਕੀਤੀ ਜਿਸ ਦੀ ਆਗਿਆ ਦਿੱਤੀ ਗਈ (ਜੂਨ 2003) ਅਤੇ ₹ 1.74 ਲੱਖ, ਓ ਟੀ ਐਸ ਦੀ ₹ 17.37 ਲੱਖ ਦੀ ਰਾਸ਼ੀ ਦਾ 10 *ਪ੍ਰਤੀਸ਼ਤ* ਦੀ ਅਦਾਇਗੀ ਕੀਤੀ ਗਈ। ਪ੍ਰਮੋਟਰਾਂ ਨੇ ਜੂਨ 2007 ਤੱਕ ਕੋਈ ਹੋਰ ਅਦਾਇਗੀ ਨਹੀਂ ਕੀਤੀ ਅਤੇ ਓ ਟੀ ਐਸ ਨੂੰ ਰੱਦ ਕਰ ਦਿੱਤਾ ਗਿਆ (ਨਵੰਬਰ 2007)। ਕੰਪਨੀ ਨੇ ਡੈੱਟ ਰਿਕਵਰੀ ਟ੍ਰਿਬਿਊਨਲ, ਚੰਡੀਗੜ੍ਹ ਦੇ ਸਾਹਮਣੇ ਆਪਣੇ ਦਾਅਵਿਆਂ ਦੀ ₹ 1.00 ਕਰੋੜ ਦੀ ਵਸੂਲੀ ਲਈ

ਦਾਅਵਾ ਬਿਨੈ-ਪੱਤਰ ਦਾਇਰ ਕੀਤਾ (ਫਰਵਰੀ 2009) ਸੀ। ਇਕਾਈ ਨੇ ਓ ਟੀ ਐਸ 2003 ਦੇ ਅਨੁਸਾਰ ਸ਼ੇਅਰਾਂ ਨੂੰ ਵਾਪਸ ਖਰੀਦਣ ਦੀ ਪੇਸ਼ਕਸ਼ ਕੀਤੀ (ਮਾਰਚ 2009 ਅਤੇ ਦਸੰਬਰ 2009), ਜਿਸ ਨੂੰ ਕੰਪਨੀ ਨੇ ਸਵੀਕਾਰ ਨਹੀਂ ਕੀਤਾ। ਸਰਕਾਰ ਨੇ ਇੱਕ ਹੋਰ ਓ ਟੀ ਐਸ ਨੀਤੀ 2009[31] ਦੀ ਘੋਸ਼ਣਾ ਮਾਰਚ 2009 ਵਿੱਚ ਕੀਤੀ। ਹਾਲਾਂਕਿ ਇਕਾਈ (ਇੱਕ ਮੁਨਾਫਾ ਕਮਾਉਣ ਵਾਲੀ) ਇਸ ਪਾਲਿਸੀ ਅਧੀਨ ਯੋਗ ਨਹੀ ਸੀ, ਨੇ ਓ ਟੀ ਐਸ ਲਈ ਬੇਨਤੀ ਕੀਤੀ ਗਈ (ਫਰਵਰੀ 2011) ਪਰ ਕੰਪਨੀ ਦੁਆਰਾ ਇਸ ਨੂੰ ਸਵੀਕਾਰ ਨਹੀਂ ਕੀਤਾ ਗਿਆ।

ਦਸਬੰਰ 2018 ਵਿੱਚ, ਰਾਜ ਸਰਕਾਰ ਨੇ ਮੁਨਾਫਾ ਕਮਾਉਣ ਵਾਲੀ ਇਕਾਈਆਂ ਲਈ ਓ ਟੀ ਐਸ ਨੀਤੀ 2018[32] ਦੀ ਘੋਸ਼ਣਾ ਕੀਤੀ ਜੋ ਕਿ 5 ਮਾਰਚ 2019 ਤੱਕ ਵੈਧ ਸੀ। ਇਕਾਈ ਨੇ ਓ ਟੀ ਐਸ ਲਈ ਯੋਗ ਹੋਣ ਦੇ ਬਾਵਜੂਦ ਇਸਦੀ ਚੋਣ ਨਹੀਂ ਕੀਤੀ। ਟ੍ਰਿਬਿਊਨਲ ਵੱਲੋਂ ਕੰਪਨੀ ਦੇ ਹੱਕ ਵਿਚ ₹ 1.00 ਕਰੋੜ ਦਾ ਦਾਅਵਾ 20 ਫਰਵਰੀ, 2009 ਤੋਂ ਇਸ ਦੇ ਪ੍ਰਾਪਤ ਹੋਣ ਦੀ ਮਿਤੀ ਤੱਕ 20 *ਪ੍ਰਤੀਸ਼ਤ* ਦੀ ਸਾਲਾਨਾ ਦਰ ਨਾਲ ਦੇਣ (ਅਪ੍ਰੈਲ 2019) ਤੋਂ ਬਾਅਦ ਹੀ, ਇਸ ਇਕਾਈ ਨੇ ਓ ਟੀ ਐਸ ਨੀਤੀ 2018 ਦੇ ਤਹਿਤ ਇਸ ਦੇ ਖਾਤੇ ਦੇ ਨਿਪਟਾਰਾ ਲਈ ਬੇਨਤੀ ਕੀਤੀ (ਜੂਨ 2019 ਅਤੇ ਜੁਲਾਈ 2019)। ਕੰਪਨੀ ਨੇ ਇਕਾਈ ਦੀ ਬੇਨਤੀ ਨੂੰ ਇਸ ਆਧਾਰ ਤੇ ਸਵੀਕਾਰ ਨਹੀਂ ਕੀਤਾ ਕਿ ਡਿਕ੍ਰੀ ਅਨੁਸਾਰ ਵਸੂਲੀ ਲਾਗੂ ਕੀਤੀ ਜਾ ਰਹੀ ਸੀ ਅਤੇ ਇਹ ਮਾਮਲਾ ਸਤੰਬਰ 2019 ਵਿੱਚ ਉਚਿਤ ਕਾਰਵਾਈ ਲਈ ਸੂਚੀਬੱਧ ਕੀਤਾ ਗਿਆ ਸੀ। ਇਕਾਈ ਨੇ ਦੁਬਾਰਾ ਇਕਵਟੀ ਯੋਗਦਾਨ ਨੂੰ ਵਾਪਸ ਖਰੀਦ ਕੇ ਨਿਪਟਾਰਾ ਕਰਨ ਲਈ ਸੰਪਰਕ ਕੀਤਾ (ਅਗਸਤ 2019) ਅਤੇ ਕੰਪਨੀ ਨੇ ਇਕ ਵਿਸ਼ੇਸ਼ ਕੇਸ ਵਜੋਂ ਓ ਟੀ ਐਸ ਪਾਲਿਸੀ ਦੀ ਸਮਾਪਤੀ ਤੋਂ ਬਾਅਦ ਪ੍ਰਸਤਾਵ ਨੂੰ ਸਵੀਕਾਰ ਕਰ (ਸਤੰਬਰ 2019) ਲਿਆ ਅਤੇ ₹ ਇੱਕ ਕਰੋੜ ਦੀ ਵਸੂਲਣਯੋਗ ਰਾਸ਼ੀ ਦੇ ਵਿਰੁੱਧ ਇਕਾਈ ਦੇ ਖਾਤੇ ਦਾ ਨਿਪਟਾਰਾ (ਅਕਤੂਬਰ 2019) ਸਿਰਫ ₹ 0.34 ਕਰੋੜ ਵਿੱਚ ਕੀਤਾ ਗਿਆ। ਸਰਕਾਰ ਨੇ, ਹਾਲਾਂਕਿ, ਇਸ ਯੋਜਨਾ ਨੂੰ ਬਾਅਦ ਵਿੱਚ ਦਸੰਬਰ 2020 ਤੱਕ ਵਧਾ (ਜੂਨ 2020) ਦਿੱਤਾ।

ਲੇਖਾ ਪ੍ਰੀਖਿਆ ਨੇ ਦੇਖਿਆ (ਮਾਰਚ 2020) ਕਿ ਇਕਾਈ ਮੁਨਾਫਿਆਂ ਵਿੱਚ ਸੀ ਅਤੇ ਇਸ ਦਾ ਰਿਜ਼ਰਵ ਅਤੇ ਸਰਪਲੱਸ 2003-04 ਵਿਚ ₹ 47.52 ਲੱਖ ਤੋਂ ਵੱਧ ਕੇ 2007-08 ਵਿੱਚ ₹ 71.51 ਲੱਖ ਹੋ ਗਿਆ ਸੀ ਅਤੇ ਫਿਰ 2017-18 ਵਿੱਚ ਹੋਰ ਵੱਧ ਕੇ ₹ 1.19 ਕਰੋੜ ਹੋ ਗਿਆ। ਇਸ ਤੋਂ ਇਲਾਵਾ, ਇਕਾਈ ਨੇ ₹ 8.22 ਕਰੋੜ ਦਾ ਸਾਲਾਨਾ ਕਾਰੋਬਾਰ ਦਰਜ਼ ਕੀਤਾ ਸੀ ਅਤੇ 31 ਮਾਰਚ 2018 ਤੱਕ ₹ 2.74 ਕਰੋੜ ਦੀ ਵੀ ਨਿਰੋਲ ਮੌਜੂਦਾ ਜਾਇਦਾਦ ਸੀ। ਇਸ ਤਰ੍ਹਾਂ, ਇਕਾਈ ਟ੍ਰਿਬਿਊਨਲ ਦੇ ਅਵਾਰਡ ਮੁਤਾਬਿਕ ਕੰਪਨੀ ਨੂੰ ਅਦਾਇਗੀ ਕਰਨ ਦੀ ਸਥਿਤੀ ਵਿੱਚ ਸੀ।

ਮੈਨੇਜਮੈਂਟ ਨੇ ਕਿਹਾ (ਮਈ 2021) ਕਿ ਜਿਵੇਂ ਕਿ ਇਕਾਈ ਓ ਟੀ ਐਸ ਨੀਤੀ 2018 ਦੇ ਅਨੁਸਾਰ ਦੇਯ ਤਾਰੀਖ ਤੱਕ ਵਿਆਜ ਦਾ ਭੁਗਤਾਨ ਕਰਨ ਲਈ ਤਿਆਰ ਸੀ, ਇਕਾਈ ਦੇ ਪ੍ਰਸਤਾਵ ਨੂੰ ਇੱਕ ਵਿਸ਼ੇਸ਼ ਕੇਸ ਵਜੋਂ ਸਵੀਕਾਰ ਕਰ ਲਿਆ ਗਿਆ ਸੀ। ਇਸ ਤੋਂ ਇਲਾਵਾ, ਰਾਜ ਸਰਕਾਰ ਨੇ ਇਕਾਈ

---

[31] ਓ ਟੀ ਐਸ ਨੀਤੀ 2009 ਜਿਸ ਦੀ ਘੋਸ਼ਣਾ ਮਾਰਚ 2009 ਵਿੱਚ ਕੀਤੀ ਗਈ, ਨੁਕਸਾਨ ਉਠਾਉਣ ਵਾਲੀਆਂ ਇਕਾਈਆਂ ਲਈ ਸੀ।

[32] ਓ ਟੀ ਐਸ ਨੀਤੀ 2018 ਮੁਨਾਫਾ ਕਮਾਉਣ ਵਾਲੀ ਇਕਾਈਆਂ ਦੇ ਦੇਯ ਬਕਾਇਆ ਦੇ ਨਿਪਟਾਰੇ ਲਈ ਸੀ।

ਦੀ ਓ ਟੀ ਐਸ ਨੂੰ ਸਾਬਕਾ ਪੋਸਟ-ਫੈਕਟੋ ਪ੍ਰਵਾਨਗੀ ਦਿੱਤੀ (ਜੂਨ 2020)। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਕੇਸ ਦਾ ਫੈਸਲਾ ਹੋ ਚੁੱਕਾ ਸੀ। ਇਸ ਤਰ੍ਹਾਂ, ਕੰਪਨੀ ਦਾ ਡੈੱਟ ਰਿਕਵਰੀ ਟ੍ਰਿਬਿਊਨਲ ਦੇ ਅਵਾਰਡ ਅਨੁਸਾਰ ਇਸਦੇ ਜਾਇਜ਼ ਬਕਾਏ ਦੀ ਵਸੂਲੀ ਨੂੰ ਕਰਨ ਦੀ ਬਜਾਏ, ਓ ਟੀ ਐਸ ਨੀਤੀ, 2018 ਦੇ ਤਹਿਤ ਇਸ ਦੇ ਖਾਤੇ ਦਾ ਨਿਪਟਾਰਾ ਕਰਨ ਲਈ ਮੁਨਾਫ਼ਾ ਕਮਾਉਣ ਵਾਲੀ ਇਕਾਈ ਦੇ ਪ੍ਰਸਤਾਵ ਦੀ ਮਨਜ਼ੂਰੀ ਲਈ ਫੈਸਲਾ, ਇਕਾਈ ਨੂੰ ਨਜਾਇਜ਼ ਫਾਇਦਾ ਸੀ ਅਤੇ ਇਸ ਦੇ ਕਾਰਨ ਕੰਪਨੀ ਨੂੰ ₹ 0.66 ਕਰੋੜ[33] ਦਾ ਨੁਕਸਾਨ ਹੋਇਆ।

ਇਹ ਮਾਮਲਾ ਸਰਕਾਰ ਨੂੰ ਅਪ੍ਰੈਲ 2021 ਵਿੱਚ ਭੇਜਿਆ ਗਿਆ; ਉਨ੍ਹਾਂ ਦੇ ਜਵਾਬ ਦੀ ਉਡੀਕ (ਜੂਨ 2021) ਸੀ।

**ਕੰਪਨੀ ਲਾਭ ਕਮਾਉਣ ਵਾਲੀਆਂ ਇਕਾਈਆਂ ਲਈ ਓ ਟੀ ਐਸ ਲਾਗੂ ਕਰਨ ਵੇਲੇ ਆਪਣੇ ਵਿੱਤੀ ਹਿੱਤਾਂ ਦੀ ਰੱਖਿਆ ਲਈ ਵਧੇਰੇ ਸੁਚੇਤ ਰਹੇ। ਕੰਪਨੀ ਉਨ੍ਹਾਂ ਇਕਾਈਆਂ ਨੂੰ ਮਾਨਤਾ ਦੇਣ ਵੇਲੇ ਵਧੇਰੇ ਸੁਚੇਤ ਰਹੇ ਜੋ ਆਰਥਿਕ ਤੌਰ ਤੇ ਮਜ਼ਬੂਤ ਹਨ ਪਰ ਉਹ ਜਾਣ ਬੁੱਝ ਕੇ ਕੋਤਾਹੀ ਕਰ ਰਹੀਆਂ ਹਨ ਤਾਂ ਜੋ ਓ ਟੀ ਐਸ ਦਾ ਲਾਭ ਉਨ੍ਹਾਂ ਤੱਕ ਨਾ ਵਧਾਇਆ ਜਾ ਸਕੇ।**

## 2.12 ਵਨ ਟਾਈਮ ਸੈਟਲਮੈਂਟ ਪਾਲਿਸੀ ਦੇ ਤਹਿਤ ਸ਼ੇਅਰਾਂ ਦੇ ਤਬਾਦਲੇ ਤੇ ਨੁਕਸਾਨ

***ਓ ਟੀ ਐਸ ਦੀ ਰਕਮ ਤੇ ਪਹੁੰਚਣ ਲਈ ਲਾਭਅੰਸ਼ ਦੀ ਗਲਤ ਕਟੌਤੀ ਦੇ ਨਤੀਜੇ ਵਜੋਂ ₹ 8.88 ਕਰੋੜ ਦੀ ਘੱਟ ਰਿਕਵਰੀ ਹੋਈ ਜੋ ਕੰਪਨੀ ਦੇ ਵਿੱਤੀ ਹਿੱਤਾਂ ਲਈ ਪੱਖਪਾਤ ਸੀ***

ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਡ (ਕੰਪਨੀ) ਨੇ ਕਪਾਹ ਦੇ ਧਾਗੇ ਦੀ ਪ੍ਰੋਸੈਸਿੰਗ ਲਈ ਇਕ ਇਕਾਈ ਸਥਾਪਤ ਕਰਨ ਅਤੇ ਟੇਰੀ ਤੌਲੀਏ ਦੇ ਉਤਪਾਦਾਂ ਦੇ ਨਿਰਮਾਣ ਲਈ ਇਕ ਸਹਿਯੋਗੀ ਨਾਲ (ਮਾਰਚ 1996) ਇਕ ਵਿੱਤੀ ਸਹਿਕਾਰਤਾ ਸਮਝੌਤਾ (ਐਫ ਸੀ ਏ) ਕੀਤਾ। ਕੰਪਨੀ ਨੇ ਆਪਣੇ ਇਕਵਟੀ ਯੋਗਦਾਨ ਵੱਜੋਂ ₹ 14.56 ਕਰੋੜ ਨਿਵੇਸ਼ ਕੀਤਾ। ਐਫ ਸੀ ਏ ਦੀਆਂ ਸ਼ਰਤਾਂ ਦੇ ਅਨੁਸਾਰ, ਉਤਪਾਦਨ ਸ਼ੁਰੂ ਹੋਣ ਦੀ ਮਿਤੀ ਤੋਂ ਪੰਜ ਸਾਲਾਂ ਦੀ ਮਿਆਦ ਖਤਮ ਹੋਣ ਤੇ, ਸਹਿਯੋਗੀ ਇਕਾਈ ਵਿੱਚ ਕੰਪਨੀ ਦੀ ਇਕਵਟੀ ਸ਼ੇਅਰਹੋਲਡਿੰਗ ਵਾਪਸ ਖਰੀਦਣ ਲਈ ਪਾਬੰਦ ਸੀ। ਸਹਿਯੋਗੀ ਦੇ ਸ਼ੇਅਰ ਵਾਪਸ ਨਾ ਖਰੀਦਣ ਦੇ ਮਾਮਲੇ ਵਿੱਚ, ਕੰਪਨੀ ਸਹਿਯੋਗੀ ਦੇ ਜੋਖਮ ਅਤੇ ਕੀਮਤ ਤੇ ਮਾਰਕੀਟ ਵਿੱਚ ਆਪਣੀ ਹਿੱਸੇਦਾਰੀ ਵੇਚਣ ਦੀ ਹੱਕਦਾਰ ਸੀ। ਨਵੰਬਰ 2001 ਵਿੱਚ ਐਫ ਸੀ ਏ ਦੁਬਾਰਾ ਕੀਤਾ ਗਿਆ ਸੀ ਜਦ ਇਕਾਈ ਇਕ ਹੋਰ ਇਕਾਈ ਵਿੱਚ ਮਿਲ ਗਈ ਸੀ। ਸਹਿਯੋਗੀ ਨੇ ਅਪ੍ਰੈਲ 1998 ਵਿੱਚ ਵਪਾਰਕ ਉਤਪਾਦਨ ਦੀ ਸ਼ੁਰੂਆਤ ਕੀਤੀ ਅਤੇ ਇਸ ਤਰ੍ਹਾਂ ਸਹਿਯੋਗੀ ਦੁਆਰਾ ਕੰਪਨੀ ਦੀ ਸ਼ੇਅਰ ਹੋਲਡਿੰਗ ਵਾਪਸ ਖਰੀਦਣ ਯੋਗ ਮਾਰਚ 2003 ਤੋਂ ਬਣ ਗਈ।

ਸਹਿਯੋਗੀ ਨੇ ਪੰਜਾਬ ਸਰਕਾਰ (ਜੀ ਓ ਪੀ) ਦੁਆਰਾ ਘੋਸ਼ਿਤ ਵਨ ਟਾਈਮ ਸੈਟਲਮੈਂਟ (ਓ ਟੀ ਐਸ) ਸਕੀਮ 2003-04 ਦੇ ਅਧੀਨ ਇਕਵਟੀ ਸ਼ੇਅਰਾਂ ਵਿੱਚ ਕੰਪਨੀ ਦੇ ਨਿਵੇਸ਼ ਨੂੰ ਵਾਪਸ ਖਰੀਦਣ

[33] 20 ਫਰਵਰੀ 2009 ਤੋਂ ਟ੍ਰਿਬਿਊਨਲ ਦੁਆਰਾ ਅਵਾਰਡ ਵਜੋਂ ₹ 1.00 ਕਰੋੜ ਤੇ ਸਾਲਾਨਾ 20 *ਪ੍ਰਤੀਸ਼ਤ* ਦੀ ਦਰ ਤੇ ਵਿਆਜ ਨੂੰ ਛੱਡ ਕੇ।

ਦੀ ਪੇਸ਼ਕਸ਼ ਕੀਤੀ। ਓ ਟੀ ਐਸ ਨੀਤੀ 2003-04 ਨੇ ਇਹ ਵਿਵਸਥਾ ਕੀਤੀ ਕਿ 31 ਮਾਰਚ 2003 ਤੋਂ ਪਹਿਲਾਂ (ਜਿਸ ਦੇ ਵਿਰੁੱਧ ਕੋਈ ਸ਼ੇਅਰ ਤਬਦੀਲ ਨਹੀਂ ਕੀਤੇ ਗਏ ਸਨ) ਲਾਭਅੰਸ਼ ਸਮੇਤ ਪ੍ਰਾਪਤ ਹੋਈ ਰਾਸ਼ੀ ਨੂੰ, ਮੂਲ ਰਾਸ਼ੀ ਦੇ ਵਿਰੁੱਧ ਜਦੋਂ ਵੀ ਰਾਸ਼ੀ ਪ੍ਰਾਪਤ ਹੋਵੇਗੀ, ਦੇ ਅਨੁਸਾਰ ਸਮਾਂਯੋਜਿਤ ਕੀਤਾ ਜਾਵੇਗਾ। ਕੰਪਨੀ ਨੇ ਸਹਿਯੋਗੀ ਦੀ ₹ 24.78 ਕਰੋੜ ਦੀ ਓ ਟੀ ਐਸ ਰਾਸ਼ੀ ਦੀ ਗਣਨਾ ਕੀਤੀ । ਹਾਲਾਂਕਿ, ਸਹਿਯੋਗੀ ਨੇ ਸਿਰਫ ₹ 2.75 ਕਰੋੜ ਜਮਾਂ ਕਰਵਾਏ (ਅਗਸਤ 2003 ਤੋਂ ਅਕਤੂਬਰ 2006) ਅਤੇ ਇਸ ਤਰ੍ਹਾਂ ਬਕਾਇਆ ਰਾਸ਼ੀ ਜਮ੍ਹਾਂ ਕਰਵਾਉਣ ਵਿੱਚ ਅਸਫਲ ਰਹਿਣ ਕਾਰਨ, ਓ ਟੀ ਐਸ ਨੂੰ ਰੱਦ ਕਰ ਦਿੱਤਾ ਗਿਆ (ਨਵੰਬਰ 2007)। ਕੰਪਨੀ ਨੇ ਸ਼ੇਅਰਾਂ ਨੂੰ ਵਾਪਸ ਨਾ ਖਰੀਦਣ ਦੇ ਲਈ ਸਹਿਯੋਗੀ ਦੇ ਵਿਰੁੱਧ ਆਰਬਿਟਰੇਸ਼ਨ ਕਾਰਵਾਈ ਆਰੰਭ ਕੀਤੀ (ਜੂਨ 2010) ਸੀ। ਨਾਲ ਹੀ, ਕੰਪਨੀ ਨੇ ਨੋਟਿਸ ਜਾਰੀ ਕੀਤਾ (ਨਵੰਬਰ 2017) ਪਰ ਸਹਿਯੋਗੀ ਦੇ ਜੋਖਮ ਅਤੇ ਕੀਮਤ ਤੇ ਮਾਰਕੀਟ ਵਿੱਚ ਆਪਣੀ ਹਿੱਸੇਦਾਰੀ[34] ਵੇਚਣ ਵਿੱਚ ਅਸਫਲ ਰਹੀ।

ਜੀ ਓ ਪੀ ਨੇ ਫਿਰ ਇਕਵਟੀ ਪੋਰਟਫੋਲੀਓ ਲਈ ਇੱਕ ਨਵੀਂ ਓ ਟੀ ਐਸ ਨੀਤੀ ਬਣਾਈ (ਦਸੰਬਰ 2018)। ਇਸ ਨੀਤੀ ਦੇ ਅਨੁਸਾਰ, ਲਾਭ ਕਮਾਉਣ ਵਾਲੀ ਸਹਿਯੋਗੀ ਇਕਾਈ ਲਈ ਓ ਟੀ ਐਸ ਦੀ ਰਕਮ ਨੂੰ 'ਨਿਵੇਸ਼ ਦੀ ਬਕਾਇਆ ਰਕਮ *ਜਮ੍ਹਾਂ* ਕਟੌਤੀ ਦੀ ਮਿਤੀ ਤੱਕ ਵੰਡ ਦੀ ਮਿਤੀ ਤੋਂ ਸਾਧਾਰਣ ਵਿਆਜ[35] (ਇਕਵਟੀ ਓ ਟੀ ਐਸ ਨੀਤੀ 2003-04 ਵਿੱਚ ਦਿੱਤੇ ਅਨੁਸਾਰ ਘਟਦੇ ਬਕਾਇਆ ਦੇ ਅਧਾਰ ਤੇ) *ਘਟਾਓ* ਪਹਿਲਾਂ ਹੀ ਭੁਗਤਾਨ ਕੀਤੀ ਗਈ ਰਾਸ਼ੀ ਜਮ੍ਹਾਂ ਚਾਲੂ ਖਾਤੇ ਵਿੱਚ ਖਰਚੇ (ਸੀ ਸੀ ਏ)' ਵੱਜੋਂ ਗਿਣਿਆ ਜਾਣਾ ਸੀ।

ਸਹਿਯੋਗੀ ਦੀ ਇਕਾਈ -III ਇੱਕ ਮੁਨਾਫਾ ਕਮਾਉਣ ਵਾਲੀ ਇਕਾਈ ਸੀ। ਸਹਿਯੋਗੀ ਨੇ ਓ ਟੀ ਐਸ ਦੀ ਚੋਣ ਕੀਤੀ, ਅਤੇ ਇਕਵਟੀ ਵਿਨਿਵੇਸ਼ ਲਈ ਇਕ ਮੁਸ਼ਤ ਰਕਮ ਦੀ ਪੇਸ਼ਕਸ਼ ਕੀਤੀ (17 ਦਸੰਬਰ 2018)। ਕੰਪਨੀ ਨੇ ਸਹਿਯੋਗੀ ਨੂੰ ₹ 33.04 ਕਰੋੜ[36] ਦੀ ਓ ਟੀ ਐਸ ਰਾਸ਼ੀ ਦੀ ਜਾਣਕਾਰੀ ਦਿੱਤੀ (17 ਦਸੰਬਰ 2018)।

ਕੰਪਨੀ ਨੇ ਓ ਟੀ ਐਸ ਦੀ ਰਾਸ਼ੀ ਦੀ ਗਣਨਾ ਕਰਦੇ ਹੋਏ, ਇਕਾਈ ਤੋਂ 2003-04 ਦੀ ਪਹਿਲੀ ਓ ਟੀ ਐਸ ਲਈ ਪ੍ਰਾਪਤ ਕੀਤੇ ₹ 2.75 ਕਰੋੜ ਅਤੇ 2006 ਤੋਂ 2018 ਦੇ ਦੌਰਾਨ ਇਸ ਦੀ ਇਕਾਈ ਦੇ ਸ਼ੇਅਰਾਂ ਵਿੱਚ ਨਿਵੇਸ਼ ਤੇ ਪ੍ਰਾਪਤ ਕੀਤੇ ₹ 6.33 ਕਰੋੜ ਦੇ ਲਾਭਅੰਸ਼ ਦੀ ਕਟੌਤੀ ਕੀਤੀ। ਕੰਪਨੀ ਨੇ ₹ 33.04 ਕਰੋੜ ਪ੍ਰਾਪਤ ਕੀਤੇ (ਦਸੰਬਰ 2018) ਅਤੇ ₹ 105.62 ਕਰੋੜ[37] ਦਾ ਤਿਆਗ ਕੀਤਾ ਜੋ ਐਫ ਸੀ ਏ ਦੇ ਅਨੁਸਾਰ ਬਕਾਇਆ ਸੀ। ਆਰਬਿਟਰੇਸ਼ਨ ਕਾਰਵਾਈ ਵਾਪਸ ਲਈ ਗਈ (ਜਨਵਰੀ 2019) ਅਤੇ ਸ਼ੇਅਰਾਂ ਦਾ ਤਬਾਦਲਾ ਕਰ ਦਿੱਤਾ ਗਿਆ।

ਲੇਖਾ ਪ੍ਰੀਖਿਆ ਨੇ ਦੇਖਿਆ (ਮਾਰਚ 2020) ਕਿ ਕੰਪਨੀ ਦੁਆਰਾ ਸਾਲ 2006 ਤੋਂ 2018 ਦੌਰਾਨ ਸ਼ੇਅਰਧਾਰਕ ਵੱਜੋਂ ਪ੍ਰਾਪਤ ਲਾਭਅੰਸ਼ ਦੀ ਕਟੌਤੀ ਜਾਇਜ਼ ਨਹੀਂ ਸੀ ਕਿਉਂਕਿ ਓ ਟੀ ਐਸ ਨੀਤੀ

---

34 31 ਮਾਰਚ 2017 ਨੂੰ ਕੰਪਨੀ ਦੁਆਰਾ ਰੱਖੇ ਗਏ ਸ਼ੇਅਰਾਂ ਦੀ ਮਾਰਕੀਟ ਕੀਮਤ ₹ 66.59 ਕਰੋੜ ਸੀ।

35 @ 11 *ਪ੍ਰਤੀਸ਼ਤ* ਪ੍ਰਤੀ ਸਾਲ।

36 ਪ੍ਰਿੰਸੀਪਲ: ₹ 5.48 ਕਰੋੜ ਜਮ੍ਹਾ ਵਿਆਜ: ₹ 26.62 ਕਰੋੜ ਜਮ੍ਹਾ ਚਾਲੂ ਖਾਤਾ (ਸੀ ਸੀ ਏ) ਖਰਚੇ: ₹ 0.94 ਕਰੋੜ।

37 ਐਫ ਸੀ ਏ 1996 ਦੇ ਅਨੁਸਾਰ ਬਕਾਇਆ ਰਕਮ: ₹ 138.66 ਕਰੋੜ (ਵਿਆਜ ਸਮੇਤ @ 24 *ਪ੍ਰਤੀਸ਼ਤ*) ਘਟਾਓ ਓ ਟੀ ਐਸ ਰਕਮ ਦੀ ਵਸੂਲੀ ₹ 33.04 ਕਰੋੜ = ₹ 105.62 ਕਰੋੜ।

2018 ਦੇ ਤਹਿਤ ਲਾਭਅੰਸ਼ ਦੀ ਕਟੌਤੀ ਦਾ ਸਹਿਯੋਗੀ ਤੋਂ ਬਕਾਇਆ ਰਕਮ ਵਿੱਚੋਂ ਵਸੂਲਣ ਦਾ ਕੋਈ ਖਾਸ ਜ਼ਿਕਰ ਨਹੀਂ ਸੀ ਜਦੋਂ ਕਿ ਪਿਛਲੀ ਨੀਤੀ[38] ਵਿੱਚ, 31 ਮਾਰਚ 2003 ਤੋਂ ਪਹਿਲਾਂ ਪ੍ਰਾਪਤ ਹੋਏ ਲਾਭਅੰਸ਼ ਦੀ ਕਟੌਤੀ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਗਿਆ ਸੀ।

ਇਸ ਤਰ੍ਹਾਂ, ₹ 8.88 ਕਰੋੜ (ਲਾਭਅੰਸ਼: ₹ 6.33 ਕਰੋੜ ਅਤੇ ਵਿਆਜ: ₹ 2.55 ਕਰੋੜ) ਦੇ ਗੈਰ-ਵਾਜਬ ਵਿਵਸਥਾਂ ਦੇ ਬਾਅਦ ਓ ਟੀ ਐਸ 2018 ਦੇ ਤਹਿਤ ₹ 33.04 ਕਰੋੜ ਤੇ ਇਕਵਟੀ ਵਿਨਿਵੇਸ਼ ਦਾ ਨਿਪਟਾਰਾ ਕਰਨ ਦੇ ਨਤੀਜੇ ਵਜੋਂ ₹ 8.88 ਕਰੋੜ ਦੀ ਘੱਟ ਰਿਕਵਰੀ ਹੋਈ ਹੈ।

ਮੈਨੇਜਮੈਂਟ ਨੇ ਦੱਸਿਆ (ਮਾਰਚ 2021) ਕਿ ਓ ਟੀ ਐਸ ਪਾਲਿਸੀ 2003-04 ਦੇ ਤਹਿਤ ਕਟਆਫ ਦੀ ਤਾਰੀਖ ਤੱਕ ਪ੍ਰਾਪਤ ਹੋਏ ਲਾਭਅੰਸ਼ ਦਾ ਲਾਭ ਓ ਟੀ ਐਸ ਪਾਲਿਸੀ 2018 ਦੀ ਵਿਸ਼ੇਸ਼ਤਾ ਦੇ ਅਨੁਸਾਰ ਦਿੱਤਾ ਗਿਆ ਸੀ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਸਾਲ 2006 ਤੋਂ 2018 ਦੇ ਦੌਰਾਨ ਕੰਪਨੀ ਦੁਆਰਾ ਪ੍ਰਾਪਤ ਲਾਭਾਂਸ਼ ਇੱਕ ਸ਼ੇਅਰਧਾਰਕ ਦੀ ਸਮਰੱਥਾ ਵਿੱਚ ਸੀ ਅਤੇ ਓ ਟੀ ਐਸ ਪਾਲਿਸੀ 2018 ਦੇ ਤਹਿਤ ਸਹਿਯੋਗੀ ਦੇ ਬਕਾਏ ਵਿੱਚੋਂ ਲਾਭਅੰਸ਼ ਦੀ ਕਟੌਤੀ ਦਾ ਕੋਈ ਖਾਸ ਜ਼ਿਕਰ ਨਹੀਂ ਸੀ।

ਇਹ ਮਾਮਲਾ ਸਰਕਾਰ ਨੂੰ ਭੇਜਿਆ ਗਿਆ (ਫਰਵਰੀ 2021); ਉਨ੍ਹਾਂ ਦੇ ਜਵਾਬ ਦੀ ਉਡੀਕ ਸੀ (ਜੁਲਾਈ 2021)।

**ਕੰਪਨੀ ਆਪਣੀ ਸਥਾਈ ਨੀਤੀ ਦਾ ਸਖਤੀ ਨਾਲ ਪਾਲਣਾ ਕਰੇ ਤਾਂ ਜੋ ਮੁਨਾਫਾ ਕਮਾਉਣ ਵਾਲੀਆਂ ਇਕਾਈਆਂ ਲਈ ਓ ਟੀ ਐਸ ਸਕੀਮ ਲਾਗੂ ਕਰਦਿਆਂ ਆਪਣੇ ਵਿੱਤੀ ਹਿੱਤਾਂ ਦੀ ਰੱਖਿਆ ਕੀਤੀ ਜਾ ਸਕੇ।**

## ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ

## ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ

### 2.13 ਕਣਕ ਦਾ ਨੁਕਸਾਨ

***ਕਣਕ ਦੇ ਭੰਡਾਰ ਦੀ ਮਾੜੀ ਸੰਭਾਲ ਦੇ ਨਾਲ ਨਾਲ ਐਫ ਸੀ ਆਈ ਦੀਆਂ ਭੰਡਾਰਨ ਨਿਰਦੇਸ਼ਾਂ ਦੀ ਉਲੰਘਣਾ ਕਰਦੇ ਸੰਕਰਮਿਤ ਸਟਾਕ ਨਾਲ ਨਵੀ ਕਣਕ ਦਾ ਭੰਡਾਰਨ ਕਰਨ ਕਾਰਨ ਕਣਕ ਦਾ ਨੁਕਸਾਨ ਹੋਇਆ ਅਤੇ ਕੰਪਨੀ ਨੂੰ ₹55.32 ਕਰੋੜ ਦਾ ਘਾਟਾ ਹੋਇਆ।***

ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ (ਕੰਪਨੀ), ਰਾਜ ਦੀ ਇੱਕ ਖਰੀਦ ਏਜੰਸੀ ਰਬੀ ਮਾਰਕੀਟਿੰਗ ਸੀਜ਼ਨ (ਆਰ ਐਮ ਐਸ) ਲਈ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ ਸੀ ਆਈ) ਦੀ ਤਰਫੋਂ ਕੇਂਦਰੀ ਪੂਲ ਲਈ ਕਣਕ ਦੀ ਖਰੀਦ ਕਰਦੀ ਹੈ। ਇਹ ਕੰਪਨੀ ਦੀ

[38] ਓ ਟੀ ਐਸ ਨੀਤੀ 2003-04।

ਜ਼ਿਮੇਵਾਰੀ ਹੈ ਕਿ ਕਣਕ ਦੇ ਸਟਾਕ ਦੀ ਐਫ ਸੀ ਆਈ ਨੂੰ ਡਿਲਿਵਰੀ ਕਰਨ ਤੱਕ ਇਸਦੀ ਸਿਹਤ ਨੂੰ ਬਣਾ ਕੇ ਰੱਖਿਆ ਜਾਵੇ।

ਐਫ ਸੀ ਆਈ ਮਹੀਨਾਵਾਰ ਅੰਤਰਾਲਾਂ ਅਤੇ ਸਟਾਕ ਦੀ ਡਿਲਿਵਰੀ ਦੇ ਸਮੇਂ ਕਣਕ ਦੇ ਸਟਾਕਾਂ ਦੀ ਸਥਿਤੀ ਦਾ ਨਿਰੀਖਣ ਕਰਦੀ ਹੈ। ਜੇ ਨਿਰੀਖਣ ਸਮੇਂ ਕੋਈ ਸੰਕਰਮਣ ਜਾਂ ਆਟਾ ਬਣਿਆ ਆਦਿ ਪਾਇਆ ਜਾਂਦਾ ਹੈ, ਤਾਂ ਐਫ ਸੀ ਆਈ ਕੰਪਨੀ ਨੂੰ ਕਮੀਆਂ ਬਾਰੇ ਦੱਸਦੀ ਹੈ ਅਤੇ ਉਸ ਅਨੁਸਾਰ ਉਪਾਅ ਕਰਨ ਦੇ ਨਿਰਦੇਸ਼ ਦਿੰਦੀ ਹੈ। ਨਵੇ ਸਟਾਕਾਂ ਨੂੰ ਸੰਕਰਮਿਤ ਹੋਣ ਦੀ ਸੰਭਾਵਨਾ ਤੋਂ ਬਚਾਉਣ ਲਈ ਖਰਾਬ ਹੋਏ/ਜਾਰੀ ਨਾ ਹੋਣ ਯੋਗ ਸਟਾਕ ਨੂੰ ਇੱਕ ਵੱਖਰੇ ਖੇਤਰ[39] ਵਿੱਚ ਭੰਡਾਰ ਕਰਨਾ ਜ਼ਰੂਰੀ ਹੈ। ਅੱਗੇ, ਭਾਰਤ ਸਰਕਾਰ (ਜੀ ਓ ਆਈ) ਨੂੰ ਨਿਰਦੇਸ਼ ਦਿੱਤਾ (ਜੁਲਾਈ 2014) ਕਿ ਜੋ ਸਟਾਕ ਅਪਗਰੇਡ[40] ਹੋਣ ਯੋਗ ਪਾਏ ਗਏ ਹਨ, ਨੂੰ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਅਪਗਰੇਡ ਕੀਤਾ ਜਾਏਗਾ, ਅਸਫਲਤਾ ਦੀ ਸਥਿਤੀ ਵਿੱਚ ਸਟਾਕ ਨੂੰ ਐਫ ਸੀ ਆਈ ਦੁਆਰਾ ਖਰਾਬ ਘੋਸ਼ਿਤ ਕੀਤਾ ਜਾਵੇਗਾ। ਭੰਡਾਰ ਵਿਚ ਖਰਾਬ ਹੋਈ ਕਣਕ ਦਾ ਟੈਂਡਰ ਰਾਹੀ ਕੰਪਨੀ ਦੁਆਰਾ ਨਿਪਟਾਰਾ ਕਰ ਦਿੱਤਾ ਜਾਂਦਾ ਹੈ। ਖਰਾਬ ਹੋਏ ਅਨਾਜ ਦੇ ਨਿਪਟਾਰੇ ਦੀ ਸਮੁੱਚੀ ਕਾਰਵਾਈ ਸਮਾਂਬੱਧ ਹੋਣੀ ਚਾਹੀਦੀ ਹੈ ਅਤੇ ਇਹ ਐਫ ਸੀ ਆਈ ਦੁਆਰਾ ਖਰਾਬ ਹੋਏ ਸਟਾਕਾਂ ਦੀ ਘੋਸ਼ਣਾ ਦੀ ਮਿਤੀ ਤੋਂ ਵੱਧ ਤੋਂ ਵੱਧ ਛੇ ਮਹੀਨਿਆਂ ਦੇ ਸਮੇਂ ਦੇ ਅੰਦਰ ਮੁਕੰਮਲ ਹੋਣੀ ਚਾਹੀਦੀ ਹੈ।

(ੳ) ਲੇਖਾ ਪ੍ਰੀਖਿਆ ਨੇ ਦੇਖਿਆ (ਦਸਬੰਰ 2019) ਕਿ ਇਨ੍ਹਾਂ ਨਿਰਦੇਸ਼ਾਂ ਦੀ ਉਲੰਘਣਾ ਕਰਦੇ ਹੋਏ, ਫਰੀਦਕੋਟ ਜਿਲ੍ਹਾ ਦਫਤਰ ਅਤੇ ਕੰਪਨੀ ਦੇ ਸ਼੍ਰੀ ਮੁਕਤਸਰ ਸਾਹਿਬ ਜ਼ਿਲ੍ਹਾ ਦਫਤਰ ਦੇ ਗਿੱਦੜਬਾਹਾ ਕੇਂਦਰ ਨੇ ਫਸਲ ਸਾਲ 2014-15 ਦੀ ਨਵੀ ਕਣਕ ਦੇ ਨਾਲ ਪਿਛਲੇ ਫਸਲੀ ਸਾਲਾਂ ਦੀ ਖਰਾਬ/ਸੰਕਰਮਿਤ ਕਣਕ (2011-12 ਅਤੇ 2012-13) ਇਹਨਾਂ ਭੰਡਾਰ ਕੇਂਦਰਾਂ ਤੇ ਅਤੇ ਉਹ ਵੀ ਖੁਲੀਆਂ ਪਲਿੰਥਾਂ ਤੇ ਸਟੋਰ ਕੀਤੀ। 2014-15 ਵਿੱਚ ਕਣਕ ਦੀ ਖਰੀਦ ਦੇ ਸਮੇਂ ਕੰਪਨੀ ਦੁਆਰਾ ਇਨ੍ਹਾਂ ਦੋ ਜ਼ਿਲ੍ਹਾ ਦਫਤਰਾਂ ਵਿੱਚ ਕੋਈ ਕਵਰਡ ਜਗ੍ਹਾ ਦਾ ਪ੍ਰਬੰਧ ਨਹੀਂ ਕੀਤਾ ਗਿਆ । ਕਣਕ ਨੂੰ ਸੰਕਰਮਣ ਤੋਂ ਬਚਾਉਣ ਲਈ ਵਿਗਿਆਨਕ ਭੰਡਾਰਨ ਲਈ ਲੋੜੀਦੇ ਉਪਾਅ ਨਹੀਂ ਕੀਤੇ ਗਏ ਸਨ। ਨਤੀਜੇ ਵਜੋਂ, ਫਸਲ ਸਾਲ 2014-15 ਦੀ ਕਣਕ ਵੀ ਪ੍ਰਭਾਵਿਤ ਹੋ ਗਈ । ਐਫ ਸੀ ਆਈ ਨੇ ਵਾਰ-ਵਾਰ ਕੰਪਨੀ ਦੇ ਮੁੱਖ ਦਫਤਰ ਦੇ ਨਾਲ ਨਾਲ ਜ਼ਿਲ੍ਹਾ ਦਫਤਰਾਂ ਦੇ ਨਾਲ ਫਸਲ ਸਾਲ 2014-15 ਦੀ ਕਣਕ ਨੂੰ ਪਿਛਲੇ ਫਸਲੀ ਸਾਲਾਂ ਦੀ ਸੰਕਰਮਿਤ ਕਣਕ ਦੇ ਨਾਲ ਭੰਡਾਰਨ ਕਰਨ ਦਾ ਮਾਮਲਾ ਉਠਾਇਆ। ਹਾਲਾਂਕਿ, ਕੋਈ ਸਟਾਕ ਕਵਰਡ ਭੰਡਾਰ ਵਿੱਚ ਤਬਦੀਲ ਨਹੀਂ ਕੀਤਾ ਗਿਆ ਜਦੋਂ ਇਹ ਦੇਖਿਆ ਗਿਆ ਕਿ ਕਣਕ ਦੀ ਹਾਲਤ ਵਿਗੜ ਰਹੀ ਹੈ। ਆਖਰਕਾਰ, ਐਫ ਸੀ ਆਈ ਨੇ ਫਰਵਰੀ 2016 ਤੋਂ ਮਈ 2017 ਦੇ ਦੌਰਾਨ 31,706 ਐਮ ਟੀ[41] ਨੂੰ ਅਪਗ੍ਰੇਡੇਬਲ ਘੋਸ਼ਿਤ ਕੀਤਾ। ਐਫ ਸੀ ਆਈ ਅਤੇ ਕੰਪਨੀ ਦੇ ਜ਼ਿਲ੍ਹਾ ਪ੍ਰਬੰਧਕਾਂ ਨੇ ਸਬੰਧਤ ਸਟਾਫ ਨੂੰ ਇਨ੍ਹਾਂ ਜ਼ਿਲ੍ਹਾ ਦਫਤਰਾਂ ਵਿੱਚ ਪਏ ਸਟਾਕ ਨੂੰ ਅਪਗਰੇਡ ਕਰਨ ਲਈ ਵਾਰ ਵਾਰ ਨਿਰਦੇਸ਼ (ਅਗਸਤ

---

[39] ਐਫ ਸੀ ਆਈ ਦੁਆਰਾ ਜਾਰੀ ਨਿਰਦੇਸ਼ਾਂ (ਦਸੰਬਰ 2004) ਦੇ ਅਨੁਸਾਰ।

[40] ਅਪਗ੍ਰੇਡੇਬਲ ਸਟਾਕ ਉਹ ਹੁੰਦੇ ਹਨ ਜਿਨ੍ਹਾਂ ਨੂੰ ਖਰਾਬ ਅਨਾਜ ਤੋਂ ਵੱਖ ਕਰਨ ਤੋ ਬਾਅਦ, ਗੁਣਵੱਤਾ ਵਾਲਾ ਅਨਾਜ ਪ੍ਰਾਪਤ ਕੀਤਾ ਜਾ ਸਕਦਾ ਹੈ।

[41] ਜ਼ਿਲ੍ਹਾ ਫਰੀਦਕੋਟ ਦੇ 18,460 ਐਮ ਟੀ ਅਤੇ ਗਿਦੜਬਾਹਾ ਕੇਂਦਰ ਦੇ 13,246 ਐਮ ਟੀ।

2015 ਤੋਂ ਜੁਲਾਈ 2016) ਜਾਰੀ ਕੀਤੇ। ਹਾਲਾਂਕਿ, ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੀ ਗੈਰ ਉਤਸ਼ਾਹੀ ਪਹੁੰਚ ਕਾਰਨ, ਸਿਰਫ 12,529 ਐਮ ਟੀ[42] ਨੂੰ ਹੀ ਅਪਗਰੇਡ ਕੀਤਾ ਜਾ ਸਕਿਆ ਸੀ। ਸਿੱਟੇ ਵਜੋਂ, ਐਫ ਸੀ ਆਈ ਨੇ ₹ 44.70 ਕਰੋੜ ਦੀ ਕੀਮਤ ਵਾਲੀ 19,176.56 ਐਮ ਟੀ ਕਣਕ ਨੂੰ (ਨਵੰਬਰ 2016 ਅਤੇਂ ਮਾਰਚ 2017) ਖਰਾਬ ਘੋਸ਼ਿਤ ਕੀਤਾ।

ਇਸ ਤੋਂ ਬਾਅਦ, ਖਰਾਬ ਹੋਏ ਕਣਕ ਭੰਡਾਰ ਦਾ ਵਰਗੀਕਰਨ[43] ਕੀਤਾ ਗਿਆ (ਦਸੰਬਰ 2016 ਤੋਂ ਜੂਨ 2017) ਅਤੇ 19,171.56 ਐਮ ਟੀ ਭੰਡਾਰ ਦੇ ਨਿਪਟਾਰੇ ਲਈ ਟੈਂਡਰ ਮੰਗੇ ਗਏ ਸੀ। ਛੇ ਮਹੀਨਿਆਂ ਦੀ ਸਮਾਂ ਸੀਮਾ ਦੇ ਮੁਕਾਬਲੇ, ਕੰਪਨੀ ਨੂੰ ਖਰਾਬ ਹੋਈ ਕਣਕ ਦੇ ਨਿਪਟਾਰੇ ਲਈ ਅੱਠ ਤੋਂ 13 ਮਹੀਨਿਆਂ ਦਾ ਸਮਾਂ ਲੱਗਾ ਜਿਸ ਨਾਲ ਖਰਾਬ ਹੋਈ ਕਣਕ ਹੋਰ ਖਰਾਬ ਹੋ ਗਈ। ਫਸਲ ਸਾਲ 2014-15 ਦੀ 14,062.63 ਐਮ ਟੀ ਖਰਾਬ ਹੋਈ ਕਣਕ ਦੀ ਵਿਕਰੀ ਤੇ ਕੰਪਨੀ ਨੂੰ ₹ 32.82 ਕਰੋੜ ਦੀ ਐਫ ਸੀ ਆਈ ਦੁਆਰਾ ਜਾਰੀ ਦਰਾਂ ਦੀ ਕੀਮਤ ਦੇ ਮੁਕਾਬਲੇ ₹ 14.59 ਕਰੋੜ ਪ੍ਰਾਪਤ ਹੋਏ। ਕਣਕ ਦੇ ਨੁਕਸਾਨ ਦੇ ਕਾਰਨ ₹ 18.23 ਕਰੋੜ ਦੀ ਘੱਟ ਵਸੂਲੀ ਕੰਪਨੀ ਲਈ ਲਾਗਤ ਸੀ। ਅੱਗੇ, ₹ 11.88 ਕਰੋੜ ਦੀ ਕੀਮਤ ਵਾਲੀ 5,108.94 ਐਮ ਟੀ ਕਣਕ ਦੀ ਘਾਟ ਵੀ (ਦਸੰਬਰ 2019) ਖਰੀਦਦਾਰਾਂ ਦੁਆਰਾ ਖਰਾਬ ਹੋਈ ਕਣਕ ਨੂੰ ਪੂਰੀ ਤਰ੍ਹਾਂ ਚੁੱਕਣ ਤੋਂ ਬਾਅਦ ਧਿਆਨ ਵਿੱਚ ਆਈ। ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਨੂੰ ਚਾਰਜਸ਼ੀਟ ਜਾਰੀ ਕਰਨ ਲਈ ਸਮਗਰੀ ਜ਼ਿਲ੍ਹਾ ਦਫਤਰਾਂ ਦੁਆਰਾ ਅਗਸਤ 2019 ਅਤੇ ਮਾਰਚ 2020 ਵਿੱਚ ਕੰਪਨੀ ਦੇ ਮੁੱਖ ਦਫਤਰ ਨੂੰ ਭੇਜੀ ਗਈ ਸੀ, ਹਾਲਾਂਕਿ, 15 ਤੋਂ 22 ਮਹੀਨੇ ਬਾਅਦ ਵੀ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਵਿਰੁੱਧ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ।

**(ਅ)** ਲੇਖਾ ਪ੍ਰੀਖਿਆ ਨੇ ਦੇਖਿਆ (ਦਸਬੰਰ 2019) ਕਿ ਕੰਪਨੀ ਨੇ ਫਸਲ ਸਾਲ 2014-15 ਦੀ 1,17,948 ਐਮ ਟੀ ਕਣਕ ਨੂੰ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਵੱਖ-ਵੱਖ ਭੰਡਾਰ ਕੇਂਦਰਾਂ ਤੇ ਖੁਲੀਆਂ ਪਲਿੰਥਾਂ ਤੇ ਭੰਡਾਰ ਕੀਤਾ ਸੀ। 2014-15 ਵਿੱਚ ਕਣਕ ਦੀ ਖਰੀਦ ਦੇ ਸਮੇਂ ਕੰਪਨੀ ਦੁਆਰਾ ਕੋਈ ਕਵਰਡ ਜਗ੍ਹਾ ਦਾ ਪ੍ਰਬੰਧ ਨਹੀਂ ਕੀਤਾ ਜਾ ਸਕਿਆ ਸੀ। ਨਾਲ ਹੀ, ਇਸਦੇ ਵਿਗਿਆਨਕ ਭੰਡਾਰਨ ਲਈ ਲੋੜੀਂਦੇ ਉਪਾਅ ਨਹੀਂ ਕੀਤੇ ਗਏ, ਜਿਸਦੇ ਸਿੱਟੇ ਵਜੋਂ ਫਸਲ ਸਾਲ 2014-15 ਦੀ ਕਣਕ ਸੰਕਰਮਿਤ ਹੋ ਗਈ। ਫਰਵਰੀ 2016 ਵਿੱਚ, ਐਫ ਸੀ ਆਈ ਨੇ ਖਰਾਬ ਸੰਭਾਲ ਕਾਰਨ ਪਲਿੰਥਾਂ [44] ਦੀ ਬਹੁਤ ਜਿਆਦਾ ਕਮਜੋਰ ਸਥਿਤੀ, ਪਲਿੰਥਾਂ ਦੇ ਆਲੇ ਦੁਆਲੇ ਜੰਗਲੀ ਬਨਸਪਤੀ ਦੇ ਵਾਧੇ, ਸਟਾਕ ਦੀ ਗੰਦੀ ਅਤੇ ਸੰਕਰਮਿਤ ਸਥਿਤੀ ਦੇ ਕਾਰਨ ਪਲਿੰਥਾਂ ਦੀ ਅਤਿ ਸੰਵੇਦਨਸ਼ੀਲ ਸਥਿਤੀ ਵੱਲ ਇਸ਼ਾਰਾ ਕੀਤਾ ਅਤੇ ਨਾਲ ਹੀ (ਮਈ 2016) ਸਟਾਕ[45] ਤੇ ਕੀਟਨਾਸ਼ਕ ਨਾ ਛਿੜਕਣ ਵੱਲ ਇਸ਼ਾਰਾ ਕੀਤਾ ਅਤੇ ਇਸ ਦੁਆਰਾ ਦਰਸਾਈਆਂ ਗਈਆ ਵਿਭਿੰਨਤਾਵਾਂ ਤੇ ਅਤੇ ਪਲਿੰਥਾਂ ਦੀ ਸਥਿਤੀ ਵਿੱਚ ਸੁਧਾਰ ਨੂੰ ਯਕੀਨੀ ਬਣਾਉਣ ਲਈ ਸੁਧਾਰਾਤਮਕ ਉਪਾਵਾਂ ਦੀ ਬੇਨਤੀ ਕੀਤੀ। ਐਫ

---

42 ਜ਼ਿਲ੍ਹਾ ਫਰੀਦਕੋਟ ਦੇ 979 ਐਮ ਟੀ ਅਤੇ ਗਿਦੜਬਾਹਾ ਕੇਂਦਰ ਦੇ 11,550 ਐਮ ਟੀ।

43 ਇਕ ਪ੍ਰਕਿਰਿਆ ਜਿੱਥੇ ਅਨਾਜ ਦੀ ਪ੍ਰਤੀਸ਼ਤਤਾ ਦੇ ਅਧਾਰ ਤੇ, ਖਰਾਬ ਹੋਏ ਅਨਾਜ ਦੀ ਗ੍ਰੇਡ/ਅੰਤ ਦੀ ਵਰਤੋ ਨਿਰਧਾਰਤ ਕੀਤੀ ਜਾਂਦੀ ਹੈ।

44 ਮੁਕਤਸਰ-1, ਮੁਕਤਸਰ-2, ਮੁਕਤਸਰ-3 ਅਤੇ ਮਲੋਟ-1

45 ਜਮਿਤ ਓਪਨ ਪਲਿੰਥ ਜਿਥੇ ਬਾਅਦ ਵਿੱਚ 9626 ਐਮ ਟੀ ਕਣਕ ਖਰਾਬ ਹੋ ਗਈ।

ਸੀ ਆਈ ਦੁਆਰਾ ਕੰਪਨੀ ਦੇ ਮੁੱਖ ਦਫਤਰ/ਜ਼ਿਲ੍ਹਾ ਦਫਤਰਾਂ ਨੂੰ ਸੁਧਾਰਾਤਮਕ ਉਪਾਅ ਕਰਨ ਲਈ ਵਾਰ ਵਾਰ ਬੇਨਤੀਆਂ (ਜਨਵਰੀ 2016 ਤੋਂ ਅਗਸਤ 2016) ਕਰਨ ਦੇ ਬਾਵਜੂਦ, ਇਹ ਦੇਖਿਆ ਗਿਆ ਕਿ ਕੰਪਨੀ ਐਫ ਸੀ ਆਈ ਦੇ ਨਿਰਦੇਸ਼ਾਂ ਦੀ ਸਮੇਂ ਸਿਰ ਪਾਲਣਾ ਨੂੰ ਯਕੀਨੀ ਬਣਾਉਣ ਵਿੱਚ ਅਸਫਲ ਰਹੀ। ਆਖਰਕਾਰ, ਐਫ ਸੀ ਆਈ ਨੇ ਫਰਵਰੀ 2016 ਤੋਂ ਮਾਰਚ 2017 ਦੇ ਦੌਰਾਨ 24,583 ਐਮ ਟੀ ਨੂੰ ਅਪਗ੍ਰੇਡੇਬਲ ਘੋਸ਼ਿਤ ਕੀਤਾ। ਐਫ ਸੀ ਆਈ ਅਤੇ ਕੰਪਨੀ ਦੇ ਜ਼ਿਲ੍ਹਾ ਪ੍ਰਬੰਧਕਾਂ ਨੇ ਸਬੰਧਤ ਸਟਾਫ ਨੂੰ ਸਟਾਕ ਨੂੰ ਅਪਗ੍ਰੇਡ ਕਰਨ ਲਈ ਵਾਰ ਵਾਰ ਨਿਰਦੇਸ਼ (ਜਨਵਰੀ 2016 ਤੋਂ ਫਰਵਰੀ 2017) ਜਾਰੀ ਕੀਤੇ। ਹਾਲਾਂਕਿ, ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੀ ਅਣਗਿਹਲੀ ਅਤੇ ਗੈਰ ਉਤਸ਼ਾਹੀ ਪਹੁੰਚ ਕਾਰਨ, ਸਿਰਫ 10,367 ਐਮ ਟੀ ਨੂੰ ਹੀ ਅਪਗ੍ਰੇਡ ਕੀਤਾ ਜਾ ਸਕਿਆ ਹੈ। ਸਿੱਟੇ ਵਜੋਂ, ਫਸਲ ਸਾਲ 2014-15 ਦੀ 14,216 ਐਮ ਟੀ ਕਣਕ ਨੂੰ ਖਰਾਬ ਘੋਸ਼ਿਤ ਕੀਤਾ ਗਿਆ (ਨਵੰਬਰ 2016 ਅਤੇ ਮਾਰਚ 2017) ਅਤੇ ਇਸ ਖਰਾਬ ਹੋਈ ਕਣਕ ਦੇ ਨਿਪਟਾਰੇ ਲਈ (ਅਕਤੂਬਰ 2017 ਅਤੇ ਮਾਰਚ 2018) ਟੈਂਡਰ ਮੰਗੇ ਗਏ।

ਖਰਾਬ ਹੋਈ ਕਣਕ ਦੇ ਨਿਪਟਾਰੇ ਲਈ ਛੇ ਮਹੀਨਿਆਂ ਦੀ ਸਮਾਂ ਸੀਮਾ ਦੇ ਮੁਕਾਬਲੇ ਕੰਪਨੀ ਨੂੰ ਤਿੰਨ ਤੋਂ 20 ਮਹੀਨੇ ਲੱਗ ਗਏ। ਖਰਾਬ ਹੋਈ ਕਣਕ ਹੋਰ ਖਰਾਬ ਹੋ ਗਈ। ਨਿਪਟਾਰੇ ਲਈ ਪੇਸ਼ ਕੀਤੀ 14,215.80 ਐਮ ਟੀ ਕਣਕ ਵਿੱਚੋ ₹ 10.73 ਕਰੋੜ ਦੀ ਕੀਮਤ ਵਾਲੀ 4,294.19 ਐਮ ਟੀ ਕਣਕ ਦੀ ਘਾਟ ਖਰੀਦਦਾਰ ਪਾਰਟੀਆਂ ਦੇ ਕੋਲ ਨਜ਼ਰ ਆਈ (ਦਸੰਬਰ 2019)। ਕੰਪਨੀ ਨੇ ਬਕਾਇਆ 9,921.61 ਐਮ ਟੀ ਖਰਾਬ ਕਣਕ ਦੇ ਨਿਪਟਾਰੇ ਤੇ ₹ 10.32 ਕਰੋੜ ਦੀ ਵਸੂਲੀ ਕੀਤੀ ਜਿਸਦੀ ਕੀਮਤ ₹ 24.80 ਕਰੋੜ ਸੀ ਜਿਸ ਨਾਲ ₹ 14.48 ਕਰੋੜ ਦੀ ਘੱਟ ਪ੍ਰਾਪਤੀ ਹੋਈ।

ਲੇਖਾ ਪ੍ਰੀਖਿਆ ਨੇ ਅੱਗੇ ਦੇਖਿਆ ਕਿ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਨੂੰ ਚਾਰਜਸ਼ੀਟ ਜਾਰੀ ਕਰਨ ਲਈ ਸਮਗਰੀ ਜ਼ਿਲ੍ਹਾ ਦਫਤਰ ਦੁਆਰਾ ਕੰਪਨੀ ਦੇ ਮੁੱਖ ਦਫਤਰ ਨੂੰ ਅਗਸਤ 2019 ਤੱਕ ਭੇਜੀ ਗਈ ਸੀ। ਹਾਲਾਂਕਿ, 20 ਮਹੀਨਿਆਂ ਤੋਂ ਵੱਧ ਬੀਤ ਜਾਣ ਦੇ ਬਾਅਦ ਵੀ ਸੰਬੰਧਤ ਅਧਿਕਾਰੀਆਂ/ ਕਰਮਚਾਰੀਆਂ ਵਿੱਰੁਧ ਕੋਈ ਸਖਤ ਕਾਰਵਾਈ ਨਹੀ ਕੀਤੀ ਗਈ।

ਮੈਨੇਜਮੈਂਟ ਨੇ ਦੱਸਿਆ (ਜੂਨ 2021) ਕਿ ਕਣਕ ਦੇ ਭੰਡਾਰ ਦੇ ਲੰਮੇ ਭੰਡਾਰਨ ਕਾਰਨ 2014-15 ਦੇ ਕਣਕ ਭੰਡਾਰ ਨੂੰ ਜਾਰੀ ਨਾ ਕਰਨ ਯੋਗ ਘੋਸ਼ਿਤ ਕੀਤਾ ਗਿਆ ਸੀ। ਜਵਾਬ ਸਵੀਕਾਰਯੋਗ ਨਹੀਂ ਹੈ ਕਿਉਂਕਿ ਐਫ ਸੀ ਆਈ ਫਸਲ ਸਾਲ 2014-15 ਦਾ ਸਟਾਕ ਚੁੱਕਣ ਲਈ ਤਿਆਰ ਸੀ ਪਰ ਐਫ ਸੀ ਆਈ ਦੁਆਰਾ ਸੁਝਾਏ ਅਨੁਸਾਰ ਸਮੇਂ ਸਿਰ ਸੁਧਾਰਾਤਮਕ ਉਪਾਅ ਨਾ ਕਰਨ ਦੇ ਕਾਰਨ, ਸਟਾਕ ਹੋਰ ਖਰਾਬ ਹੋ ਗਏ ਅਤੇ ਖਰਾਬ ਹੋਈ ਕਣਕ ਦੀ ਕਮੀ ਅਤੇ ਨਿਪਟਾਰੇ ਦੇ ਕਾਰਨ (ਟੈਂਡਰ ਦੁਆਰਾ ਐਫ ਸੀ ਆਈ ਦੀਆਂ ਦਰਾਂ ਤੋਂ ਘੱਟ ਦਰਾਂ), ਕੰਪਨੀ ਨੂੰ ₹ 25.21 ਕਰੋੜ ਦਾ ਨੁਕਸਾਨ ਹੋਇਆ।

ਇਸ ਤਰ੍ਹਾਂ, ਕਣਕ ਦੀ ਮਾੜੀ ਸੰਭਾਲ ਅਤੇ ਨਵੇ ਅਨਾਜ ਨੂੰ ਖਰਾਬ/ਸੰਕਰਮਿਤ ਸਟਾਕ ਨਾਲ ਭੰਡਾਰ ਕਰਨ ਦੇ ਨਾਲ ਨਾਲ ਸੁਧਾਰਾਤਮਕ ਉਪਾਅ ਕਰਨ ਵਿੱਚ ਦੇਰੀ ਕਰਕੇ, ਜੋ ਭੰਡਾਰਨ ਦੇ ਦਿਸ਼ਾ

ਨਿਰਦੇਸ਼ਾਂ/ਹਦਾਇਤਾਂ ਦੇ ਉਲੰਘਣ ਵਿੱਚ ਸੀ ਅਤੇ ਸਟਾਕ ਨੂੰ ਅਪਗ੍ਰੇਡ ਨਾ ਕਰਨ ਕਰਕੇ ਅਨਾਜ ਖਰਾਬ ਹੋ ਗਿਆ ਅਤੇ ₹ 55.32 ਕਰੋੜ ਦਾ ਘਾਟਾ ਹੋਇਆ।

ਇਹ ਮਾਮਲਾ ਸਰਕਾਰ ਨੂੰ ਭੇਜਿਆ ਗਿਆ (ਅਪ੍ਰੈਲ 2021) ਸੀ, ਉਨ੍ਹਾਂ ਦੇ ਜਵਾਬਾਂ ਦੀ ਉਡੀਕ ਸੀ। (ਜੁਲਾਈ 2021)।

**ਕੰਪਨੀ ਕਣਕ ਦੇ ਭੰਡਾਰ ਦੇ ਸੁਰੱਖਿਅਤ ਭੰਡਾਰਨ ਲਈ ਐਫ ਸੀ ਆਈ/ਜੀ ਓ ਆਈ ਦੁਆਰਾ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਸਖਤੀ ਨਾਲ ਪਾਲਣਾ ਕਰੇ ਅਤੇ ਆਪਣੇ ਵਿੱਤੀ ਹਿੱਤਾਂ ਦੀ ਰਾਖੀ ਲਈ ਸੰਕਰਮਿਤ ਭੰਡਾਰ ਨੂੰ ਸਮੇਂ ਸਿਰ ਅਪਗ੍ਰੇਡ ਕਰਨ ਲਈ ਸੁਧਾਰਾਤਮਕ ਉਪਾਅ ਕਰੇ।**

# ਅਧਿਆਇ-III

# ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ

# (ਵਿਭਾਗ)

# ਅਧਿਆਇ-III

# ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਵਿਭਾਗ)

## ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜ੍ਹਕਾਂ)

### 3.1 ਟਾਲਣਯੋਗ ਅਦਾਇਗੀ

*ਵਿਭਾਗ ਦੀ ਵਿਵਹਾਰਕ ਪ੍ਰੋਜੈਕਟ ਅਨੁਮਾਨ ਤਿਆਰ ਕਰਨ, ਰੁਕਾਵਟ ਰਹਿਤ ਸਾਈਟ ਅਤੇ ਤਕਨੀਕੀ ਮਨਜ਼ੂਰੀ ਪ੍ਰਦਾਨ ਕਰਨ ਵਿੱਚ ਨਾਕਾਮੀ ਦੇ ਕਾਰਣ ਕੰਮ ਦੇ ਦਾਅਰੇ ਵਿੱਚ ਬਦਲਾਅ, ਮੁਕੰਮਲ ਹੋਣ ਵਿੱਚ ਦੇਰੀ ਅਤੇ ₹ 5.78 ਕਰੋੜ ਦੇ ਟਾਲਣਯੋਗ ਮੁਆਵਜ਼ੇ ਦਾ ਭੁਗਤਾਨ ਹੋਇਆ।*

ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜ੍ਹਕਾਂ) (ਪੀ ਡਬਲਿਊ ਡੀ) ਮੈਨੂਅਲ ਆਫ ਆਰਡਰਜ਼ ਦਾ ਪੈਰ੍ਹਾ 6.11 ਵਿਵਸਥਾ ਕਰਦਾ ਹੈ ਕਿ ਪ੍ਰੋਜੈਕਟ ਤਿਆਰ ਕਰਨ ਤੋਂ ਪਹਿਲਾਂ ਸਾਵਧਾਨੀ ਨਾਲ ਮੁੱਢਲੀ ਜਾਂਚ ਦੀ ਵਿਵਸਥਾ ਕੀਤੀ ਜਾਵੇ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਅਨੁਮਾਨ ਜਿੰਨਾਂ ਸੰਭਵ ਹੋ ਸਕੇ ਪੂਰਾ ਬਣਾਇਆ ਜਾਵੇ ਇਸ ਤੋਂ ਇਲਾਵਾ, ਪੰਜਾਬ ਲੋਕ ਨਿਰਮਾਣ ਵਿਭਾਗ ਕੋਡ (ਕੋਡ) ਦੇ ਪੈਰ੍ਹਾ 2.89 ਦੇ ਨਾਲ ਪੜ੍ਹਿਆ ਗਿਆ ਪੈਰ੍ਹਾ 2.4 ਵਿਵਸਥਾ ਕਰਦਾ ਹੈ ਕਿ ਕੰਮ ਸ਼ੁਰੂ ਕਰਨ ਤੋਂ ਪਹਿਲਾ ਇੱਕ ਵਿਸਤ੍ਰਿਤ ਅਨੁਮਾਨ ਤਿਆਰ ਕੀਤਾ ਜਾਣਾ ਚਾਹੀਦਾ ਹੈ ਅਤੇ ਤਕਨੀਕੀ ਤੌਰ ਤੇ ਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਲੋਕ ਨਿਰਮਾਣ ਵਿਭਾਗ ਕੋਡ ਦੇ ਪੈਰ੍ਹੇ 2.92 ਵਿੱਚ ਇਹ ਵਿਵਸਥਾ ਹੈ ਕਿ ਕੋਈ ਵੀ ਕੰਮ ਉਸ ਜ਼ਮੀਨ ਤੇ ਸ਼ੁਰੂ ਨਹੀਂ ਕੀਤਾ ਜਾਣਾ ਚਾਹੀਦਾ ਜਦੋਂ ਤੱਕ ਰੁਕਾਵਟ-ਰਹਿਤ ਜ਼ਮੀਨ ਨੂੰ ਜ਼ਿੰਮੇਵਾਰ ਸਿਵਲ ਅਫਸਰ ਦੁਆਰਾ ਸੌਂਪਿਆ ਗਿਆ ਨਾ ਹੋਵੇ। ਪੰਜਾਬ ਲੋਕ ਨਿਰਮਾਣ ਵਿਭਾਗ ਦੇ ਮਿਆਦੀ ਬੋਲੀ ਦਸਤਾਵੇਜਾਂ ਦੇ ਅਧਾਰ ਤੇ ਕੀਤੇ ਗਏ ਇਕਰਾਰਨਾਮੇਂ ਦੀਆਂ ਉਪਬੰਧਾਂ[1] ਦੇ ਅਨੁਸਾਰ, ਵਿਭਾਗ ਨੂੰ ਕੰਮ ਨੂੰ ਚਲਾਉਣ ਦੇ ਯੋਗ ਬਣਾਉਣ ਲਈ ਠੇਕੇਦਾਰਾਂ ਨੂੰ ਰੁਕਾਵਟ ਰਹਿਤ ਸਾਈਟ ਸੌਂਪਣੀ ਪੈਂਦੀ ਹੈ ਅਤੇ ਕਿਸੇ ਵੀ ਦੇਰੀ ਨੂੰ ਮੁਆਵਜ਼ਾ ਘਟਨਾ ਵਜੋਂ ਮੰਨਿਆ ਜਾ ਸਕਦਾ ਹੈ। ਮੁਆਵਜ਼ੇ ਦੀਆਂ ਘਟਨਾਵਾਂ ਦੇ ਵਾਪਰਨ ਦੇ ਮਾਮਲੇ ਵਿੱਚ ਸਮਝੌਤੇ, ਇਕਰਾਰਨਾਮੇਂ ਦੀ ਕੀਮਤ ਵਿੱਚ ਵਾਧੇ ਅਤੇ/ਜਾਂ ਮੁਕੰਮਲ ਹੋਣ ਦੀ ਮਿਤੀ ਨੂੰ ਵਧਾਉਣ ਲਈ ਵਿਵਸਥਾ ਰੱਖਦੇ ਹਨ।

ਲੇਖਾ ਪ੍ਰਖਿਆ ਨੇ ਦੋ ਅਜਿਹੇ ਮਾਮਲਿਆਂ ਨੂੰ ਦੇਖਿਆ ਜਿੱਥੇ ਵਿਭਾਗ ਉਪਰੋਕਤ ਉਪਬੰਧਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਿਹਾ ਜਿਸਦੇ ਨਤੀਜੇ ਵਜੋਂ ਠੇਕੇਦਾਰਾਂ ਨੂੰ ₹ 5.78 ਕਰੋੜ ਦੇ ਵਿਆਜ ਦੇ ਨਾਲ ਮੁਆਵਜ਼ੇ ਦਾ ਭੁਗਤਾਨ ਕੀਤਾ ਗਿਆ ਜਿਵੇਂ ਕਿ ਹੇਠਾਂ ਚਰਚਾ ਕੀਤੀ ਗਈ ਹੈ:

**(ੳ)** ਲੇਖਾ ਪ੍ਰੀਖਿਆ ਨੇ ਦੇਖਿਆ (ਜੁਲਾਈ 2019) ਕਿ ਕਾਰਜਕਾਰੀ ਇੰਜੀਨੀਅਰ, ਕੇਂਦਰੀ ਨਿਰਮਾਣ ਮੰਡਲ, ਪੀ ਡਬਲਿਊ ਡੀ (ਬੀ ਐਂਡ ਆਰ), ਅੰਮ੍ਰਿਤਸਰ, ਫਿਰੋਜ਼ਪੁਰ ਵਿਖੇ "ਜ਼ੀਰਾ-

1 ਇਕਰਾਰਨਾਮੇਂ ਦੀ ਧਾਰਾ 21.1 ਅਤੇ 44 ।

ਫਿਰੋਜ਼ਪੁਰ ਸੜ੍ਹਕ[2] ਨੂੰ ਮੁੜ-ਬਹਾਲ ਕਰਨਾ" ਦਾ ਕੰਮ ਠੇਕੇਦਾਰ ਨੂੰ ₹ 44.14 ਕਰੋੜ ਦੀ ਠੇਕੇ ਦੀ ਕੀਮਤ ਤੇ ਅਲਾਟ ਕੀਤਾ (ਮਾਰਚ 2007)। ਕੰਮ ਸ਼ੁਰੂ ਕਰਨ ਦਾ ਆਦੇਸ਼ ਜੂਨ 2007 ਵਿੱਚ ਜਾਰੀ ਕੀਤਾ ਗਿਆ ਸੀ। ਕੰਮ ਪੂਰਾ ਹੋਣ ਦੀ ਮਿਆਦ 18 ਮਹੀਨੇ ਭਾਵ ਦਸੰਬਰ 2008 ਤੱਕ ਸੀ।

ਵਿਵਹਾਰਕ/ਸੰਪੂਰਨ ਪ੍ਰੋਜੈਕਟ ਅਨੁਮਾਨ ਤਿਆਰ ਕਰਨ ਵਿੱਚ ਵਿਭਾਗ ਦੀ ਅਸਫਲਤਾ ਕਾਰਨ ਨਿਰਧਾਰਤ ਸਮੇਂ ਦੇ ਅੰਦਰ ਕੰਮ ਪੂਰਾ ਨਹੀਂ ਹੋ ਸਕਿਆ ਅਤੇ ਅਲਾਟ ਕੀਤੇ ਕੰਮ ਦੇ ਦਾਇਰੇ ਨੂੰ ਘਟਾਉਂਦੇ ਹੋਏ ਕਈ ਤਰਾਂ ਦੇ ਬਦਲਾਅ[3] ਕੀਤੇ ਗਏ। ਇਨ੍ਹਾਂ ਬਦਲਾਵਾਂ ਦੇ ਕਾਰਣ ਇਕਰਾਰਨਾਮੇਂ ਦੀ ਕੀਮਤ ਘਟਾ ਕੇ ₹ 34.12 ਕਰੋੜ ਕਰ ਦਿੱਤੀ ਗਈ ਅਤੇ 10 ਮਈ 2009 ਤੱਕ ਬਿਨ੍ਹਾ ਕਿਸੇ ਲਿਕਵਿਡਟੀ ਡੈਮਜਿਜ਼ (ਐਲ ਡੀ) ਨੂੰ ਵਸੂਲੇ ਸਮਾਂ ਵਧਾਇਆ ਗਿਆ ਕਿਉਂਕਿ ਦੇਰੀ ਵਿਭਾਗ ਦੇ ਕਾਰਣ ਸੀ। ਕੰਮ ਮੁਕੰਮਲ ਹੋਣ ਦੀ ਵਿਸਤ੍ਰਿਤ ਮਿਆਦ (ਮਈ 2009) ਦੇ ਅੰਦਰ ਪੂਰਾ ਕੀਤਾ ਗਿਆ ਸੀ।

ਅਲਾਟ ਕੀਤੇ ਕੰਮ ਦੇ ਦਾਇਰੇ ਵਿੱਚ ਕਮੀ ਅਤੇ ਇਕਰਾਰਨਾਮੇਂ ਦਾ ਸਮਾਂ ਵਧਾਉਣ ਤੋਂ ਦੁਖੀ ਹੋਕੇ ਠੇਕੇਦਾਰ ਨੇ ਨਿਰਣਾਇਕ[4] ਤੋਂ ₹ 12.75 ਕਰੋੜ ਦੇ ਮੁਆਵਜ਼ੇ ਦਾ ਦਾਅਵਾ ਕੀਤਾ (ਅਪ੍ਰੈਲ 2010) ਜੋ ਕਿ ਰੱਦ ਕਰ ਦਿੱਤਾ ਗਿਆ (ਜੁਲਾਈ 2010)। ਇਸ ਤੋਂ ਬਾਅਦ, ਠੇਕੇਦਾਰ ਨੇ ਅਰਬਿਟਰੇਸ਼ਨ ਟ੍ਰਿਬਿਊਨਲ (ਏ ਟੀ) ਦੇ ਨਾਲ ₹ 13.53 ਕਰੋੜ[5] ਦੇ ਚਾਰ ਦਾਅਵੇ ਤੇ ਪ੍ਰੀ-ਰੈਫਰੈਂਸ ਅਤੇ ਪੈਂਡੈਟ-ਲਾਈਟ ਵਿਆਜ[6] ਦੇ ਨਾਲ ਦਾਇਰ ਕੀਤੇ (ਮਈ 2011)। ਮਾਮਲੇ ਦੇ ਸਾਰੇ ਪਹਿਲੂਆਂ ਤੇ ਵਿਚਾਰ ਕਰਨ ਤੋਂ ਬਾਅਦ ਏ ਟੀ ਨੇ ਏਜੰਸੀ ਦੇ ਪੱਖ ਵਿੱਚ ₹ 2.70 ਕਰੋੜ[7] ਦੇ ਤਿੰਨ ਦਾਅਵੇ ਮੰਜੂਰ ਕੀਤੇ (ਫਰਵਰੀ 2014) ਅਤੇ 6 ਫਰਵਰੀ 2014 ਤੱਕ ਅੱਠ *ਪ੍ਰਤੀਸ਼ਤ* ਸਲਾਨਾ ਦੀ ਦਰ ਨਾਲ ਵਿਆਜ ਵੀ ਮੰਜੂਰ ਕੀਤਾ ਗਿਆ।

---

2 ਵਿਸ਼ਵ ਬੈਂਕ ਸਹਾਇਤਾ ਪ੍ਰਾਪਤ ਪ੍ਰੋਜੈਕਟ ਪੈਕੇਜ ਨੰ. ਪੀ ਐਸ ਆਰ ਐਸ ਪੀ/ਡਬਲਿਯੂ ਬੀ/ਆਰ ਐਚ/1/ਐਨ ਸੀ ਬੀ ਦੇ ਅਧੀਨ ਮਨਜੂਰਸ਼ੁਦਾ।

3 ਮੁਕੰਮਲ ਸੜ੍ਹਕ ਦੇ ਪੱਧਰ, ਕਰੋਸ ਸੈਕਸ਼ਨ, ਸੜ੍ਹਕ ਨੂੰ ਚੋੜਾ ਕਰਨ ਦੀ ਗੁੰਜਾਇਸ਼ ਕਰਕੇ ਵਧੇ ਹੋਏ ਕੰਮ, ਸਖਤ ਫੁੱਟਪਾਥ ਨੂੰ ਬਿਚੂਮਨਸ ਲਚਕਦਾਰ ਫੁੱਟਪਾਥ, ਵਿੱਚ ਬਦਲਾਵ।

4 ਇੱਕ ਨਿਰਣਾਇਕ ਉਹ ਵਿਅਕਤੀ ਹੁੰਦਾ ਹੈ ਜੋ ਮੁੱਢਲੀ ਸਥਿਤੀ ਵਿੱਚ ਵਿਵਾਦਾਂ ਨੂੰ ਸੁਲਝਾਉਣ ਲਈ ਇਕਰਾਰਨਾਮੇਂ ਦੇ ਅਧੀਨ ਨਿਯੁਕਤ ਕੀਤਾ ਜਾਂਦਾ ਹੈ।

5 (i) ਕੰਮ ਦੇ ਲੰਮੇ ਹੋਣ ਅਤੇ ਮੂਲ ਇਕਰਾਰਨਾਮੇਂ ਦੀ ਕੀਮਤ ਵਿੱਚ ਕਮੀ ਦੇ ਕਾਰਨ ਲਾਭ ਦਾ ਨੁਕਸਾਨ ਅਤੇ ਬਿਨਾਂ ਮੁਆਵਜੇ ਦੇ ਓਵਰਹੈੱਡ ₹ 4.33 ਕਰੋੜ; (ii) ਪਲਾਂਟ ਅਤੇ ਉਪਕਰਣਾਂ ਦੇ ਕਿਰਾਏ ਦੇ ਖਰਚਿਆਂ ਦਾ ਨੁਕਸਾਨ: ₹ 3.33 ਕਰੋੜ; (iii) ਪਲਾਂਟ ਅਤੇ ਉਪਕਰਣਾਂ ਦੇ ਵਿਹਲੇ ਹੋਣ ਅਤੇ ਘੱਟ ਵਰਤੋਂ ਕਾਰਨ ਨੁਕਸਾਨ: ₹ 5.33 ਕਰੋੜ; (iv) ਪ੍ਰਯੋਗਸ਼ਾਲਾ ਦੇ ਉਪਕਰਣਾਂ ਦੀ ਲਾਗਤ ਅਤੇ ਰੋਕੀ ਹੋਈ ਰਕਮ ਜਾਰੀ ਕਰਨਾ: ₹ 0.54 ਕਰੋੜ।

6 ਆਰਬਿਟਰੇਸ਼ਨ ਕਾਰਵਾਈ ਦੇ ਦੌਰਾਨ ਮੁਕੱਦਮੇ ਦੀ ਬਕਾਇਆ ਹੋਣ ਦੇ ਦੌਰਾਨ ਅਧਾਰ ਦੀ ਰਕਮ ਨੂੰ ਪ੍ਰਾਪਤ ਹੋਣ ਵਾਲਾ ਵਿਆਜ।

7 ***(₹ ਲੱਖ ਵਿੱਚ)***

| | | |
|---|---|---|
| 1 | ਮੁਨਾਫੇ ਦੇ ਨੁਕਸਾਨ ਅਤੇ ਓਵਰਹੈੱਡ ਲਈ ਮੁਆਵਜਾ | 52.41 |
| 2 | ਵਧੇ ਸਮੇਂ ਦੇ ਦੌਰਾਨ ਪਲਾਂਟ ਅਤੇ ਉਪਕਰਣਾਂ ਦੇ ਕਾਰਨ ਹੋਏ ਨੁਕਸਾਨ ਲਈ ਮੁਆਵਜਾ | 163.17 |
| 3 | ਪ੍ਰਯੋਗਸਾਲਾ ਦੇ ਉਪਕਰਣਾਂ ਦੀ ਲਾਗਤ ਲਈ ਦਾਅਵਾ | 53.97 |
| | ਜੋੜ | **269.55** |

ਲੇਖਾ ਪ੍ਰੀਖਿਆ ਨੇ ਅੱਗੇ ਦੇਖਿਆ ਕਿ ਵਿਭਾਗ ਨੇ ਏ ਟੀ ਦੇ ਉਨ੍ਹਾਂ ਹੁਕਮਾਂ ਨੂੰ ਬੇਧਿਆਨਾ ਕਰਦੇ ਹੋਏ ਜ਼ਿਲ੍ਹਾ ਅਦਾਲਤ, ਫਿਰੋਜ਼ਪੁਰ ਵਿੱਚ ਅਪੀਲ ਦਾਇਰ ਕੀਤੀ (ਮਈ 2014) ਜੋ ਦੋਵੇਂ ਧਿਰਾਂ ਨੂੰ ਇਕਰਾਰਨਾਮੇ ਦੀਆਂ ਸ਼ਰਤਾਂ ਨਾਲ ਬੱਝ ਕੇ ਰਖਦੇ ਸਨ। ਅਪੀਲ ਦਾ ਨਿਪਟਾਰਾ (ਜਨਵਰੀ 2016) ਇਸ ਅਧਾਰ ਤੇ ਕੀਤਾ ਗਿਆ ਸੀ ਕਿ ਏ ਟੀ ਦੁਆਰਾ ਘੋਸ਼ਿਤ ਅਵਾਰਡ ਵਧਾਉਣ ਲਈ ਠੇਕੇਦਾਰ ਦੁਆਰਾ ਜ਼ਿਲ੍ਹਾ ਅਦਾਲਤ, ਚੰਡੀਗੜ੍ਹ ਵਿੱਚ ਪਹਿਲਾਂ ਹੀ ਅਪੀਲ ਦਾਇਰ ਕੀਤੀ ਜਾ ਚੁੱਕੀ ਸੀ (ਮਾਰਚ 2014)। ਠੇਕੇਦਾਰ ਦੁਆਰਾ ਦਾਇਰ ਅਪੀਲ ਨੂੰ ਵੀ ਖਾਰਜ ਕਰ ਦਿੱਤਾ ਗਿਆ (ਫਰਵਰੀ 2017) ਅਤੇ ਅਦਾਲਤ ਨੇ ਏ ਟੀ ਦੇ ਅਵਾਰਡ ਨੂੰ ਸੈੱਟ ਅਸਾਈਡ ਕਰਨ ਜਾਂ ਸੋਧਣ ਤੋਂ ਇਨਕਾਰ ਕਰ ਦਿੱਤਾ। ਕਲੇਮ ਦੀ ਰਾਸ਼ੀ ਵਧਾਉਣ ਦੀ ਅਪੀਲ ਨੂੰ ਰੱਦ ਕਰਨ ਤੋਂ ਬਾਅਦ, ਠਕੇਦਾਰ ਨੇ ਏ ਟੀ ਦੁਆਰਾ ਦਿੱਤੇ ਗਏ ਅਵਾਰਡ ਨੂੰ ਵਿਆਜ ਸਮੇਤ ਅੱਜ ਦੀ ਮਿਤੀ ਤੱਕ ਲਾਗੂ ਕਰਨ ਲਈ ਜ਼ਿਲ੍ਹਾ ਅਦਾਲਤ, ਚੰਡੀਗੜ੍ਹ ਵਿੱਚ ਐਕਜ਼ਿਕਿਊਸ਼ਨ ਦੀ ਪਟੀਸ਼ਨ (2017 ਦਾ ਨੰਬਰ 1628) ਦਾਇਰ ਕੀਤੀ। ਵਿਭਾਗ ਨੇ ਐਕਜ਼ਿਕਿਊਸ਼ਨ ਪਟੀਸ਼ਨ ਦੀ ਪਾਲਣਾ ਕਰਦਿਆਂ ਠੇਕੇਦਾਰ ਨੂੰ ₹ 4.39 ਕਰੋੜ[8] ਦੀ ਅਦਾਇਗੀ ਕੀਤੀ (ਅਕਤੂਬਰ 2018 ਅਤੇ ਫਰਵਰੀ 2019)।

ਵਿਭਾਗ ਨੇ ਪ੍ਰੋਜੈਕਟ ਤਿਆਰ ਕਰਨ ਤੋਂ ਪਹਿਲਾਂ ਸਾਵਧਾਨੀ ਨਾਲ ਮੁਢਲੀ ਜਾਂਚ ਲਈ ਪੀ ਡਬਲਿਯੂ ਡੀ ਮੈਨੁਅਲ ਅਤੇ ਕੋਡ ਦੇ ਉਪਬੰਧਾਂ ਦੀ ਪਾਲਣਾ ਨਾ ਕਰਨ ਦੇ ਕਿਸੇ ਕਾਰਣ ਨੂੰ ਪੇਸ਼ ਨਹੀਂ ਕੀਤਾ (ਮਈ 2020) ਅਤੇ ਬਿਨਾਂ ਤਕਨੀਕੀ ਮਨਜ਼ੂਰੀ ਲਏ ਕੰਮ ਵੀ ਸ਼ੁਰੂ ਕੀਤਾ। ਹਾਲਾਂਕਿ, ਸਰਕਾਰ ਨੇ ਕਿਹਾ (ਜੂਨ 2020) ਕਿ ਮੁਆਵਜ਼ੇ ਅਤੇ ਵਿਆਜ ਦਾ ਭੁਗਤਾਨ ਏ ਟੀ ਦੇ ਅਵਾਰਡ ਦੇ ਅਨੁਸਾਰ ਕੀਤਾ ਗਿਆ ਸੀ। ਵਿਭਾਗ ਦਾ ਜਵਾਬ ਮਨਣਯੋਗ ਨਹੀਂ ਸੀ ਕਿਉਂਕਿ ਵਿਭਾਗ ਦੀ ਅਸਫਲਤਾ ਕਾਰਨ ਠੇਕੇਦਾਰ ਨੂੰ ਮੁਆਵਜ਼ਾ ਦਿੱਤਾ ਗਿਆ ਸੀ ਕਿਉਂਕਿ ਕੰਮ ਦੇ ਅਲਾਟਮੈਂਟ ਤੋਂ ਬਾਅਦ ਕੰਮ ਦੇ ਦਾਇਰੇ ਵਿੱਚ ਬਦਲਾਅ ਕੀਤੇ ਗਏ ਸਨ। ਜੇ ਕੰਮ ਦੀ ਅਲਾਟਮੈਂਟ ਤੋਂ ਪਹਿਲਾਂ ਵਿਸਤ੍ਰਿਤ ਡਿਜ਼ਾਈਨ/ਅਨੁਮਾਨ ਤਿਆਰ ਕੀਤਾ ਜਾਂਦਾ ਅਤੇ ਤਕਨੀਕੀ ਤੌਰ ਤੇ ਮਨਜ਼ੂਰੀ ਦਿੱਤੀ ਜਾਂਦੀ, ਤਾਂ ਮੁਆਵਜ਼ੇ ਦੀ ਅਦਾਇਗੀ ਤੋਂ ਬਚਿਆ ਜਾ ਸਕਦਾ ਸੀ।

**(ਅ)** ਲੇਖਾ ਪ੍ਰੀਖਿਆ ਨੇ ਵੇਖਿਆ (ਸਤੰਬਰ 2019) ਦੀ ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਮਲੇਰਕੋਟਲਾ (ਈ ਈ) ਨੇ ਲੈਵਲ ਕ੍ਰਾਸਿੰਗ ਨੂੰ ਏ-52 ਅਤੇ ਏ-63, ਲੁਧਿਆਣਾ-ਜਾਖਲ ਅਤੇ ਪਟਿਆਲਾ-ਪੁਰੀ-ਬਠਿੰਡਾ ਰੇਲਵੇ ਸਟੇਸ਼ਨ ਤੇ ਰੇਲਵੇ ਓਵਰ ਬ੍ਰਿਜ ਦੀ ਉਸਾਰੀ ਦਾ ਕੰਮ ਇੱਕ ਠੇਕੇਦਾਰ ਨੂੰ ₹ 26.77 ਕਰੋੜ ਦੀ ਕੰਟ੍ਰੈਕਟ ਦੀ ਕੀਮਤ ਅਲਾਟ ਕੀਤਾ ਗਿਆ (ਅਗਸਤ 2006)। ਇਹ ਕੰਮ 18 ਮਹੀਨਿਆਂ ਦੇ ਅੰਦਰ ਪੂਰਾ ਹੋਣਾ ਸੀ। ਨਿਰਧਾਰਤ ਸਮੇਂ ਦੇ ਅੰਦਰ ਕੰਮ ਪੂਰਾ ਨਹੀਂ ਕੀਤਾ ਜਾ ਸਕਿਆ ਕਿਉਂਕਿ ਵਿਭਾਗ ਰੁਕਾਵਟ

---

8 **(₹ ਕਰੋੜ ਵਿੱਚ)**

| | |
|---|---|
| ਅਲਾਟਮੈਂਟ ਤੋਂ ਬਾਅਦ ਕੰਮ ਦੇ ਦਾਇਰੇ ਵਿੱਖ ਸੋਧ ਦੇ ਕਾਰਨ ਮੁਆਵਜ਼ਾ ਰਾਸ਼ੀ | 2.70 |
| ਦਸੰਬਰ 2018 ਤੱਕ ਦੇ ਮੁਆਵਜੇ ਤੇ ਵਿਆਜ਼ | 1.69 |
| ਜੋੜ | **4.39** |

ਰਹਿਤ ਸਾਈਟ[9] ਪ੍ਰਦਾਨ ਕਰਨ ਵਿੱਚ ਅਸਫਲ ਰਿਹਾ। ਸਿੱਟੇ ਵਜੋਂ, ਠੇਕੇਦਾਰ ਨੂੰ ਬਿਨਾਂ ਐਲ ਡੀ ਲਾਏ 30 ਸਤੰਬਰ 2008 ਤੱਕ ਦਾ ਸਮਾਂ ਦਿੱਤਾ ਗਿਆ ਕਿਉਂਕਿ ਕੰਮ ਪੂਰਾ ਹੋ ਗਿਆ ਸੀ (ਸਤੰਬਰ 2008) ਅਤੇ ਵਿਭਾਗ ਦੁਆਰਾ ਇੱਕ ਮੁਕੰਮਲਤਾ ਸਰਟੀਫਿਕੇਟ ਜਾਰੀ ਕੀਤਾ ਗਿਆ ਸੀ (ਨਵਬੰਰ 2008)।

ਇਕਰਾਰਨਾਮੇਂ ਦੇ ਲੰਬੇ ਹੋਣ ਦੇ ਕਾਰਣ, ਠੇਕੇਦਾਰ ਨੇ ਈ ਈ ਅਤੇ ਚੀਫ ਇੰਜੀਨੀਆਰ ਨਾਲ ਪੱਤਰ ਵਿਹਾਰ ਕੀਤਾ (ਅਕਤੂਬਰ 2009) ਕਿ ਠੇਕੇ ਦੀ ਕੀਮਤ ਵਿੱਚ ਵਾਧੇ ਦਾ ਫੈਸਲਾ ਕਰਨ ਲਈ ਵਿਵਾਦ ਸਮੀਖਿਆ ਮਾਹਿਰ (ਡੀ ਆਰ ਈ) ਨਿਯੁਕਤ ਕੀਤਾ ਜਾਏ ਅਤੇ ਉਸ ਦੇ ਅਨੁਸਾਰ ਫੈਸਲਾ ਲਿਆ ਜਾਵੇ। ਵਿਭਾਗ ਨੇ ਨਾ ਤਾਂ ਇਸ ਮੁੱਦੇ ਦਾ ਫੈਸਲਾ ਕੀਤਾ ਅਤੇ ਨਾ ਹੀ ਡੀ ਆਰ ਈ ਨਿਯੁਕਤ ਕੀਤਾ। ਵਿਭਾਗ ਨੇ ₹ 15.01 ਕਰੋੜ ਦੇ ਮੁਆਵਜ਼ੇ ਲਈ ਠੇਕੇਦਾਰ ਦਾ ਦਾਅਵਾ ਰੱਦ ਕਰ ਦਿੱਤਾ (ਮਾਰਚ 2010)। ਇਸ ਤੋਂ ਬਾਅਦ, ਠੇਕੇਦਾਰ ਨੇ ਆਰਬਿਟਰੇਸ਼ਨ ਟ੍ਰਿਬਿਊਨਲ (ਏ ਟੀ) ਕੋਲ ₹ 9.42 ਕਰੋੜ[10] ਦਾ ਦਾਅਵਾ ਪੇਸ਼ ਕੀਤਾ (ਨਵੰਬਰ 2011)। ਏ ਟੀ ਨੇ ਠੇਕੇਦਾਰ ਦੇ ਹੱਕ ਵਿੱਚ ਮਾਮਲੇ ਦਾ ਫੈਸਲਾ ਕੀਤਾ (ਫਰਵਰੀ 2015) ਅਤੇ ₹ 0.80 ਕਰੋੜ ਦੇ ਇਕਮੁਸ਼ਤ ਮੁਆਵਜ਼ੇ ਦਾ ਅਵਾਰਡ ਦਿੱਤਾ ਜੋ ਕਿ 30 ਜੂਨ 2015 ਜਾਂ ਇਸ ਤੋਂ ਪਹਿਲਾਂ ਅਦਾ ਕੀਤਾ ਜਾਣਾ ਸੀ ਅਤੇ ਅਸਫਲ ਰਹਿਣ ਤੇ 18 *ਪ੍ਰਤੀਸ਼ਤ*[11] ਦੀ ਦਰ ਨਾਲ ਵਿਆਜ ਵੀ ਅਵਾਰਡ ਦੀ ਮਿਤੀ ਤੋਂ ਅਦਾਇਗੀ ਦੀ ਮਿਤੀ ਤੱਕ ਦੇਣਾ ਸੀ।

ਵਿਭਾਗ ਨੇ ਏ ਟੀ ਦੇ ਆਦੇਸ਼ ਨੂੰ ਜ਼ਿਲ੍ਹਾ ਅਦਾਲਤ, ਸੰਗਰੂਰ ਵਿਖੇ ਚੁਣੌਤੀ ਦਿੱਤੀ (ਮਈ 2015) ਜਿਸ ਨੂੰ ਖਾਰਜ ਕਰ ਦਿੱਤਾ ਗਿਆ (ਮਾਰਚ 2018)। ਭਾਵੇਂ, ਰਾਜ ਦੇ ਕਾਨੂੰਨੀ ਅਥਾਰਟੀਆਂ[12] ਦੇ ਵਿਚਾਰ ਦੇ ਬਾਵਜੂਦ ਕਿ ਇਹ ਕੇਸ ਹੋਰ ਅਪੀਲ ਦੇ ਯੋਗ ਨਹੀਂ ਸੀ, ਵਿਭਾਗ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਮਾਨਯੋਗ ਸੁਪਰੀਮ ਕੋਰਟ ਵਿੱਚ ਅਪੀਲਾਂ ਨੂੰ ਤਰਜੀਹ ਦਿੱਤੀ। ਕ੍ਰਮਵਾਰ ਅਕਤੂਬਰ 2018 ਅਤੇ ਮਈ 2019 ਵਿੱਚ ਅਪੀਲਾਂ ਖਾਰਜ ਕਰ ਦਿੱਤੀਆਂ ਗਈਆਂ ਸਨ। ਇਸ ਦੌਰਾਨ ਠੇਕੇਦਾਰ ਨੇ ਏ ਟੀ ਦੇ ਅਵਾਰਡ ਨੂੰ ਲਾਗੂ ਕਰਨ ਲਈ ਕਮਰਸ਼ਿਅਲ ਕੋਰਟ, ਸੰਗਰੂਰ ਵਿੱਚ ਪਟੀਸ਼ਨ ਦਾਇਰ ਕੀਤੀ। ਪ੍ਰੀਕ੍ਰਿਆਵਾਂ ਦੀ ਕਾਰਵਾਹੀ ਦੇ ਸਿੱਟੇ ਵਜੋਂ ਵਿਭਾਗ ਨੇ

---

9 (ੳ) ਇਲੈਕਟ੍ਰਿਕ ਲਾਈਟ, ਖੰਭਿਆਂ ਅਤੇ ਟ੍ਰਾਂਸਫਾਰਮਰਸ ਨੂੰ ਹਟਾਉਣਾ ਜਿਸ ਲਈ ਪੀ ਡਬਲਿਯੂ ਡੀ ਨੇ ਅਗਸਤ 2006 ਵਿੱਚ ਬਿਜਲੀ ਵਿਭਾਗ ਕੋਲ ਅਨੁਮਾਨਤ ਲਾਗਤ ਰਕਮ ਜਮ੍ਹਾਂ ਕਰਵਾਈ ਸੀ। (ਅ) ਸੀਵਰ ਲਾਈਨ ਨੂੰ ਬਦਲਣਾ ਜਿਸ ਲਈ ਫਰਵਰੀ 2008 ਵਿੱਚ ਪੰਜਾਬ ਰਾਜ ਬੋਰਡ ਕੋਲ ਰਕਮ ਜਮ੍ਹਾਂ ਕਰਵਾਈ ਗਈ ਸੀ। (ੲ) ਸਤੰਬਰ 2006 ਵਿੱਚ ਬੀ ਐਸ ਐਨ ਐਲ ਦੇ ਨਾਲ ਕੇਬਲਾਂ ਨੂੰ ਬਦਲਣ ਦਾ ਕੰਮ ਕੀਤਾ ਗਿਆ ਸੀ। (ਸ) ਜਮੀਨ ਪ੍ਰਾਪਤੀ ਵਿੱਚ ਦੇਰੀ। (ਹ) ਰੇਲਵੇ ਕਾਮਨ ਪਾਇਅਰ ਦੇ ਨਿਰਮਾਣ ਵਿੱਚ ਦੇਰੀ।

10 (i) ਮਟੀਰੀਅਲ ਦੀ ਲਾਗਤ ਵਿੱਚ ਵਾਧਾ: ₹ 1.36 ਕਰੋੜ; (ii) ਲਾਮਬੰਦੀ ਅਤੇ ਵਧੀਕ ਲਾਮਬੰਦੀ: ₹ 0.54 ਕਰੋੜ; (iii) ਓਵਰਹੈੱਡ ਵਿੱਚ ਵਾਧਾ: ₹ 2.70 ਕਰੋੜ; (iv) ਕਿਰਤ, ਪਲਾਂਟ, ਪੀ ਓ ਐਲ, ਆਦਿ ਦੀ ਘੱਟ ਲਾਭਕਾਰੀ ਵਰਤੋਂ ਦੀ ਪੂਰਤੀ ਲਈ: ₹ 0.47 ਕਰੋੜ; (v) ਨੁਕਸ ਦੇਣਦਾਰੀ ਮਿਆਦ ਵਿੱਚ ਵਾਧੇ ਲਈ ਮੁਆਵਜ਼ਾ: ₹ 1.68 ਕਰੋੜ; (vi) ਬੋਨਸ ਕਮਾਉਣ ਦੇ ਮੌਕੇ ਦੇ ਨੁਕਸਾਨ ਲਈ ਭੁਗਤਾਨ: ₹ 0.80 ਕਰੋੜ; ਅਤੇ (vii) ਜਮਾਨਤ ਰਾਸ਼ੀ ਅਤੇ ਪ੍ਰਤੀਭੂਤੀਆਂ ਨੂੰ ਜਾਰੀ ਕਰਨ ਵਿੱਚ ਦੇਰੀ: ₹ 1.87 ਕਰੋੜ।

11 ਆਰਬਿਟਰੇਸ਼ਨ ਅਤੇ ਕੌਸੀਲੈਸ਼ਨ ਐਕਟ, 1996 ਦੀ ਧਾਰਾ 31(7) (ਬੀ) ਦੇ ਅਧੀਨ।

12 ਡਾਇਰੈਕਟਰ ਪ੍ਰੋਸੀਕਿਊਸ਼ਨ ਐਂਡ ਲਿਟੀਗੇਸ਼ਨ, ਪੰਜਾਬ ਅਤੇ ਸੀਨੀਅਰ ਡਿਪਟੀ ਐਡਵੋਕੇਟ ਜਨਰਲ, ਪੰਜਾਬ।

₹ 0.80 ਕਰੋੜ ਦਾ ਮੁਆਵਜ਼ਾ (ਮਾਰਚ 2019) ₹ 0.59 ਕਰੋੜ ਦੇ ਵਿਆਜ[13] ਦੇ ਨਾਲ ਅਦਾ ਕੀਤਾ (ਜੁਲਾਈ 2019)।

ਵਿਭਾਗ ਨੇ ਦੱਸਿਆ (ਸਤੰਬਰ 2019) ਕਿ ਭੁਗਤਾਨ ਏ ਟੀ ਦੁਆਰਾ ਘੋਸ਼ਿਤ ਕੀਤੇ ਗਏ ਅਵਾਰਡ ਦੇ ਅਨੁਸਾਰ ਕੀਤਾ ਗਿਆ ਸੀ। ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਵਿਭਾਗ ਠੇਕੇਦਾਰ ਨੂੰ ਰੁਕਾਵਟ ਰਹਿਤ ਸਾਈਟ ਮੁਹੱਈਆ ਕਰਵਾਉਣ ਵਿੱਚ ਅਸਫਲ ਰਿਹਾ ਅਤੇ ਏ ਟੀ ਦੁਆਰਾ ਦਿੱਤੇ ਮੁਆਵਜ਼ੇ ਦੇ ਭੁਗਤਾਨ ਵਿੱਚ ਦੇਰੀ ਕਾਰਣ ₹ 0.59 ਕਰੋੜ ਦਾ ਵਿਆਜ ਵੀ ਅਦਾ ਕੀਤਾ। ਰਾਜ ਦੀਆਂ ਕਾਨੂੰਨੀ ਅਥਾਰਟੀਆਂ ਦੇ ਸੁਝਾਵਾਂ ਨੂੰ ਨਜ਼ਰਅੰਦਾਜ਼ ਕਰਦੇ ਮਾਨਯੋਗ ਅਦਾਲਤਾਂ ਵਿੱਚ ਵਿਭਾਗ ਦੀ ਤਰਜੀਹੀ ਅਪੀਲ ਦੇ ਕਾਰਣ ਦੇਰੀ ਹੋਈ ਸੀ।

ਇਸ ਤਰ੍ਹਾਂ ਵਿਵਹਾਰਕ ਪ੍ਰੋਜੈਕਟ ਤਿਆਰ ਕਰਨ ਵਿੱਚ ਵਿਭਾਗ ਦੀ ਅਸਫਲਤਾ, ਬਿਨਾਂ ਤਕਨੀਕੀ ਮਨਜ਼ੂਰੀ ਦੇ ਕੰਮ ਸ਼ੁਰੂ ਕਰਨ ਕਰਕੇ ਇਸ ਦੀ ਅਲਾਟਮੈਂਟ ਤੋਂ ਬਾਅਦ ਕੰਮ ਦੇ ਦਾਇਰੇ ਵਿੱਚ ਬਦਲਾਅ ਅਤੇ ਰੁਕਾਵਟ ਰਹਿਤ ਸਾਈਟ ਮੁਹੱਈਆ ਕਰਾਉਣ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਠੇਕੇ ਦੇ ਲੰਮੇ ਹੋਣ ਅਤੇ ਕੰਮ ਦੇ ਦੇਰੀ ਨਾਲ ਮੁਕੰਮਲ ਹੋਣ ਦੇ ਨਾਲ ਨਾਲ ₹ 5.78 ਕਰੋੜ ਦੇ ਟਾਲਣਯੋਗ ਮੁਆਵਜ਼ੇ ਅਤੇ ਵਿਆਜ ਦਾ ਭੁਗਤਾਨ ਕਰਨਾ ਪਿਆ।

ਮਾਮਲਾ ਸਰਕਾਰ ਨੂੰ ਭੇਜਿਆ ਗਿਆ (ਜਨਵਰੀ 2020); ਜਵਾਬ ਦੀ ਉਡੀਕ ਸੀ (ਜੁਲਾਈ 2021)।

**ਸਿਫਾਰਸ਼: ਵਿਭਾਗ ਨੂੰ ਪ੍ਰੋਜੈਕਟ ਦੇ ਅਨੁਮਾਨ ਦੇ ਵਿਵਹਾਰਕ ਨਿਰਮਾਣ ਅਤੇ ਕੰਮ ਦੀ ਸ਼ੁਰੂਆਤ ਤੋਂ ਪਹਿਲਾਂ ਸਾਰੀਆਂ ਮਨਜ਼ੂਰੀਆਂ ਨੂੰ ਯਕੀਨੀ ਬਨਾਉਣਾ ਚਾਹੀਦਾ ਹੈ ਅਤੇ ਰੁਕਾਵਟ ਰਹਿਤ ਸਾਈਟ ਮੁਹੱਈਆ ਕਰਾਉਣੀ ਚਾਹੀਦੀ ਹੈ ਤਾਂ ਜੋ ਰਾਜ ਦੇ ਖਜਾਨੇ ਦੇ ਹਿੱਤਾ ਦੀ ਰਾਖੀ ਲਈ ਮੁਕੱਦਮੇਬਾਜ਼ੀ/ਕਾਨੂਨੀ ਕਾਰਵਾਈ ਤੋਂ ਬਚਿਆ ਜਾ ਸਕੇ।**

## 3.2 ਵਿਅਰਥ ਖਰਚਾ

***ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਨੇ ਕਿਸੇ ਹੋਰ ਕੰਮ ਦੀ ਸਿਧਾਂਤਕ ਪ੍ਰਵਾਨਗੀ ਦੀ ਸ਼ਰਤ ਦੀ ਪਾਲਣਾ ਕਰਨ ਵਿੱਚ ਵਿਭਾਗ ਦੀ ਅਸਫਲਤਾ ਦੇ ਕਾਰਨ ਜੰਗਲ ਦੀ ਕਟਾਈ ਦੀ ਮਨਜੂਰੀ ਦੀ ਅੰਤਮ ਪ੍ਰਵਾਨਗੀ ਨਹੀਂ ਦਿੱਤੀ, ਜਿਸਦੇ ਨਤੀਜੇ ਵਜੋਂ ਅਧੂਰੇ ਕੰਮ ਤੇ ₹4.24 ਕਰੋੜ ਦਾ ਵਿਅਰਥ ਖਰਚਾ ਹੋਇਆ।***

ਪੰਜਾਬ ਲੋਕ ਨਿਰਮਾਣ ਵਿਭਾਗ ਕੋਡ ਦੇ ਪੈਰ੍ਹੇ 2.92 ਵਿੱਚ ਇਹ ਵਿਵਸਥਾ ਹੈ ਕਿ ਕੋਈ ਵੀ ਕੰਮ ਉਸ ਜ਼ਮੀਨ ਤੇ ਸ਼ੁਰੂ ਨਹੀਂ ਕੀਤਾ ਜਾਣਾ ਚਾਹੀਦਾ ਜਦੋਂ ਤੱਕ ਰੁਕਾਵਟ-ਰਹਿਤ ਜ਼ਮੀਨ ਨੂੰ ਜ਼ਿੰਮੇਵਾਰ ਸਿਵਲ ਅਫਸਰ ਦੁਆਰਾ ਸੌਂਪਿਆ ਗਿਆ ਨਾ ਹੋਵੇ। ਇਸ ਤੋਂ ਇਲਾਵਾ, ਜੰਗਲਾਤ ਸੰਭਾਲ ਐਕਟ 1980 (ਐਕਟ) ਦੀ ਧਾਰਾ 2 ਇਹ ਦੱਸਦੀ ਹੈ ਕਿ ਕੇਂਦਰ ਸਰਕਾਰ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ

---

[13] 7 ਫਰਵਰੀ 2015 ਤੋਂ 13 ਮਾਰਚ 2019 (1,496 ਦਿਨ) ਦੀ ਮਿਆਦ ਲਈ ਵਿਆਜ਼।

ਕਿਸੇ ਵੀ ਜੰਗਲਾਤ ਦੀ ਜ਼ਮੀਨ ਜਾਂ ਇਸਦੇ ਕਿਸੇ ਵੀ ਹਿੱਸੇ ਨੂੰ ਕਿਸੇ ਗੈਰ-ਜੰਗਲ ਉਦੇਸ਼ਾਂ ਲਈ ਨਹੀਂ ਵਰਤਿਆ ਜਾ ਸਕਦਾ। ਐਕਟ ਦੇ ਪੈਰਾ 4.2 (i) ਦੇ ਤਹਿਤ, ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ (ਐਮ ਓ ਈ ਐਫ ਅਤੇ ਸੀ ਸੀ) ਰਾਜ ਸਰਕਾਰ ਦੇ ਕਿਸੇ ਵੀ ਗੈਰ-ਜੰਗਲਾਤ ਉਦੇਸ਼ ਲਈ ਜੰਗਲਾਤ ਦੀ ਜ਼ਮੀਨ ਨੂੰ ਦੋ ਪੜਾਵਾਂ ਵਿੱਚ ਬਦਲਣ ਦੇ ਪ੍ਰਸਤਾਵਾਂ ਤੇ ਪਹਿਲਾਂ ਪ੍ਰਵਾਨਗੀ ਦਿੰਦਾ ਹੈ: ਸਿਧਾਂਤਕ ਜਾਂ ਪੜਾਅ-I ਦੀ ਪ੍ਰਵਾਨਗੀ, ਤੋਂ ਬਾਅਦ ਸਿਧਾਂਤਕ ਪ੍ਰਵਾਨਗੀ ਦੀਆਂ ਸ਼ਰਤਾਂ ਦੀ ਪਾਲਨਾ ਤੋਂ ਬਾਅਦ ਦੂਜੀ ਰਸਮੀ ਪ੍ਰਵਾਨਗੀ।

ਕਾਰਜਕਾਰੀ ਇੰਜੀਨੀਅਰ (ਈ ਈ), ਲੋਕ ਨਿਰਮਾਣ ਵਿਭਾਗ (ਪੀ ਡਬਲਿਊ ਡੀ) (ਬੀ ਐਂਡ ਆਰ), ਰੂਪਨਗਰ ਨੇ ਚਾਰ[14] ਪੁਲਾਂ ਦੇ ਨਿਰਮਾਣ ਦਾ ਕੰਮ ਇੱਕ ਠੇਕੇਦਾਰ ਨੂੰ ₹ 6.27 ਕਰੋੜ ਵਿੱਚ ਅਲਾਟ ਕੀਤਾ ਅਤੇ ਜੰਗਲ ਦੀ ਕਟਾਈ ਦੀ ਮਨਜ਼ੂਰੀ ਲੈਣ ਲਈ ਮਾਮਲਾ ਪੇਸ਼ ਕੀਤਾ (ਜੁਲਾਈ 2016)। ਇਹ ਕੰਮ ਜਨਵਰੀ 2017 ਤੱਕ ਮੁਕੰਮਲ ਹੋਣਾ ਸੀ। ਕੰਮ ਦੇ ਵਿਸਤ੍ਰਿਤ ਅਨੁਮਾਨ ਦੀ ਤਕਨੀਕੀ ਮਨਜ਼ੂਰੀ ਸਤੰਬਰ 2016 ਵਿੱਚ ਦਿੱਤੀ ਗਈ ਸੀ ਭਾਵ ਕੰਮ ਅਲਾਟ ਹੋਣ ਤੋਂ ਬਾਅਦ ਅਤੇ ਚਾਰਾਂ ਪੁਲਾਂ ਲਈ ਜੰਗਲ ਦੀ ਜ਼ਮੀਨ ਦੀ ਡਾਇਵਰਸ਼ਨ ਲਈ ₹ 24.66 ਲੱਖ[15] ਦੀ ਵਿਵਸਥਾ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਅਗਸਤ 2020) ਕਿ ਜਦੋਂ ਕੰਮ ਚੱਲ ਰਿਹਾ ਸੀ, ਠੇਕੇਦਾਰ ਨੇ ਈ ਈ ਨੂੰ ਸੂਚਿਤ ਕੀਤਾ (ਅਕਤੂਬਰ 2016) ਕਿ ਜੰਗਲਾਤ ਮਨਜ਼ੂਰੀ ਦੀ ਲੋੜ ਸੀ ਕਿਉਂਕਿ ਸਾਰੇ ਪੁਲਾਂ ਦੇ ਸਥਾਨ ਅਤੇ ਪਹੁੰਚ ਸੜ੍ਹਕ ਦੇ ਅਧੀਨ ਆਉਂਦੇ ਦਰੱਖਤ ਜੰਗਲਾਤ ਵਿਭਾਗ ਨਾਲ ਸਬੰਧਤ ਸਨ। ਵਿਭਾਗ ਨੇ ਠੇਕੇਦਾਰ ਨੂੰ ਜੂਨ 2018 ਤੱਕ ਕਈ ਵਾਰ ਸਮਾਂ ਵਧਾਇਆ। ਇਸ ਦੌਰਾਨ, ਐਮ ਓ ਈ ਐਫ ਅਤੇ ਸੀ ਸੀ ਨੇ ਜੰਗਲਾਤ ਜ਼ਮੀਨ ਦੇ ਜੰਗਲ ਦੀ ਕਟਾਈ ਲਈ ਸਿਧਾਂਤਕ ਪ੍ਰਵਾਨਗੀ (ਮਾਰਚ 2018) (ਪੜਾਅ-I ਦੀ ਪ੍ਰਵਾਨਗੀ) ਇਸ ਸ਼ਰਤ ਨਾਲ ਦਿੱਤੀ ਕਿ ਉਪਭੋਗਤਾ ਏਜੰਸੀ (ਵਿਭਾਗ) ਇਹ ਸੁਨਿਸ਼ਚਿਤ ਕਰੇਗੀ ਕਿ ਕੋਈ ਹੋਰ ਪ੍ਰਸਤਾਵ, ਜਿਸਦੇ ਲਈ ਪਹਿਲਾਂ ਹੀ ਪੜਾਅ-I ਨੂੰ ਪਹਿਲਾਂ ਹੀ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ, ਅਜੇ ਵੀ ਪੜਾਅ-I ਦੀ ਪ੍ਰਵਾਨਗੀ ਦੀਆਂ ਸ਼ਰਤਾਂ ਦੀ ਪਾਲਣਾ ਲਈ ਬਕਾਇਆ ਨਹੀਂ ਹੈ ਅਤੇ ਰਾਜ ਸਰਕਾਰ ਨੂੰ ਲੋੜੀਂਦੀ ਫੀਸ ਜਮ੍ਹਾਂ ਕਰਾਉਣ ਲਈ ਕਿਹਾ। ਇਸ ਅਨੁਸਾਰ, ਈ ਈ ਨੇ ਜੰਗਲਾਤ ਵਿਭਾਗ ਕੋਲ ₹ 18.61 ਲੱਖ[16] ਜਮ੍ਹਾਂ ਕਰਵਾਏ (ਅਕਤੂਬਰ 2018)। ਇਹ ਦੇਖਿਆ ਗਿਆ ਕਿ ਐਮ ਓ ਈ ਐਫ ਅਤੇ ਸੀ ਸੀ ਨੇ ਇਸ ਕੰਮ ਨੂੰ ਅੰਤਿਮ ਮਨਜ਼ੂਰੀ ਨਹੀਂ ਦਿੱਤੀ ਕਿਉਂਕਿ ਡਿਵੀਜ਼ਨ ਨੇ ਦੂਜੇ ਕੰਮ[17] ਲਈ ਪੜਾਅ-I ਵਿੱਚ 3.62 ਹੈਕਟੇਅਰ ਜ਼ਮੀਨ ਨੂੰ ਜੰਗਲਾਤ ਵਿਭਾਗ ਦੇ ਨਾਂ ਤੇ ਤਬਦੀਲ ਕਰਨ ਲਈ ਦਿੱਤੀ ਗਈ (ਅਪ੍ਰੈਲ 2015) ਪ੍ਰਵਾਨਗੀ ਦੀ ਸ਼ਰਤ ਪੂਰੀ ਨਹੀਂ ਕੀਤੀ ਸੀ।

---

14 ਰੋਪੜ ਹੈਡ ਤੇ ਤਿੰਨ ਪੱਧਰੀ (ਐਚ/ਐਲ) ਪੁਲਾਂ ਦਾ ਨਿਰਮਾਣ ਗੰਨੋ ਮਾਜਰਾ ਲਿੰਕ ਸੜ੍ਹਕ ਰਾਹੀਂ ਲੋਧੀ ਮਾਜਰਾ-ਦਾਬੁਰਜੀ ਨੂੰ ਜਾਂਦਾ ਹੈ ਅਤੇ ਪਾਟਲੀਅਨ ਚੋਈ ਐਕਸ-ਇੰਗ ਲੋਧੀ ਮਾਜਰਾ ਗੇਟ ਤੇ ਇੱਕ ਐਚ/ਐਲ ਪੁਲ ਪਾਟਿਲਿਅਨ ਮਨੀਚਕ ਢੇਰਿਅਨ ਸੜ੍ਹਕ ਰਾਹੀਂ ਪਹੁੰਚਣ ਸਮੇਤ।

15 ਇਸ ਨੂੰ ਜੰਗਲਾਤ ਵਿਭਾਗ ਦੇ ਪੱਤਰ ਨੰਬਰ 5281 ਮਿਤੀ 21.10.2015 ਦੇ ਅਧਾਰ ਤੇ ਸ਼ਾਮਲ ਕੀਤਾ ਗਿਆ ਸੀ।

16 ਨਿਰੋਲ ਵਰਤਮਾਨ ਮੁੱਲ: ₹ 6.31 ਲੱਖ, ਜੰਗਲਾਤ ਲਾਉਣ ਵਾਲਾ ਮੁਆਵਜਾ: ₹ 9.59 ਲੱਖ ਅਤੇ ਅਤਿਰਿਕਤ ਜੰਗਲਾਤ ਲਾਉਣ ਵਾਲਾ ਮੁਆਵਜ਼ਾ: ₹ 2.71 ਲੱਖ।

17 ਪਿੰਡ ਭੰਗਾਲਾ ਤੋਂ ਪਿੰਡ ਮਨਸਾਲੀ ਤੱਕ ਲਿੰਕ ਸੜ੍ਹਕ ਦਾ ਨਿਰਮਾਣ।

ਜੰਗਲਾਤ ਦੀ ਮਨਜ਼ੂਰੀ ਪ੍ਰਾਪਤ ਕਰਨ ਵਿੱਚ ਦੇਰੀ ਤੋਂ ਦੁਖੀ ਹੋ ਕੇ, ਠੇਕੇਦਾਰ ਨੇ ਈ ਈ ਨੂੰ ਇਸ ਦਲੀਲ ਤੇ ਇਕਰਾਰਨਾਮਾ ਖਤਮ ਕਰਨ ਦੀ ਬੇਨਤੀ ਕੀਤੀ (ਮਈ ਅਤੇ ਜੁਲਾਈ 2019) ਕਿ ਉਸ ਨੂੰ ਪਹਿਲਾਂ ਹੀ ਵਿਹਲੇ ਕਾਮੇ ਅਤੇ ਮਸ਼ੀਨਰੀ ਦੇ ਕਾਰਨ ਭਾਰੀ ਨੁਕਸਾਨ ਝੱਲ ਚੁੱਕਾ ਸੀ ਅਤੇ ਅਣਮਿੱਥੇ ਸਮੇਂ ਲਈ ਜੰਗਲਾਤ ਦੀ ਮਨਜ਼ੂਰੀ ਦਾ ਇੰਤਜ਼ਾਰ ਨਹੀਂ ਕਰ ਸਕਦਾ। ਇਸ ਅਨੁਸਾਰ, ਮੁੱਖ ਇੰਜੀਨੀਅਰ ਨੇ ਇਕਰਾਰਨਾਮੇ ਨੂੰ ਖਤਮ ਕਰਨ ਦਾ ਆਦੇਸ਼ ਦਿੱਤਾ (ਅਕਤੂਬਰ 2019)। ਈ ਈ (ਦਸੰਬਰ 2019) ਨੇ ਠੇਕੇਦਾਰ ਨੂੰ ਚਾਰ ਵਿੱਚੋਂ ਤਿੰਨ ਪੁਲਾਂ ਦੇ ਨਿਰਮਾਣ ਲਈ ₹ 4.05 ਕਰੋੜ ਦਾ ਭੁਗਤਾਨ ਕੀਤਾ ਜੋ ਕਿ ਕੇਵਲ 67 *ਪ੍ਰਤੀਸ਼ਤ* ਭੌਤਿਕ ਪ੍ਰਗਤੀ ਦੇ ਨਾਲ ਅਧੂਰੇ ਪਏ ਸਨ ਅਤੇ ਪਹੁੰਚ ਮਾਰਗ ਨਾ ਬਣਾਏ ਜਾਣ ਕਾਰਨ ਵਰਤੋਂ ਵਿੱਚ ਨਹੀਂ ਆ ਸਕੇ।

ਈ ਈ ਨੇ ਮੰਨਿਆ (ਅਗਸਤ 2020) ਕਿ ਭੁਗਤਾਨ ਕਰਨ ਦੇ ਬਾਵਜੂਦ ਜੰਗਲਾਤ ਵਿਭਾਗ ਦੁਆਰਾ ਸਾਈਟ ਦੀ ਮਨਜ਼ੂਰੀ ਨਾ ਦਿੱਤੇ ਜਾਣ ਕਾਰਣ ਕੰਮ ਰੋਕ ਦਿੱਤਾ ਸੀ।

ਇਸ ਤਰ੍ਹਾਂ, ਐਮ ਓ ਈ ਐਫ ਅਤੇ ਸੀ ਸੀ ਨੇ ਜੰਗਲਾਤ ਦੀ ਕਟਾਈ ਦੀ ਮਨਜ਼ੂਰੀ ਦੀ ਅੰਤਿਮ ਪ੍ਰਵਾਨਗੀ ਨਹੀਂ ਦਿੱਤੀ ਕਿਉਂਕਿ ਵਿਭਾਗ ਦੁਆਰਾ ਕਿਸੇ ਹੋਰ ਕੰਮ ਦੀ ਮੁੱਖ ਸਿਧਾਂਤਕ ਪ੍ਰਵਾਨਗੀ ਦੀ ਸ਼ਰਤ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਅਧੂਰੇ ਕੰਮ ਤੇ ₹ 4.24 ਕਰੋੜ[18] ਖਰਚ ਵਿਅਰਥ ਗਿਆ।

ਮਾਮਲਾ ਸਰਕਾਰ ਨੂੰ ਭੇਜਿਆ ਗਿਆ (ਅਪ੍ਰੈਲ 2021); ਜਵਾਬ ਦੀ ਉਡੀਕ ਸੀ (ਜੁਲਾਈ 2021)।

**ਸਿਫਾਰਿਸ਼: ਵਿਭਾਗ ਨੂੰ ਪ੍ਰੋਜੈਕਟ ਦੇ ਸਮੇਂ ਸਿਰ ਮੁਕੰਮਲ ਹੋਣ ਲਈ ਜੰਗਲਾਤ ਸੰਭਾਲ ਐਕਟ, 1980 ਅਧੀਨ ਨਿਯਮਾਂ ਦੀ ਪਾਲਣਾ ਕਰਨ ਦੇ ਨਾਲ-ਨਾਲ ਕਿਸੇ ਪੋਜੈਕਟ ਨੂੰ ਰੁਕਾਵਟ ਰਹਿਤ ਜਗ੍ਹਾ ਦੀ ਉਪਲੱਬਧਤਾ ਨੂੰ ਯਕੀਨੀ ਬਨਾਉਣਾ ਚਾਹੀਦਾ ਹੈ।**

## 3.3 ਟਾਲਣਯੋਗ ਵਾਧੂ ਖਰਚੇ

***ਇੰਡੀਅਨ ਰੋਡਜ਼ ਕਾਂਗਰਸ ਸਪੈਸੀਫਿਕੇਸ਼ਨ ਦੀ ਉਲੰਘਣਾ ਕਰਦੇ ਹੋਏ ਠੇਕੇਦਾਰ ਦੁਆਰਾ ਦਿੱਤੇ ਗਏ ਟ੍ਰੈਫਿਕ ਦੇ ਗਲਤ ਅੰਕੜਿਆਂ ਦੇ ਆਧਾਰ ਤੇ ਡਾਇਵਰਸ਼ਨ ਸੜਕਾਂ ਤੇ ਸੰਘਣੀ ਗ੍ਰੇਡ ਬਿਚੂਮਨਸ ਮੈਕਾਡਮ ਰੱਖਣ ਦੇ ਨਤੀਜੇ ਵਜੋਂ ₹ 2.88 ਕਰੋੜ ਦੇ ਵਾਧੂ ਖਰਚੇ ਹੋਏ।***

ਇੰਡੀਅਨ ਰੋਡਜ਼ ਕਾਂਗਰਸ[19] (ਆਈ ਆਰ ਸੀ)-37 (2012) ਦਾ ਪੈਰਾ 4.3.2 ਇਹ ਵਿਵਸਥਾ ਕਰਦਾ ਹੈ ਕਿ ਰਾਸ਼ਟਰੀ ਰਾਜ ਮਾਰਗਾਂ ਅਤੇ ਰਾਜ ਮਾਰਗਾਂ ਦੇ ਫੁੱਟਪਾਥ ਨੂੰ ਘੱਟੋਂ ਘੱਟ 15 ਸਾਲਾਂ ਦੇ ਜੀਵਨ ਕਾਲ ਲਈ ਤਿਆਰ ਕੀਤਾ ਜਾਣਾ ਚਾਹੀਦਾ ਹੈ ਅਤੇ ਸੜਕਾਂ ਦੀਆਂ ਹੋਰ ਸ਼੍ਰੇਣੀਆਂ ਦਾ ਜੀਵਨ 10 ਤੋਂ 15 ਸਾਲ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਆਈ ਆਰ ਸੀ-37 ਦਾ ਪੈਰ੍ਹਾ


---

18 ਠੇਕੇਦਾਰ ਨੂੰ ₹ 4.05 ਕਰੋੜ ਅਤੇ ਜੰਗਲਾਤ ਵਿਭਾਗ ਨੰ ₹ 0.19 ਕਰੋੜ ਅਦਾ ਕੀਤੇ ਗਏ।

19 ਇੰਡੀਲਨ ਰੋਡਜ ਕਾਂਗਰਸ (ਆਈ ਆਰ ਸੀ) ਦੇਸ ਵਿੱਚ ਹਾਈਵੇਅ ਇੰਜੀਨੀਅਰਾਂ ਦੀ ਸਰਵਉੱਚ ਸੰਸਥਾ ਹੈ। ਆਈ ਆਰ ਸੀ ਦੀ ਸਥਾਪਨਾ ਦਸੰਬਰ, 1934 ਵਿੱਚ ਸਰਕਾਰ ਦੁਆਰਾ ਸਥਾਪਤ ਜੈਕਾਰ ਕਮੇਟੀ ਵਜੋਂ ਜਾਣੀ ਜਾਂਦੀ ਭਾਰਤੀ ਸੜ੍ਹਕ ਵਿਕਾਸ ਕਮੇਟੀ ਦੀਆ ਸਿਫਾਰਸਾਂ ਤੇ ਭਾਰਤ ਵਿੱਚ ਸੜ੍ਹਕ ਵਿਕਾਸ ਤੇ ਉਦੇਸ਼ ਨਾਲ ਕੀਤੀ ਗਈ ਸੀ।

10 ਵਿਵਸਥਾ ਕਰਦਾ ਹੈ ਕਿ ਟ੍ਰੈਫਿਕ ਅਤੇ ਮਟੀਰਿਅਲ ਦੀਆਂ ਵਿਸ਼ੇਸ਼ਤਾਵਾਂ ਦੇ ਅਧਾਰ ਤੇ ਡਿਜ਼ਾਈਨ ਅਤੇ ਗੈਰ-ਡਿਜ਼ਾਈਨ ਕੀਤੇ ਸੜ੍ਹਕ[20] ਦੀ ਬਣਤਰ ਲਈ, ਵੱਖੋਂ-ਵੱਖ ਵਿਚਾਰਿਆ ਜਾਣਾ ਚਾਹੀਦਾ ਹੈ ਜਿਵੇਂ ਕਿ ਹੇਠਾਂ ਦਿੱਤੇ ਚਾਰਟ ਵਿੱਚ ਦਰਸਾਇਆ ਗਿਆ ਹੈ:

**ਚਾਰਟ 1-ਸੜ੍ਹਕ ਨਿਰਮਾਣ ਦੇ ਫੁੱਟਪਾਥ ਦੀ ਬਣਤਰ ਨੂੰ ਦਰਸਾਉਣਾ**




ਆਈ ਆਰ ਸੀ-37 ਦੇ ਪੈਰ੍ਹਾ 10 ਦੇ ਅਨੁਸਾਰ, ਡਿਜ਼ਾਈਨ ਕੀਤੀਆਂ ਸੜਕਾਂ ਲਈ ਡੈਨਸ ਗ੍ਰੇਡ ਬਿਚੂਮਨਸ ਮੈਕਾਡਮ (ਡੀ ਜੀ ਬੀ ਐਮ) ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਆਈ ਆਰ ਸੀ-37 ਦਾ ਪੈਰਾ 4.1.2 ਵਿਵਸਥਾ ਕਰਦਾ ਹੈ ਕਿ ਸਟੱਕਚਰਲ ਡਿਜ਼ਾਈਨ ਦੇ ਉਦੇਸ਼ ਲਈ, ਸਿਰਫ ਤਿੰਨ ਟਨ ਜਾਂ ਇਸ ਤੋਂ ਵੱਧ ਭਾਰ ਵਾਲੇ ਵਪਾਰਕ ਵਾਹਨਾਂ ਦੀ ਗਿਣਤੀ ਅਤੇ ਉਨ੍ਹਾਂ ਦੇ ਐਕਸਲ ਲੋਡਿੰਗ ਤੇ ਵਿਚਾਰ ਕਰਨਾ ਹੈ।

ਮਲੇਰਕੋਟਲਾ- ਲੁਧਿਆਣਾ ਰੋਡ ਤੇ ਜਰਗ ਚੌਕ, ਜ਼ਿਲ੍ਹਾ ਸੰਗਰੂਰ ਵਿਖੇ ਫਲਾਈਓਵਰ ਦੇ ਨਿਰਮਾਣ ਦੇ ਕੰਮ ਲਈ ਟੈਂਡਰ ਮੰਗਵਾਉਣ ਵਾਲਾ ਵਿਸਤ੍ਰਿਤ ਨੋਟਿਸ, ਸਮਰੱਥ ਅਧਿਕਾਰੀ ਤੋਂ ਅਨੁਮਾਨ ਦੀ ਤਕਨੀਕੀ ਪ੍ਰਵਾਨਗੀ ਦੇ ਬਗੈਰ ₹ 26.80 ਕਰੋੜ ਵਿੱਚ ਮਨਜ਼ੂਰ ਕੀਤਾ ਗਿਆ ਸੀ (ਦਸੰਬਰ 2017)। ਇਹ ਕੰਮ ਇੱਕ ਠੇਕੇਦਾਰ ਨੂੰ ₹ 26.64 ਕਰੋੜ ਦੀ ਲਾਗਤ ਨਾਲ 18 ਮਹੀਨਿਆਂ ਦੇ ਅੰਦਰ-ਅੰਦਰ ਪੂਰਾ ਕਰਨ ਲਈ ਅਲਾਟ ਕੀਤਾ ਗਿਆ ਸੀ (ਮਾਰਚ 2018)। ਇਹ ਕੰਮ ਅਪ੍ਰੈਲ 2018 ਵਿੱਚ ਆਰੰਭ ਕੀਤਾ ਗਿਆ ਸੀ। ਨਿਰਮਾਣ ਸਮੇਂ ਦੌਰਾਨ ਸਾਰਵਜਨਿਕ ਆਵਾਜਾਈ ਦੀ ਸਹੂਲਤ ਦੇ ਮੱਦੇਨਜ਼ਰ, ਇਸ ਕੰਮ ਵਿੱਚ ₹ 5.58 ਕਰੋੜ ਦੀ ਲਾਗਤ ਨਾਲ 13.60 ਕਿਲੋਮੀਟਰ ਦੀਆਂ ਦੋ ਡਾਇਵਰਸ਼ਨ ਸੜ੍ਹਕਾਂ[21] ਦੀ ਵਿਵਸਥਾ ਕੀਤੀ ਗਈ ਸੀ। ਇਹ

---

20 **ਡਿਜ਼ਾਈਨ ਕੀਤੀ ਸੜ੍ਹਕ**: ਉਹ ਸੜ੍ਹਕ ਜਿੱਥੇ ਸੜ੍ਹਕੀ ਫੁੱਟਪਾਥ ਦੀ ਮੋਟਾਈ ਦਾ ਨਿਰਮਾਣ ਮਿੱਟੀ ਦੀ ਮਜ਼ਬੂਤੀ ਦੇ ਨਾਲ ਮਿਆਰੀ ਧੁਰੇ ਦੀ ਸੰਖਿਆਤਮਕ ਸੰਖਿਆ ਦੇ ਅਧਾਰ ਤੇ ਟ੍ਰੈਫਿਕ ਦੇ ਅਧਾਰ ਤੇ ਕੀਤਾ ਜਾਂਦਾ ਹੈ ਅਤੇ ਇਹ ਸੜ੍ਹਕ ਲੰਮੇ ਸਮੇਂ ਲਈ ਬਣਾਈ ਗਈ ਹੈ। **ਗੈਰ-ਡਿਜ਼ਾਈਨ ਕੀਤੀ ਸੜ੍ਹਕ**: ਇਹ ਆਮ ਤੌਰ ਤੇ ਪੇਂਡੂ ਸੜ੍ਹਕਾਂ ਹੁੰਦੀਆ ਹਨ ਜਿੱਥੇ ਆਵਾਜਾਈ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ ਅਤੇ ਸੜ੍ਹਕ ਦੇ ਫੁੱਟਪਾਥ ਦੀ ਮੋਟਾਈ ਘੱਟੋਂ ਘੱਟ ਜ਼ਰੂਰਤ ਦੇ ਨਾਲ ਅਪਣਾਈ ਜਾਂਦੀ ਹੈ।

21 (i) ਮਲੇਰਕੋਟਲਾ ਲੁਧਿਆਣਾ ਤੋਂ ਸਰੌਦ ਸੜ੍ਹਕ ਮਡਲਾਲਾ ਤੋਂ ਪਿੰਡ ਰਾਣਾਵਾਂ ਨੂੰ ਮਲੇਰਕੋਟਲਾ ਖੰਨਾ ਕਿਲੋਮੀਟਰ 0+00 ਤੋਂ 6+00 ਭਾਵ 6.00 ਕਿਲੋਮੀਟਰ ਅਤੇ (ii) ਮਲੇਰਕੋਟਲਾ ਖੰਨਾ ਸੜ੍ਹਕ ਪਿੰਡ ਰਾਣਾਵਾਂ ਤੋਂ ਪਿੰਡ ਹਠੋਆ ਤੋਂ ਪਿੰਡ ਹੇਦਰਨਗਰ ਤੋਂ ਮਲੇਰਕੋਟਲਾ ਨਾਭਾ ਰੋਡ ਕਿਲੋਮੀਟਰ 0+00 ਤੋਂ 7+60.00 ਕਿਲੋਮੀਟਰ।

ਮੌਜੂਦਾਂ ਸੜ੍ਹਕਾਂ ਸਨ ਅਤੇ ਕੰਮ ਦੇ ਆਦੇਸ਼ ਵਿੱਚ 150 ਮਿਲੀਮੀਟਰ ਗ੍ਰੇਨੂਲਰ ਸਬ ਬੇਸ (ਜੀ ਐਸ ਬੀ) ਮੋਟਾਈ ਸ਼ਾਮਲ ਸੀ, 150 ਮੀਲੀਮੀਟਰ ਵਾਟਰ ਬਾਊਂਡ ਮੈਕਾਡਮ (ਡਬਲਿਊ ਬੀ ਐਮ) ਚੌੜਾਈ ਵਾਲੇ ਹਿੱਸੇ ਲਈ ਅਤੇ 75 ਮਿਲੀਮੀਟਰ (ਡਬਲਿਊ ਬੀ ਐਮ) ਅਤੇ 30 ਮਿਲੀਮੀਟਰ ਬਿਚੂਮਨਸ ਕੰਕਰੀਟ (ਬੀ ਸੀ), ਇੰਨ੍ਹਾਂ ਮੌਜੂਦਾਂ ਸੜ੍ਹਕਾਂ ਦੇ ਹਿੱਸਿਆਂ ਤੇ ਸੀ। ਡਾਇਵਰਸ਼ਨ ਸੜ੍ਹਕਾਂ ਦੇ ਨਿਰਮਾਣ ਲਈ ਇਕਰਾਰਨਾਮੇਂ ਵਿੱਚ ਕੋਈ ਅਲੱਗ ਸਮਾਂ ਨਿਸ਼ਚਿਤ ਨਹੀਂ ਕੀਤਾ ਗਿਆ ਸੀ। ਹਾਲਾਂਕਿ ਠੇਕੇਦਾਰ ਨਾਲ ਹੋਏ ਇਕਰਾਰਨਾਮੇਂ ਦੀ ਧਾਰਾ 5-ਡੀ, ਦੇ ਅਨੁਸਾਰ ਫਲਾਈਓਵਰ ਦਾ ਨਿਰਮਾਣ ਸ਼ੁਰੂ ਹੋਣ ਤੋਂ ਪਹਿਲਾਂ ਡਾਇਵਰਸ਼ਨ ਸੜ੍ਹਕਾਂ ਦਾ ਨਿਰਮਾਣ ਕੀਤਾ ਜਾਣਾ ਸੀ।

ਕਾਰਜਕਾਰੀ ਇੰਜੀਨੀਅਰ, ਪੀ ਡਬਲਿਯੂ ਡੀ (ਬੀ ਐਂਡ ਆਰ), ਮਲੇਰਕੋਟਲਾ (ਈ ਈ) ਦੇ ਰਿਕਾਰਡਜ਼ ਦੀ ਨਮੂਨਾ ਜਾਂਚ ਤੋਂ ਪਤਾ ਚੱਲਿਆ (ਸਤੰਬਰ 2019) ਕਿ ਫਲਾਈਓਵਰ ਦੇ ਨਿਰਮਾਣ ਦੀ ਸ਼ੁਰੂਆਤ ਤੋਂ ਪਹਿਲਾਂ ਡਾਈਵਰਸ਼ਨ ਸੜ੍ਹਕਾਂ ਦੇ ਨਿਰਮਾਣ ਦਾ ਕੰਮ ਠੇਕੇਦਾਰ ਦੁਆਰਾ ਪੂਰਾ ਨਹੀਂ ਕੀਤਾ ਗਿਆ ਸੀ ਜਿਸ ਦੇ ਨਤੀਜੇ ਵਜੋਂ ਜਰਗ ਚੌਂਕ ਤੇ ਲੰਬਾ ਟ੍ਰੈਫਿਕ ਜਾਮ ਹੋ ਜਾਂਦਾ ਸੀ ਜਿਸ ਕਾਰਣ ਲੋਕਾਂ ਨੂੰ ਬਹੁਤ ਮੁਸ਼ਕਲਾਂ ਆਈਆਂ। ਠੇਕੇਦਾਰ ਨੇ, ਡਾਇਵਰਸ਼ਨ ਰੋਡ ਉਤੇ ਰੋਜ਼ਾਨਾ 5485 ਵਾਹਨ[22] ਚੱਲਣ ਦਾ ਹਵਾਲਾ ਦਿੰਦਿਆਂ 50 ਮਿਲੀਮੀਟਰ ਡੈਨਮ ਗਰੇਡ ਬਿਚੂਮਨਸ ਮੈਕਾਡਮ (ਡੀ ਜੀ ਬੀ ਐਮ) ਗ੍ਰੇਡ-II ਦੀ ਇੱਕ ਵਾਧੂ ਪਰਤ ਰੱਖਣ ਦਾ ਪ੍ਰਸਤਾਵ ਪੇਸ਼ ਕੀਤਾ (ਸਤੰਬਰ 2018) । ਇਹ ਟ੍ਰੈਫਿਕ ਡਾਟਾ ਡਿਜ਼ਾਇਨ ਗਣਨਾ ਨਾ ਤਾਂ ਅਨੁਮਾਨ ਦਾ ਹਿੱਸਾ ਸੀ ਅਤੇ ਨਾ ਹੀ ਮਾਰਚ 2018 ਵਿੱਚ ਠੇਕੇਦਾਰ ਨੂੰ ਅਲਾਟ ਕੀਤੇ ਗਏ ਕੰਮ ਦੇ ਖੇਤਰ ਦਾ ਹਿੱਸਾ ਸੀ। ਮੁੱਖ ਕਾਰਜਕਾਰੀ ਇੰਜੀਨੀਅਰ ਨੇ ਨਿਰਧਾਰਤ ਵਿਸ਼ੇਸ਼ਤਾਵਾਂ ਆਈ ਆਰ ਸੀ-37 ਦੇ ਮੱਦੇਨਜ਼ਰ ਸੜ੍ਹਕ ਦੀ ਮਜ਼ਬੂਤੀ ਦੀ ਲੋੜ ਦਾ ਮੁਲਾਂਕਣ ਕੀਤੇ ਬਗੈਰ ₹ 2.93 ਕਰੋੜ ਦੀ ਲਾਗਤ ਵਾਲੇ ਇਸ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ (ਅਕਤੂਬਰ 2018)। ਵਿਭਾਗ ਨੇ ਇਸ ਤੱਥ ਉਤੇ ਵੀ ਵਿਚਾਰ ਨਹੀਂ ਕੀਤਾ ਕਿ ਸੜ੍ਹਕ ਸਿਰਫ 18 ਮਹੀਨਿਆਂ ਲਈ ਵਰਤੀ ਜਾਣੀ ਸੀ ਅਰਥਾਤ ਫਲਾਈਓਵਰ ਦੀ ਉਸਾਰੀ ਦੀ ਮਿਆਦ, ਜਿਸ ਵਿੱਚੋਂ ਛੇ ਮਹੀਨੇ ਪਹਿਲਾਂ ਹੀ ਉਸ ਸਮੇਂ ਤੋਂ ਲੰਘ ਚੁੱਕੇ ਸਨ। ਸਿਰਫ ਆਈ ਆਰ ਸੀ-37 ਦੇ ਅਨੁਸਾਰ ਡਿਜ਼ਾਇਨ ਕੀਤੀਆਂ ਸੜ੍ਹਕਾਂ ਲਈ ਵਰਤੇ ਜਾਣ ਵਾਲੇ ਉੱਚ ਸਪੈਸੀਫਿਕੇਸ਼ਨ ਨੂੰ ਮਨਜ਼ੂਰੀ ਦੇਣ ਲਈ ਇਹ ਸਮਾਂ ਬਹੁਤ ਘੱਟ ਸੀ। ਜਿਵੇ ਕਿ ਡਾਇਵਰਸ਼ਨ ਸੜ੍ਹਕਾਂ ਨੂੰ ਪੂਰਾ ਨਹੀਂ ਕੀਤਾ ਗਿਆ ਸੀ, ਉਪ ਮੰਡਲ ਮੈਜਿਸਟਰੇਟ (ਐਸ ਡੀ ਐਮ) ਨੇ ਈ ਈ ਨਾਲ ਸੜ੍ਹਕਾਂ ਨੂੰ ਛੇਤੀ ਮੁਕੰਮਲ ਕਰਨ ਲਈ ਕਈ ਮੀਟਿੰਗਾਂ ਕੀਤੀਆਂ (ਜਨਵਰੀ-ਫਰਵਰੀ 2019)। ਐਸ ਡੀ ਐਮ ਨੇ ਫਿਰ ਸੁਪਰਡੈਂਟਿੰਗ ਇੰਜੀਨੀਅਰ (ਐਸ ਈ) ਕੋਲ ਮੁੱਦਾ ਉਠਾਇਆ (ਜੁਲਾਈ 2019) ਅਤੇ ਡਾਇਵਰਸ਼ਨ ਸੜ੍ਹਕਾਂ ਨੂੰ ਛੇਤੀ ਪੂਰਾ ਕਰਨ ਦੀ ਬੇਨਤੀ ਕੀਤੀ।

ਇਹ ਅੱਗੇ ਦੇਖਿਆ ਗਿਆ ਕਿ ਠੇਕੇਦਾਰ ਦੁਆਰਾ ਦੱਸੇ ਗਏ ਪ੍ਰਤੀ ਦਿਨ 5485 ਵਾਹਨਾਂ[23] ਵਿੱਚ ਕਾਰਾਂ/ਜੀਪਾ/ਆਟੋ ਸ਼ਾਮਲ ਸਨ ਜਦੋਂ ਕਿ ਆਈ ਆਰ ਸੀ - 37 ਦੇ ਅਨੁਸਾਰ, ਪ੍ਰਤੀ ਦਿਨ ਸਿਰਫ ਵਪਾਰਕ ਵਾਹਨਾਂ (ਤਿੰਨ ਟਨ ਜਾਂ ਵੱਧ ਭਾਰ ਵਾਲੇ) ਦੀ ਟ੍ਰੈਫਿਕ ਨੂੰ ਲਿਆ ਜਾਣਾ ਸੀ।

[22] ਡਾਟਾ ਟੋਲ ਪਲਾਜ਼ਾ ਤੋ ਲਿਆ ਗਿਆ ਹੈ।

[23] 15 ਦਿਨਾਂ ਲਈ ਕੁਲ ਵਾਹਨ 164543/15=10970/2=5485 ਵਾਹਨ ਪ੍ਰਤੀ ਦਿਨ।

ਅਯੋਗ ਵਾਹਨਾਂ (ਕਾਰ/ਜੀਪਾਂ ਅਤੇ ਆਟੋ) ਨੂੰ ਛੱਡ ਕੇ, ਪ੍ਰਤੀ ਦਿਨ ਵਾਹਨਾਂ ਦੀ ਗਿਣਤੀ ਸਿਰਫ 1541 ਵਾਹਨਾਂ[24] ਦੀ ਬਣਦੀ ਸੀ। ਮਈ 2021 ਤੱਕ, 99 *ਪ੍ਰਤੀਸ਼ਤ* ਕੰਮ ਪੂਰਾ ਹੋ ਗਿਆ ਸੀ ਅਤੇ ਠੇਕੇਦਾਰ ਨੂੰ ₹ 28.01 ਕਰੋੜ ਦਾ ਭੁਗਤਾਨ ਕੀਤਾ ਗਿਆ (ਮਈ 2021) ਜਿਸ ਵਿੱਚ ਡਾਇਵਰਸ਼ਨ ਸੜਕਾਂ ਲਈ ₹ 4.42 ਕਰੋੜ (₹ 5.58 ਕਰੋੜ ਦੇ ਅਨੁਮਾਨਿਤ ਪ੍ਰਬੰਧ ਦੇ ਵਿਰੁੱਧ) ਅਤੇ ਡੀ ਜੀ ਬੀ ਐਮ ਦੀ ਵਾਧੂ ਪਰਤ ਦੇ ₹ 2.88 ਕਰੋੜ ਸ਼ਾਮਲ ਸਨ ਜਿਸਦੀ ਉਪਰ ਦਿੱਤੀ ਵਿਵਸਥਾ ਅਨੁਸਾਰ ਲੋੜ ਨਹੀਂ ਸੀ ਜਿਸ ਕਾਰਣ ₹ 2.88 ਕਰੋੜ ਦੇ ਟਾਲਣਯੋਗ ਖਰਚੇ ਹੋਏ।

ਕਾਰਜਕਾਰੀ ਇੰਜੀਨੀਅਰ ਨੇ ਕਿਹਾ (ਸਤੰਬਰ 2019) ਕਿ ਲੋੜੀਂਦੀ ਪ੍ਰਵਾਨਗੀ ਪ੍ਰਾਪਤ ਕਰ ਲਈ ਗਈ ਸੀ। ਜਵਾਬ ਸਵੀਕਾਰਨਯੋਗ ਨਹੀਂ ਸੀ ਕਿਉਂਕਿ ਡੀ ਜੀ ਬੀ ਐਮ ਵਿਛਾਉਣ ਦੀ ਪ੍ਰਵਾਨਗੀ ਸੜਕਾਂ ਦੀ ਮਜ਼ਬੂਤੀ ਦੀਆਂ ਜ਼ਰੂਰਤਾਂ ਦਾ ਮੁਲਾਂਕਣ ਕੀਤੇ ਬਗੈਰ ਦਿੱਤੀ ਗਈ ਸੀ ਅਤੇ ਠੇਕੇਦਾਰ ਦੁਆਰਾ ਦੱਸੇ ਗਏ ਵਾਹਨਾਂ ਦੇ ਅੰਕੜਿਆਂ ਨੂੰ ਵਿਚਾਰਿਆ ਗਿਆ ਸੀ ਜੋ ਕਿ 250 *ਪ੍ਰਤੀਸ਼ਤ* ਦੀ ਹੱਦ ਤੱਕ ਵੱਧ ਸਨ।

ਮਾਮਲਾ ਸਰਕਾਰ ਨੂੰ ਭੇਜਿਆ ਗਿਆ (ਜੂਨ 2021); ਜਵਾਬ ਦੀ ਉਡੀਕ ਸੀ (ਜੁਲਾਈ 2021)।

**ਸਿਫਾਰਸ਼: ਵਿਭਾਗ ਨੂੰ ਵਾਧੂ ਖਰਚੇ ਅਤੇ ਸਰਕਾਰੀ ਖਜ਼ਾਨੇ ਉਤੇ ਬੋਝ ਨੂੰ ਬਚਾਊਣ ਲਈ ਕੰਮ ਦਾ ਅਨੁਮਾਨ/ਕੰਮ ਨੂੰ ਕਰਦੇ ਹੋਏ ਨਿਰਧਾਰਤ ਤਕਨੀਕੀ ਵਿਸ਼ੇਸ਼ਤਾਵਾਂ ਦੀ ਪਾਲਣਾ ਯਕੀਨੀ ਬਨਾਉਣੀ ਚਾਹੀਦੀ ਹੈ।**

## ਸਮਾਜਿਕ ਸੁੱਰਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ

### 3.4 ਬਾਲ ਘਰਾਂ ਅਤੇ ਨਿਗਰਾਨ ਘਰਾਂ ਦੀ ਸਥਾਪਨਾ ਕਰਨ ਵਿੱਚ ਨਾਕਾਮੀ

***ਉਚਿਤ ਜ਼ਮੀਨ ਮੁਹੱਈਆ ਕਰਵਾਉਣ ਵਿੱਚ ਰਾਜ ਸਰਕਾਰ ਦੀ ਨਾਕਾਮੀ ਕਾਰਣ, ਭਾਰਤ ਸਰਕਾਰ ਦੁਆਰਾ ਕੇਂਦਰੀ ਸਹਾਇਤਾ ਦੇ ਜਾਰੀ ਕਰਨ ਤੋਂ ਛੇ ਸਾਲਾਂ ਤੋਂ ਵੱਧ ਸਮੇਂ ਬਾਅਦ ਵੀ ਰਾਜ ਵਿੱਚ ਲੋੜੀਂਦੇ ਬਾਲ ਘਰ ਅਤੇ ਨਿਗਰਾਨ ਘਰ ਸਥਾਪਤ ਨਹੀਂ ਕੀਤੇ ਜਾ ਸਕੇ।***

ਕਿਸ਼ੋਰ ਨਿਆਂ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ, 2015 (ਐਕਟ) ਦੀ ਧਾਰਾ 47(1) ਦੇ ਅਨੁਸਾਰ, ਰਾਜ ਸਰਕਾਰ ਆਪਣੇ ਆਪ ਜਾਂ ਸਵੈ-ਇੱਛਕ ਜਾਂ ਗੈਰ-ਸਰਕਾਰੀ ਸੰਗਠਨਾਂ ਦੁਆਰਾ, ਹਰੇਕ ਜ਼ਿਲ੍ਹੇ ਜਾਂ ਜ਼ਿਲ੍ਹਿਆਂ ਦੇ ਸਮੂਹ ਵਿੱਚ, ਇਸ ਐਕਟ ਦੇ ਅਧੀਨ ਕਿਸੇ ਵੀ ਜਾਂਚ ਦੇ ਵਿਚਾਰਾ ਅਧੀਨ ਹੋਣ ਦੇ ਦੌਰਾਨ, ਕਾਨੂੰਨ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਬੱਚੇ ਦੇ ਅਸਥਾਈ ਸਵਾਗਤ, ਦੇਖਭਾਲ ਅਤੇ ਮੁੜ ਵਸੇਬੇ ਲਈ, ਨਿਗਰਾਨ ਘਰ ਸਥਾਪਤ ਅਤੇ ਸਾਂਭ-ਸੰਭਾਲ ਕਰੇਗੀ। ਇਸ ਤਰ੍ਹਾਂ, ਐਕਟ ਦੀ ਧਾਰਾ 50 (1) ਦੇ ਅਨੁਸਾਰ, ਰਾਜ ਸਰਕਾਰ ਆਪਣੇ ਆਪ ਜਾਂ ਸਵੈ-ਇੱਛਕ ਜਾਂ ਗੈਰ-ਸਰਕਾਰੀ ਸੰਗਠਨਾਂ, ਦੁਆਰਾ ਹਰੇਕ ਜ਼ਿਲ੍ਹੇ ਜਾਂ ਜ਼ਿਲ੍ਹਿਆਂ ਦੇ ਸਮੂਹ ਵਿੱਚ ਬਾਲ ਘਰ ਉਹਨਾਂ ਦੀ ਦੇਖਭਾਲ, ਇਲਾਜ, ਸਿੱਖਿਆ, ਸਿਖਲਾਈ, ਵਿਕਾਸ ਅਤੇ ਮੁੜ ਵਸੇਵੇ ਲਈ ਦੇਖਭਾਲ

[24] ਸੜਕਾਂ ਦੇ ਡਿਜ਼ਾਇਨ ਲਈ ਮੰਨੇ ਜਾਣ ਵਾਲੇ ਵਾਹਨ (ਮਿੰਨੀ ਬੱਸ, ਬੱਸ, 2 ਐਕਸਿਲ, 3 ਐਕਸਿਲ, 4 ਐਕਸਿਲ, 5 ਐਕਸਿਲ, ਓ ਐਸ ਵੀ ਅਤੇ ਟਰੈਕਟਰ) -46227/15=3081.80/2=1540.9 ਕਹਿ ਲਓ 1541 ਵਾਹਨ।

ਅਤੇ ਸੁਰੱਖਿਆ ਦੀ ਲੋੜ ਵਾਲੇ ਬੱਚਿਆਂ ਦੀ ਪਲੇਸਮੈਂਟ ਲਈ ਸਥਾਪਿਤ ਅਤੇ ਸਾਂਭ-ਸੰਭਾਲ ਕਰ ਸਕਦੀ ਹੈ, ਜੋ ਕਿ ਇਸ ਤਰ੍ਹਾਂ ਰਜਿਸਟਰਡ ਹੋਣਗੇ।

ਰਾਜ ਵਿੱਚ ਛੇ ਬਾਲ ਘਰ ਅਤੇ ਚਾਰ ਆਬਜ਼ਰਵੇਸ਼ਨ ਘਰ[25] ਸਨ। ਭਾਰਤ ਸਰਕਾਰ (ਅਕਤੂਬਰ 2014) ਨੇ ਪੰਜਾਬ ਸਰਕਾਰ ਦੇ ਇੱਕ ਪ੍ਰਸਤਾਵ (ਮਈ 2014) ਨੂੰ ਰਾਜ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਵਾਧੂ[26] ਪੰਜ ਬਾਲ ਘਰ ਅਤੇ ਦੋ ਨਿਗਰਾਨੀ ਘਰ (ਮੌਜੂਦਾ ਤੋਂ ਇਲਾਵਾ) ਦੇ ਨਿਰਮਾਣ/ਸਥਾਪਨਾ ਲਈ ਪ੍ਰਵਾਨਗੀ ਦਿੱਤੀ। ਲਾਗਤ ₹ 24.87 ਕਰੋੜ ਕੇਂਦਰ ਅਤੇ ਰਾਜ ਦੁਆਰਾ 75:25 ਦੇ ਅਨੁਪਾਤ (ਕੇਂਦਰ: ₹ 18.65 ਕਰੋੜ ਅਤੇ ਰਾਜ: ₹ 6.22 ਕਰੋੜ) ਦੇ ਅਨੁਪਾਤ ਵਿੱਚ ਭੁਗਤਾਨ ਕੀਤੇ ਜਾਣੀ ਸੀ। ਭਾਰਤ ਸਰਕਾਰ ਨੇ ਇਸ ਉਦੇਸ਼ ਲਈ ਜ਼ਮੀਨ ਦੀ ਪਛਾਣ/ਉਪਲਬਧਤਾ ਬਾਰੇ ਪੰਜਾਬ ਸਰਕਾਰ ਦੁਆਰਾ ਪੁਸ਼ਟੀ ਹੋਣ ਤੇ ਏਕੀਕ੍ਰਿਤ ਬਾਲ ਸੁਰੱਖਿਆ ਯੋਜਨਾ (ਸਕੀਮ) ਦੇ ਤਹਿਤ ਕੇਂਦਰੀ ਸਹਾਇਤਾ (ਜੀ ਆਈ ਏ) ਦੇ 25 *ਪ੍ਰਤੀਸ਼ਤ* ਦੀ ਪਹਿਲੀ ਕਿਸ਼ਤ ਭਾਵ ₹ 4.66 ਕਰੋੜ ਜਾਰੀ ਕੀਤੇ (ਅਕਤੂਬਰ 2014)। ਇਸਦੇ ਵਿਰੁੱਧ, ਪੰਜਾਬ ਸਰਕਾਰ ਨੇ ਸਕੀਮ ਦੇ ਤਹਿਤ ਆਪਣਾ 25 *ਪ੍ਰਤੀਸ਼ਤ* ਹਿੱਸਾ ₹ 1.55 ਕਰੋੜ ਮੁੱਹਈਆ ਕਰਵਾਉਣਾ ਸੀ।

ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ (ਵਿਭਾਗ) ਦੇ ਦਫਤਰ ਵਿੱਚ ਰਿਕਾਰਡਜ਼ ਦੀ ਚੋਣਵੀਂ ਜਾਂਚ ਤੋਂ ਪਤਾ ਲੱਗਾ (ਫਰਵਰੀ 2018) ਕਿ ਪ੍ਰਸਤਾਵ ਨੂੰ ਮਨਜ਼ੂਰੀ ਦੇਣ ਅਤੇ ਭਾਰਤ ਸਰਕਾਰ ਦੁਆਰਾ ਗ੍ਰਾਂਟ ਜਾਰੀ ਕਰਨ ਦੇ ਸਮੇਂ (ਅਕਤੂਬਰ 2014), ਉਚਿਤ ਜ਼ਮੀਨ ਅਸਲ ਵਿੱਚ ਵਿਭਾਗ ਕੋਲ ਬਾਲ ਘਰਾਂ ਅਤੇ ਨਿਗਰਾਨ ਘਰਾਂ ਦੇ ਨਿਰਮਾਣ ਲਈ ਸੱਤ ਜ਼ਿਲ੍ਹਿਆਂ ਵਿੱਚੋਂ ਕਿਸੇ ਕੋਲ ਵੀ ਉਪਲਬਧ ਨਹੀਂ ਸੀ । ਇਸ ਮੰਤਵ ਲਈ ਜ਼ਮੀਨ ਅਲਾਟ ਕਰਨ ਦਾ ਮਾਮਲਾ ਸਬੰਧਤ ਡਿਪਟੀ ਕਮਿਸ਼ਨਰਜ਼ (ਡੀ ਸੀ) ਕੋਲ ਨਵੰਬਰ 2015 ਵਿੱਚ ਭੇਜਿਆ ਗਿਆ ਸੀ ਭਾਵ ਭਾਰਤ ਸਰਕਾਰ ਦੁਆਰਾ ਫੰਡ ਜਾਰੀ ਕੀਤੇ ਜਾਣ ਤੋਂ ਇੱਕ ਸਾਲ ਤੋਂ ਵੱਧ ਸਮੇਂ ਤੋਂ ਬਾਅਦ। ਪੰਜਾਬ ਸਰਕਾਰ ਨੇ ₹ 4.66 ਕਰੋੜ ਦਾ ਕੇਂਦਰੀ ਹਿੱਸਾ ਜਾਰੀ ਕੀਤਾ (ਦਸੰਬਰ 2015), ਜੋ ਕਿ ਵਿਭਾਗ ਨੇ ਜੂਨ 2016 ਵਿੱਚ ਵਾਪਸ ਲੈ ਲਿਆ ਅਤੇ ਪੰਜਾਬ ਵਿੱਤੀ ਨਿਯਮਾਂ (ਖੰਡ-1)[27] ਦੀ ਉਲੰਘਣਾਂ ਕਰਦੇ ਹੋਏ ਬਚਤ ਬੈਂਕ ਖਾਤ[28] ਵਿੱਚ ਰੱਖਿਆ। ਹਾਲਾਂਕਿ, ਫਰਵਰੀ 2017 ਵਿੱਚ ਪੰਜਾਬ ਸਰਕਾਰ ਦੁਆਰਾ ਪ੍ਰਵਾਨਗੀ ਦੇ ਬਾਵਜੂਦ ₹ 1.55 ਕਰੋੜ ਦਾ ਰਾਜ ਦਾ ਹਿੱਸਾ ਜਾਰੀ ਨਹੀਂ ਕੀਤਾ ਗਿਆ ਸੀ। ਇਸ ਦੌਰਾਨ, ਡੀ ਸੀ ਫਾਜ਼ਿਲਕਾ (ਅਪ੍ਰੈਲ 2016) ਨੇ ਨਿਰਮਾਣ ਲਈ ਜ਼ਿਲ੍ਹਾ

---

25 ਛੇ ਬਾਲ ਘਰ: (i) ਜਲੰਧਰ: 100+50 ਲੜਕੀਆਂ (22 ਜ਼ਿਲ੍ਹੇ); (ii) ਬਠਿੰਡਾ: 50 ਲੜਕੇ (07 ਜ਼ਿਲ੍ਹੇ) (iii) ਦੁਸਰਨਾ: 50 ਲੜਕੇ (03 ਜ਼ਿਲ੍ਹੇ); (iv) ਰਾਜਪੁਰਾ 50 ਲੜਕੇ (04 ਜ਼ਿਲ੍ਹੇ); (v) ਗੁਰਦਾਸਪੁਰ: 50 ਲੜਕੇ (03 ਜ਼ਿਲ੍ਹੇ); ਅਤੇ (vi) ਹੁਸ਼ਿਆਰਪੁਰ: 100 ਲੜਕੇ (05 ਜ਼ਿਲ੍ਹੇ)। ਚਾਰ ਨਿਗਰਾਨੀ ਘਰ: (i) ਜਲੰਧਰ: 25 ਲੜਕੀਆਂ (22 ਜ਼ਿਲ੍ਹੇ); (ii) ਹੁਸ਼ਿਆਰਪੁਰ: 50 ਲੜਕੇ (07 ਜ਼ਿਲ੍ਹੇ); (iii) ਫਰੀਦਕੋਟ: 50 ਲੜਕੇ (08 ਜ਼ਿਲ੍ਹੇ); ਅਤੇ (iv) ਲੁਧਿਆਣਾ: 100 ਲੜਕੇ (07 ਜ਼ਿਲ੍ਹੇ)

26 ਬਾਲ ਘਰ: (i) ਫਾਜ਼ਿਲਕਾ (ਲੜਕਿਆਂ ਲਈ); (ii) ਲੁਧਿਆਣਾ (ਲੜਕਿਆਂ ਲਈ); (iii) ਮਾਨਸਾ (ਲੜਕਿਆਂ ਲਈ); (iv) ਐਸ ਬੀ ਐਸ ਨਗਰ (ਲੜਕਿਆਂ ਲਈ); ਅਤੇ (v) ਸੰਗਰੂਰ (ਲੜਕੀਆਂ ਲਈ)। ਨਿਗਰਾਨੀ ਘਰ: (i) ਅੰਮ੍ਰਿਤਸਰ (ਲੜਕੀਆਂ ਲਈ); ਅਤੇ (ii) ਪਟਿਆਲਾ (ਲੜਕਿਆਂ ਲਈ)

27 ਨਿਯਮ 2.10 (ਬੀ) (4 ਅਤੇ 5) ਦੇ ਅਨੁਸਾਰ, ਅਸਲ ਵਿੱਚ ਭੁਗਤਾਨ ਕੀਤੇ ਗਏ ਪੈਸੇ ਕਿਸੇ ਵੀ ਹਾਲਾਤ ਵਿੱਚ ਖਾਤੇ ਤੋਂ ਬਾਹਰ ਇੱਕ ਦਿਨ ਤੋਂ ਜ਼ਿਆਦਾ ਨਹੀਂ ਰੱਖੇ ਜਾਂਦੇ ਅਗਰ ਬਹੁਤ ਹੀ ਜ਼ਰੂਰੀ ਨਾ ਹੋਵੇ। ਖਜ਼ਾਨੇ ਵਿੱਚੋਂ ਕੋਈ ਵੀ ਪੈਸਾ ਕਢਵਾਇਆ ਨਹੀਂ ਜਾਣਾ ਚਾਹੀਦਾ ਜਦੋਂ ਤੱਕ ਕਿ ਇਹ ਤੁਰੰਤ ਵੰਡ ਲਈ ਲੋੜੀਂਦਾ ਨਾਂ ਹੋਵੇ ਜਾਂ ਸਥਾਈ ਪੇਸ਼ਗੀ ਵਿੱਚੋਂ ਪਹਿਲਾਂ ਹੀ ਅਦਾ ਨਾ ਕਰ ਦਿੱਤਾ ਗਿਆ ਹੋਵੇ। ਕੰਮਾਂ ਨੂੰ ਜਿਨ੍ਹਾਂ ਦੇ ਪੂਰਾ ਹੋਣ ਵਿੱਚ ਕਾਫੀ ਸਮਾਂ ਲੱਗਣ ਦੀ ਸੰਭਾਵਨਾ ਹੈ, ਨੇਪਰੇ ਚਾੜ੍ਹਨ ਲਈ ਖਜ਼ਾਨੇ ਤੋਂ ਪੇਸ਼ਗੀ ਲੈਣ ਦੀ ਇਜਾਜ਼ਤ ਨਹੀ ਹੈ ।

28 ਹਾਊਸਿੰਗ ਵਿਕਾਸ ਫਾਈਨਾਂਸ ਕਾਰਪੋਰੇਸ਼ਨ (ਐਚ ਡੀ ਐਫ ਸੀ) ਸੇਵਿੰਗਜ਼ ਬੈਂਕ ਖਾਤਾ ਨੰਬਰ 02131450000310 ।

ਫਾਜ਼ਿਲਕਾ ਦੇ ਪਿੰਡ ਚਵਾਨਰੀਆਂ ਵਾਲੀ ਵਿੱਚ ਇੱਕ ਏਕੜ ਜ਼ਮੀਨ ਬਾਲ ਘਰ ਦੇ ਨਿਰਮਾਣ ਲਈ ਨਿਰਧਾਰਤ ਕੀਤੀ, ਜ਼ਮੀਨ ਦੀ ਅਲਾਟਮੈਂਟ ਦਾ ਮਾਮਲਾ ਰਾਜ ਸਰਕਾਰ ਨਾਲ ਵਿਚਾਰ ਅਧੀਨ ਰਿਹਾ। ਇਸ ਪ੍ਰਕਾਰ, ਜ਼ਮੀਨ ਦੀ ਗੈਰ-ਉਪਲੱਬਧਤਾ ਦੇ ਕਾਰਣ, ਬਾਲ ਘਰਾਂ ਅਤੇ ਨਿਗਰਾਨ ਘਰਾਂ ਦੇ ਨਿਰਮਾਣ ਦਾ ਕੰਮ ਸ਼ੁਰੂ ਨਹੀਂ ਕੀਤਾ ਜਾ ਸਕਿਆ ਅਤੇ ₹ 4.66 ਕਰੋੜ ਦੀ ਰਕਮ ਸਰਕਾਰੀ ਖਜ਼ਾਨੇ ਵਿੱਚ ਵਾਪਸ ਜਮ੍ਹਾਂ ਕਰ ਦਿੱਤੀ ਗਈ (ਅਕਤੂਬਰ 2017)।

ਰਾਜ ਸਰਕਾਰ ਨੇ ਦੱਸਿਆ (ਅਪ੍ਰੈਲ 2019) ਕਿ ਐਕਟ ਦੇ ਤਹਿਤ ਟੀਚੇ ਨੂੰ ਪੂਰਾ ਕਰਨ ਦੇ ਸਾਰੇ ਯਤਨ ਕੀਤੇ ਗਏ ਸਨ, ਪਰ ਉਚਿਤ ਜ਼ਮੀਨ ਦੀ ਅਣਹੋਂਦ ਦੇ ਕਾਰਣ, ਪ੍ਰੋਜੈਕਟ ਸ਼ੁਰੂ ਨਹੀਂ ਹੋ ਸਕਿਆ। ਸਰਕਾਰ ਨੇ ਅੱਗੇ ਸੂਚਿਤ ਕੀਤਾ (ਜੁਲਾਈ 2021) ਕਿ ਫਾਜ਼ਿਲਕਾ, ਸੰਗਰੂਰ ਅਤੇ ਐਸ ਬੀ ਐਸ ਨਗਰ ਵਿੱਚ ਜ਼ਮੀਨਾਂ ਦੀ ਨਿਸ਼ਾਨਦੇਹੀ ਕੀਤੀ ਗਈ ਸੀ ਅਤੇ ਅਗਲੇਰੀ ਕਾਰਵਾਈ[29] ਕੀਤੀ ਜਾ ਰਹੀ ਸੀ। ਦੂਜੇ ਜ਼ਿਲ੍ਹਿਆਂ ਵਿੱਚ ਜ਼ਮੀਨ ਦੀ ਪਛਾਣ ਦਾ ਮਾਮਲਾ ਪ੍ਰਕਿਰਿਆ ਅਧੀਨ ਸੀ। ਸਰਕਾਰ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਪਹਿਲਾਂ, ਵਿਭਾਗ ਨੇ ਪ੍ਰਸਤਾਵ ਨੂੰ ਮਨਜ਼ੂਰ ਕਰਵਾ ਲਿਆ ਅਤੇ ਭਾਰਤ ਸਰਕਾਰ ਤੋਂ ਇਸ ਗਲਤ ਬਿਆਨ ਤੇ ਗ੍ਰਾਂਟ ਜਾਰੀ ਕਰਵਾਉਣ ਲਈ ਕਿ ਇਸ ਮੰਤਵ ਲਈ ਜ਼ਮੀਨ ਜੀ ਓ ਪੀ ਕੋਲ ਉਪਲਬਧ ਹੈ ਅਤੇ ਫਿਰ ਭਾਰਤ ਸਰਕਾਰ ਦੁਆਰਾ ਫੰਡ ਜਾਰੀ ਕੀਤੇ ਜਾਣ ਤੋਂ ਛੇ ਸਾਲ ਤੋਂ ਵੱਧ ਸਮੇਂ ਬਾਅਦ ਵੀ ਰਾਜ ਸਰਕਾਰ ਨਿਸ਼ਚਤ ਜ਼ਿਲ੍ਹਿਆਂ ਵਿੱਚ ਬਾਲ ਘਰਾਂ ਅਤੇ ਨਿਗਰਾਨ ਘਰਾਂ ਦੀ ਉਸਾਰੀ ਲਈ ਉਚਿਤ ਜ਼ਮੀਨ ਪਛਾਣ ਨਹੀਂ ਕਰ ਸਕੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਜਲੰਧਰ ਵਿਖੇ ਇੱਕ ਬਾਲ ਘਰ (ਲੜਕੀਆਂ), ਜਿਸ ਵਿੱਚ ਪੂਰੇ ਰਾਜ ਵਿੱਚ 150 ਲੜਕੀਆਂ ਦੀ ਦੇਖਭਾਲ ਦੀ ਸਮਰੱਥਾ ਹੈ ਅਤੇ ਇੱਕ ਨਿਗਰਾਨ ਘਰ (ਲੜਕੇ) ਜੋ ਹੁਸ਼ਿਆਰਪੁਰ ਵਿੱਚ 50 ਲੜਕਿਆਂ ਦੀ ਸਮਰੱਥਾ ਵਾਲੇ ਸੱਤ ਜ਼ਿਲ੍ਹਿਆਂ[30] ਦੀ ਦੇਖਭਾਲ ਕਰਦਾ ਹੈ, ਇਹਨਾਂ ਵਿੱਚ 2015-2020 ਦੀ ਮਿਆਦ ਦੇ ਦੌਰਾਨ ਬਹੁਤ ਜ਼ਿਆਦਾ ਭੀੜ ਭਰੀ ਰਹੀ ਸੀ। ਇਸ ਤੋਂ ਇਲਾਵਾ, ਕਿਉਂਕਿ ਮੌਜੂਦਾ ਬਾਲ/ਨਿਗਰਾਨ ਘਰ ਰਾਜ ਦੇ 3-22 ਜ਼ਿਲ੍ਹਿਆਂ ਲਈ ਕੰਮ ਕਰ ਰਹੇ ਸਨ, ਬੱਚਿਆਂ/ਕੈਦੀਆਂ ਨੂੰ ਦੇਖਭਾਲ ਅਤੇ ਮੁੜ ਵਸੇਬੇ ਲਈ ਦੂਰ-ਦੁਰਾਡੇ ਤੋਂ ਮੌਜੂਦਾ ਘਰ ਵਿੱਚ ਜਾਣਾ ਪੈਂਦਾ ਸੀ। ਇਸ ਤੋਂ ਇਲਾਵਾ, ਉਪਬੰਧਾਂ ਦੇ ਅਨੁਸਾਰ, ਰਾਜ ਨੂੰ ਲੋੜ ਅਨੁਸਾਰ ਹਰੇਕ ਜ਼ਿਲ੍ਹੇ ਜਾਂ ਜ਼ਿਲ੍ਹਿਆਂ ਦੇ ਸਮੂਹ ਵਿੱਚ ਨਿਗਰਾਨ ਘਰ ਅਤੇ ਬਾਲ ਘਰ ਸਥਾਪਤ ਕਰਨ ਅਤੇ ਸਾਂਭ-ਸੰਭਾਲ ਕਰਨ ਦੀ ਲੋੜ ਸੀ।

ਇਸ ਤਰ੍ਹਾਂ, ਰਾਜ ਸਰਕਾਰ ਦੀ ਢਿੱਲ ਕਾਰਣ, ਕਮਜ਼ੋਰ ਬੱਚਿਆਂ ਨੂੰ ਦੇਖਭਾਲ ਅਤੇ ਮੁੜ ਵਸੇਬੇ ਤੱਕ ਪਹੁੰਚ ਤੋਂ ਵਾਂਝਾ ਕਰ ਦਿੱਤਾ ਗਿਆ ਸੀ।

**ਸਿਫਾਰਸ਼ਃ ਰਾਜ ਸਰਕਾਰ ਰਾਜ ਵਿੱਚ ਲੋੜੀਂਦੇ ਬਾਲ ਘਰਾਂ ਅਤੇ ਨਿਗਰਾਨ ਘਰਾਂ ਦੀ ਸਥਾਪਨਾ ਲਈ ਢੁੱਕਵੀਂ ਜ਼ਮੀਨ ਅਲਾਟ ਕਰੇ ਅਤੇ ਲੋੜੀਂਦੇ ਫੰਡ ਮੁਹੱਈਆ ਕਰਵਾਏ।**

---

29 ਫਾਜ਼ਿਲਕਾਃ ਪ੍ਰਸ਼ਾਸਕੀ ਸ਼ਾਖਾ ਦੁਆਰਾ ਵਿੱਤ ਵਿਭਾਗ ਦੀ ਪ੍ਰਵਾਨਗੀ ਲੈਣ ਲਈ ਫਾਈਲ ਕਾਰਵਾਈ ਅਧੀਨ ਸੀ; ਸੰਗਰੂਰਃ ਪ੍ਰਸ਼ਾਸਕੀ ਪ੍ਰਵਾਨਗੀ ਲਈ ਫਾਈਲ ਕਾਰਵਾਈ ਅਧੀਨ ਸੀ; ਅਤੇ ਐਸ ਬੀ ਐਸ ਨਗਰਃ ਨਿਰਮਾਣ ਚਿੱਤਰ ਅਤੇ ਲਾਗਤ ਅਨੁਮਾਨ ਤਿਆਰ ਕੀਤੇ ਜਾ ਰਹੇ ਸਨ।

30 (i) ਗੁਰਦਾਸਪੁਰ; (ii) ਹੁਸ਼ਿਆਰਪੁਰ; (iii) ਕਪੂਰਥਲਾ; (iv) ਪਠਾਨਕੋਟ; (v) ਰੂਪਨਗਰ; (vi) ਐਸ ਏ ਐਸ ਨਗਰ; ਅਤੇ (vii) ਐਸ ਬੀ ਐਸ ਨਗਰ।

## ਭੂਮੀ ਤੇ ਜਲ ਸੰਭਾਲ ਅਤੇ ਜਲ ਸ੍ਰੋਤ ਵਿਭਾਗ

### 3.5 ਵਿਅਰਥ ਖਰਚ ਅਤੇ ਟਾਲਣਯੋਗ ਨੁਕਸਾਨ

***ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾ ਜ਼ਮੀਨ ਮਾਲਕਾਂ ਦੀ ਸਹਿਮਤੀ ਪ੍ਰਾਪਤ ਕਰਨ ਅਤੇ ਆਊਟਲੈਟ ਦੀ ਪ੍ਰਵਾਨਗੀ ਤੋਂ ਪਹਿਲਾਂ ਲੋੜੀਂਦੇ ਪਾਣੀ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਵਿੱਚ ਵਿਭਾਗਾਂ ਦੀ ਅਸਫਲਤਾ ਦੇ ਨਤੀਜੇ ਵਜੋਂ ₹ 5.33 ਕਰੋੜ ਦੀ ਨਾਕਾਬੰਦੀ ਅਤੇ ₹ 1.25 ਕਰੋੜ ਦਾ ਨੁਕਸਾਨ ਹੋਇਆ।***

ਪੰਜਾਬ ਲੋਕ ਨਿਰਮਾਣ ਵਿਭਾਗ ਕੋਡ ਦੇ ਪੈਰ੍ਹੇ 2.92 ਵਿੱਚ ਇਹ ਵਿਵਸਥਾ ਹੈ ਕਿ ਕੋਈ ਵੀ ਕੰਮ ਉਸ ਜ਼ਮੀਨ ਤੇ ਸ਼ੁਰੂ ਨਹੀਂ ਕੀਤਾ ਜਾਣਾ ਚਾਹੀਦਾ ਜਦੋਂ ਤੱਕ ਰੁਕਾਵਟ-ਰਹਿਤ ਜ਼ਮੀਨ ਨੂੰ ਜ਼ਿੰਮੇਵਾਰ ਸਿਵਲ ਅਫਸਰ ਦੁਆਰਾ ਸੌਂਪਿਆ ਗਿਆ ਨਾ ਹੋਵੇ। ਭੂਮੀ ਅਤੇ ਜਲ ਸੰਭਾਲ ਵਿਭਾਗ (ਵਿਭਾਗ) ਦੇ ਵਰਕਸ ਮੈਨੂਅਲ ਦੀ ਧਾਰਾ ਬੀ (9) ਇਹ ਵਿਵਸਥਾ ਕਰਦੀ ਹੈ ਕਿ ਜਲ ਸ੍ਰੋਤ ਵਿਭਾਗ (ਡੀ ਡਬਲਿਯੂ ਆਰ) ਦੁਆਰਾ ਤਿਆਰ ਕੀਤੀਆਂ ਚੱਕ ਯੋਜਨਾਵਾਂ[31] ਦੇ ਅਧਾਰ ਤੇ ਨਹਿਰੀ ਕਿਨਾਰਿਆਂ ਤੋਂ ਭੂਮੀਗਤ ਪਾਈਪਲਾਈਨ ਪ੍ਰੋਜੈਕਟ ਤਿਆਰ ਕੀਤੇ ਜਾਣੇ ਚਾਹੀਦੇ ਹਨ। ਅੱਗੇ, ਟੈਂਡਰ ਦਸਤਾਵੇਜ਼ਾਂ ਦੀ ਸ਼ਰਤ ਅਨੁਸਾਰ, ਡਿਵੀਜ਼ਨਲ ਸੋਇਲ ਕੰਜਰਵੇਸ਼ਨ ਅਫਸਰ (ਡੀ ਐਸ ਸੀ ਓ) ਕੰਮ ਦਾ ਆਦੇਸ਼ ਜਾਂ ਸਾਈਟ ਦਾ ਕਬਜ਼ਾ ਠੇਕੇਦਾਰ ਨੂੰ ਸੌਂਪਣ ਤੋਂ ਪਹਿਲਾਂ ਸਾਰੀਆਂ ਇਜਾਜ਼ਤਾਂ, ਮਨਜ਼ੂਰੀਆਂ ਆਦਿ ਪ੍ਰਾਪਤ ਕਰੇਗਾ। ਇਸ ਤੋਂ ਇਲਾਵਾ, ਵਿਭਾਗ ਦੇ ਉਕਤ ਕੰਮ ਦੇ ਦਸਤਾਵੇਜ਼ ਦੀ ਧਾਰਾ 11 ਦੇ ਨਾਲ ਪੜ੍ਹੇ ਗਏ ਕੋਡ ਦਾ ਪੈਰ੍ਹਾ 4.7 ਵਿਵਸਥਾ ਕਰਦਾ ਹੈ ਕਿ ਹਰੇਕ ਮਾਪ ਨੂੰ ਮਈਅਰਮੈਂਟ ਬੁੱਕ (ਐਮ ਬੀ) ਵਿੱਚ ਦਰਜ ਕੀਤਾ ਜਾਣਾ ਚਾਹੀਦਾ ਹੈ ਅਤੇ ਕੰਮ ਦੇ ਮਟੀਰੀਅਲ ਐਟ ਸਾਈਟ (ਐਮ ਏ ਐਸ) ਰਜਿਸਟਰ ਵਿੱਚ ਵੀ ਦਰਜ ਕੀਤੀ ਜਾਣੀ ਚਾਹੀਦੀ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ (ਦਸੰਬਰ 2019) ਕਿ ਚੀਫ ਕੰਜਰਵੇਟਰ ਆਫ ਸੋਇਲਜ਼, ਪੰਜਾਬ ਨੇ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਦੇ ਤਹਿਤ ₹ 6.58 ਕਰੋੜ[32] ਵਿੱਚ ਉਲਕ ਨਹਿਰ[33] ਰਿਡੂਸਡ ਡਿਸਟੈਂਸ (ਆਰ ਡੀ 50/ਐਲ) ਤੇ ਸਥਿਤ ਆਉਟਲੈਟ[34] ਤੇ ਭੂਮੀਗਤ ਪਾਈਪਲਾਈਨ (ਯੂ ਜੀ ਪੀ ਐਲ) ਵਿਛਾਉਣ ਦੇ ਇੱਕ ਪ੍ਰੋਜੈਕਟ ਦੀ ਤਕਨੀਕੀ ਮਨਜ਼ੂਰੀ ਦਿੱਤੀ (ਅਕਤੂਬਰ 2016)। ਯੂ ਜੀ ਪੀ ਐਲ ਨੂੰ ਚੂਹਾਰੀਆਂ, ਜੌਰਕੀਆਂ ਅਤੇ ਜਗਤਗੜ੍ਹ ਬਾਂਦਰਾ ਪਿੰਡਾਂ ਨਾਲ ਸਬੰਧਤ ਜ਼ਮੀਨ ਵਿੱਚੋਂ ਲੰਘਣਾ ਸੀ। ਇਸ ਪ੍ਰੋਜੈਕਟ ਦਾ ਮੁੱਖ ਉਦੇਸ਼ ਦੋ ਪਿੰਡਾਂ[35] ਦੇ 273 ਕਿਸਾਨਾਂ[36] ਦੀ 699 ਹੈਕਟੇਅਰ ਜ਼ਮੀਨ ਨੂੰ ਸਿੰਚਾਈ ਸਹੂਲਤ ਮੁਹੱਈਆ ਕਰਵਾਉਣਾ ਅਤੇ ਪਾਣੀ ਦੇ ਨੁਕਸਾਨ ਤੇ ਨਾਲ ਨਾਲ ਸਿੰਚਾਈ ਦੀ ਲੇਬਰ ਲਾਗਤ ਨੂੰ ਘਟਾਉਣਾ ਸੀ। ਮਨਜ਼ੂਰਸ਼ੁਦਾ ਅਨੁਮਾਨ ਦੇ ਅਨੁਸਾਰ ਯੂ ਜੀ ਪੀ ਐਲ

[31] ਉਹ ਯੋਜਨਾਵਾਂ ਜਿਨ੍ਹਾਂ ਵਿੱਚ ਵੱਧ ਤੋਂ ਵੱਧ ਸਿੰਚਾਈ ਵਾਲਾ ਖੇਤਰ, ਖੇਤ ਚੈਨਲ ਦੀ ਲੰਬਾਈ ਅਤੇ ਕਿਸਾਨਾਂ ਦੀ ਸੰਖਿਆ ਦਿਖਾਈ ਜਾਂਦੀ ਹੈ।

[32] ₹ 5.91 ਕਰੋੜ: ਸਰਕਾਰੀ ਹਿੱਸਾ ਅਤੇ ₹ 0.67 ਕਰੋੜ: ਲਾਭਪਾਤਰੀਆਂ ਦਾ ਹਿੱਸਾ।

[33] ਭਾਖੜਾ ਮੇਨ ਲਾਈਨ ਨਹਿਰ ਤੋਂ ਇੱਕ ਛੋਟੀ ਨਹਿਰ ਨਿਕਲਦੀ ਹੈ।

[34] ਇੱਕ ਬਿੰਦੂ ਜਿੱਥੇ ਸਿੰਚਾਈ ਲਈ ਪਾਣੀ ਕੱਢਿਆ ਜਾਂਦਾ ਹੈ।


[35] ਨੰਗਲਾਂ ਅਤੇ ਜੌਰਕੀਆਂ।

[36] ਛੋਟੇ ਕਿਸਾਨ (90), ਸੀਮਾਂਤ (86) ਅਤੇ ਹੋਰ (97)।

ਪ੍ਰੋਜੈਕਟ ਦੇ ਸੰਚਾਲਨ ਲਈ ਆਉਟਲੈਟ ਤੋਂ 5.44 ਕਿਊਸਿਕ ਪਾਣੀ ਦੀ ਜ਼ਰੂਰਤ ਸੀ। ਸੁਪਰਟੈਂਡਿੰਗ ਇੰਜੀਨੀਅਰ, ਡੀ ਡਬਲਿਯੂ ਆਰ (ਐਸ ਈ) ਨੇ ਕਾਰਜਕਾਰੀ ਇੰਜੀਨੀਅਰ (ਈ ਈ), ਡੀ ਡਬਲਿਯੂ ਆਰ, ਮਾਨਸਾ ਦੀ ਸਿਫਾਰਸ਼ ਤੇ ਆਉਟਲੈਟ ਨੂੰ ਪ੍ਰਵਾਨਗੀ ਦਿੱਤੀ (ਅਗਸਤ 2014)।

ਡੀ ਐਸ ਸੀ ਓ, ਬਠਿੰਡਾ (ਦਸੰਬਰ 2019) ਦੇ ਦਫਤਰ ਵਿੱਚ ਰਿਕਾਰਡਜ਼ ਦੀ ਲੇਖਾ ਪ੍ਰੀਖਿਆ ਤੋਂ ਇਹ ਗੱਲ ਸਾਹਮਣੇ ਆਈ ਕਿ ਡੀ ਐਸ ਸੀ ਓ ਨੇ ਜ਼ਮੀਨ ਦੇ ਮਾਲਕਾਂ ਤੋਂ ਸਾਈਟ ਦੀ ਉਪਲੱਬਧਤਾ ਅਤੇ ਸਹਿਮਤੀ ਨੂੰ ਯਕੀਨੀ ਬਣਾਏ ਬਿਨਾਂ ₹ 6.58 ਕਰੋੜ ਵਿੱਚ ਇੱਕ ਠੇਕੇਦਾਰ ਨੂੰ ਕੰਮ ਅਲਾਟ (ਨਵੰਬਰ 2016) ਕੀਤਾ। ਇਹ ਕੰਮ ਮਾਰਚ 2017 ਤੱਕ ਮੁਕੰਮਲ ਹੋਣਾ ਸੀ। ਡੀ ਐਸ ਸੀ ਓ ਨੂੰ ਇਸ ਪ੍ਰੋਜੈਕਟ ਲਈ ਸਤੰਬਰ ਤੋ ਨਵੰਬਰ 2016 ਦੌਰਾਨ ₹ 6.58 ਕਰੋੜ ਪ੍ਰਾਪਤ ਹੋਏ ਸਨ। ਠੇਕੇਦਾਰ ਨੇ ਪਾਈਪਾਂ ਦੀ ਸਪਲਾਈ ਲਈ ₹ 6.53 ਕਰੋੜ ਦਾ ਬਿੱਲ ਪੇਸ਼ ਕੀਤਾ (ਦਸੰਬਰ 2016) ਅਤੇ ਟੈਂਡਰ ਦਸਤਾਵੇਜ਼ ਦੀ ਧਾਰਾ 11[37] ਅਧੀਨ ਪੇਸ਼ਗੀ ਅਦਾਇਗੀ ਲਈ ਬੇਨਤੀ ਕੀਤੀ। ਇਸ ਅਨੁਸਾਰ, ਡੀ ਐਸ ਸੀ ਓ ਨੇ ਇਕਰਾਰਨਾਮੇਂ ਦੀਆਂ ਸ਼ਰਤਾਂ ਅਨੁਸਾਰ ₹ ਪੰਜ ਕਰੋੜ[38] ਦੀ ਪੇਸ਼ਗੀ ਜਾਰੀ ਕੀਤੀ ਜੋ ਕਿ ₹ 3.94 ਕਰੋੜ (₹ 6.58 ਕਰੋੜ ਦੀ ਭਾਵ ਅਨੁਮਾਨਤ ਲਾਗਤ ਦਾ 60 *ਪ੍ਰਤੀਸ਼ਤ*) ਦੀ ਮਨਜ਼ੂਰੀ ਸੀਮਾ ਤੋਂ ਵੱਧ ਸੀ। ਅੱਗੇ ਇਹ ਦੇਖਿਆ ਗਿਆ ਸੀ ਕਿ ਠੇਕੇਦਾਰ ਨੂੰ ਐਮ ਬੀ ਅਤੇ ਐਮ ਏ ਐਸ ਰਜਿਸਟਰ ਵਿੱਚ ਰਿਕਾਰਡ ਐਂਟਰੀ ਕੀਤੇ ਬਿਨਾਂ ਪੇਸ਼ਗੀ ਅਦਾਇਗੀ ਜਾਰੀ ਕੀਤੀ ਗਈ ਸੀ ਅਤੇ ਮਟੀਰੀਅਲ ਚਾਰ ਪਿੰਡਾਂ[39] ਦੀਆ ਸੱਤ ਵੱਖ ਵੱਖ ਥਾਵਾਂ ਤੇ ਪਇਆ ਸੀ।


**ਨੰਗਲਾ ਪਿੰਡ ਵਿੱਚ ਵਿਛਾਈ ਗਈ ਪਾਈਪਾਂ**


**ਚੁਹਰੀਆਂ ਪਿੰਡ ਵਿੱਚ ਵਿਛਾਈ ਗਈ ਪਾਈਪਾਂ**

ਕੰਮ ਦੇ ਚਲਦਿਆਂ ਦੂਜੇ ਪਿੰਡਾਂ[40] ਦੇ ਵਸਨੀਕਾਂ ਨੇ ਇਤਰਾਜ਼ ਉਠਾਏ ਸਨ ਅਤੇ ਠੇਕੇਦਾਰ ਨੂੰ ਕੰਮ ਬੰਦ ਕਰਨਾ ਪਇਆ ਸੀ (ਨਵੰਬਰ 2017)। ਇਸ ਦੌਰਾਨ, ਪਿੰਡ ਚੁਹਾਰੀਆਂ ਦੇ ਜ਼ਮੀਨ ਮਾਲਕਾਂ ਦੁਆਰਾ 2017 ਅਤੇ 2018 ਦੇ ਦੌਰਾਨ ਵਿਭਾਗ ਦੇ ਵਿਰੁੱਧ ਉਨ੍ਹਾਂ ਦੀ ਜ਼ਮੀਨ ਦੀ ਯੂ ਜੀ ਪੀ ਐਲ ਲਈ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਅਣ-ਅਧਿਕਾਰਤ ਵਰਤੋਂ ਕਰਨ ਦੇ ਲਈ ਤਿੰਨ ਅਦਾਲਤੀ

37 ਠੇਕੇਦਾਰ ਸਪਲਾਈ ਕੀਤੀ ਗਈ ਸਮਗਰੀ ਦੇ ਵਿਰੁੱਧ, ਪ੍ਰੋਜੈਕਟ ਦੀ ਅਨੁਮਾਨਤ ਲਾਗਤ ਦੇ ਵੱਧ ਤੋਂ ਵੱਧ 60 *ਪ੍ਰਤੀਸ਼ਤ* ਦੇ ਅਧੀਨ, ਬਿੱਲ/ਬਿੱਲ ਜਮ੍ਹਾਂ ਕਰਾਉਣ ਤੇ ਪੇਸ਼ਗੀ ਭੁਗਤਾਨ ਦਾ ਹੱਕਦਾਰ ਸੀ।

38 ₹ ਚਾਰ ਕਰੋੜ: ਦਸੰਬਰ 2016 ਅਤੇ ₹ ਇੱਕ ਕਰੋੜ: ਮਾਰਚ 2017।

39 (i) ਜਗਤਗੜ੍ਹ ਬਾਂਦਰਾ, (ii) ਚੁਹਾਰੀਆਂ, (iii) ਜੌਰਕੀਆਂ ਅਤੇ (iv) ਨੰਗਲਾ।

40 ਚੁਹਾਰੀਆਂ, ਜੌਰਕੀਆਂ ਅਤੇ ਜਗਤਗੜ੍ਹ ਬਾਂਦਰਾ।

ਮਾਮਲੇ ਦਾਇਰ ਕੀਤੇ ਗਏ ਸਨ ਅਤੇ ਲਾਭਪਾਤਰੀ ਪਿੰਡ[41] ਦੁਆਰਾ 2018 ਵਿੱਚ ਕੰਮ ਨਾ ਕਰਨ ਦੇ ਲਈ ਇੱਕ ਕੋਰਟ ਕੇਸ ਦਾਇਰ ਕੀਤਾ ਗਿਆ ਸੀ। ਆਊਟਲੈਟ ਦੀ ਮਨਜ਼ੂਰੀ ਦੇ ਵਿਰੁੱਧ ਇੱਕ ਹੋਰ ਕੇਸ 2017 ਵਿੱਚ ਗ੍ਰਾਮ ਪੰਚਾਇਤ ਚੁਹਾਰੀਆਂ ਦੁਆਰਾ ਐਸ ਈ ਦੇ ਕੋਲ ਦਾਇਰ ਕੀਤਾ ਗਿਆ ਸੀ, ਜਿਸ ਦੇ ਵਿਰੁੱਧ ਐਸ ਈ ਨੇ ਯਥਾਸਥਿਤੀ ਦਾ ਹੁਕਮ (ਨਵੰਬਰ 2017) ਦਿੱਤਾ ਸੀ। ਐਸ ਈ ਨੇ ਵਿਸਥਾਰ ਵਿੱਚ ਮਾਮਲੇ ਦਾ ਮੁੜ ਮੁਲਾਂਕਣ ਕੀਤਾ ਅਤੇ ਕਿਹਾ ਕਿ ਅਗਸਤ 2014 ਵਿੱਚ ਦਿੱਤੀ ਗਈ ਆਊਟਲੈਟ ਦੀ ਮਨਜ਼ੂਰੀ ਕ੍ਰਮ ਵਿੱਚ ਨਹੀਂ ਸੀ ਅਤੇ ਈ ਈ, ਮਾਨਸਾ ਡਿਵੀਜ਼ਨ ਨੂੰ ਮਾਮਲੇ ਦੇ ਤਕਨੀਕੀ ਮੁਲਾਂਕਣ ਲਈ ਨਿਰਦੇਸ਼ ਜਾਰੀ ਕੀਤੇ (ਫਰਵਰੀ 2020)। ਉਲਕ ਨਹਿਰ ਦੇ ਆਰ ਡੀ 50/ਐਲ ਦੇ ਆਊਟਲੈਟ ਦੀ ਨਵੀਨਤਮ ਪ੍ਰਵਾਨਗੀ ਡੀ ਡਬਲਿਊ ਆਰ ਨਾਲ ਅਜੇ ਬਾਕੀ ਸੀ (ਫਰਵਰੀ 2021)। ਡੀ ਡਬਲਿਯੂ ਆਰ ਨੇ ਸਪੱਸ਼ਟ ਕੀਤਾ (ਫਰਵਰੀ 2021) ਕਿ ਵਿਭਾਗ ਦੁਆਰਾ ਪਹਿਲਾਂ ਹੀ ਖਰੀਦੀਆਂ ਗਈਆਂ ਭੂਮੀਗਤ ਪਾਈਪਾਂ ਦੀ ਡਿਸਚਾਰਜ ਸਮਰੱਥਾ 4.99 ਕਿਊਸਿਕ ਪਾਣੀ ਸੀ ਪਰ ਇਸ ਆਊਟਲੈਟ ਤੋਂ ਉਲਕ ਨਹਿਰ ਦੇ ਸਿਰ ਤੋਂ ਸਿਰਫ 3.35 ਕਿਊਸਿਕ ਪਾਣੀ ਹੀ ਜਾ ਸਕਦਾ ਹੈ ਅਤੇ ਬਕਾਇਆ ਪਾਣੀ ਲਈ, ਹਰਿਆਣਾ ਸਰਕਾਰ ਤੋਂ ਐਨ ਓ ਸੀ ਦੀ ਲੋੜ ਸੀ ਕਿਉਂਕਿ, ਭਾਖੜਾ ਮੇਨ ਨਹਿਰ ਇੱਕ ਅੰਤਰਰਾਜੀ ਨਹਿਰ ਸੀ। ਵਿਭਾਗ ਨੇ ਇਹ ਵੀ ਦੱਸਿਆ (ਫਰਵਰੀ 2021) ਕਿ 500 ਐਮ ਐਮ ਡਾਇਆਮੀਟਰ ਵਾਲੀਆਂ ਪਾਈਪਾਂ ਦੀ ਵਰਤੋਂ ਸਿਰਫ 4.99 ਕਿਉਂਸਿਕ ਪਾਣੀ ਦੀ ਨਿਕਾਸੀ ਸਮਰੱਥਾ ਲਈ ਕੀਤੀ ਜਾ ਸਕਦੀ ਹੈ ਅਤੇ 3.35 ਕਿਊਸਿਕ ਪਾਣੀ ਦੇ ਨਿਕਾਸ ਦੇ ਵਿਰੁੱਧ ਉਨ੍ਹਾਂ ਦੀ ਵਰਤੋਂ ਸੰਭਵ/ਵਿਵਹਾਰਕ ਨਹੀਂ ਸੀ। ਇਸ ਤਰ੍ਹਾਂ, ਵਿਭਾਗ ਨੇ ਤਕਨੀਕੀ ਮਨਜ਼ੂਰੀ ਤੋਂ ਪਹਿਲਾਂ ਤੱਥਾਂ ਜਿਵੇਂ ਕਿ ਜ਼ਮੀਨ ਮਾਲਕਾਂ ਦੀ ਸਹਿਮਤੀ ਅਤੇ ਪਾਣੀ ਦੀ ਉਪਲਬਧਤਾ ਨੂੰ ਯਕੀਨੀ ਨਹੀਂ ਬਣਾਇਆ ਸੀ।

ਵਿਭਾਗ ਨੇ ਮੰਨਿਆ ਅਤੇ ਕਿਹਾ (ਅਪ੍ਰੈਲ 2021) ਕਿ ਸਬੰਧਤ ਡੀ ਐਸ ਸੀ ਓ ਉੱਤੇ ਠੇਕੇਦਾਰ ਨੂੰ ਨਾ ਮੰਨਣਯੋਗ ਪੇਸ਼ਗੀ ਮੁਹੱਈਆ ਕਰਵਾਉਣ ਲਈ ਜੁਰਮਾਨਾ ਲਗਾਇਆ ਗਿਆ ਸੀ ਅਤੇ ਪਿੰਡ ਵਾਸੀਆਂ ਵੱਲੋਂ ਇਤਰਾਜ਼ ਕੀਤੇ ਜਾਣ ਅਤੇ ਜਲ ਸਰੋਤ ਵਿਭਾਗ ਦੁਆਰਾ ਆਊਟਲੈਟ ਦੀ ਮਨਜ਼ੂਰੀ ਨਾ ਦਿੱਤੇ ਜਾਣ ਕਾਰਨ ਕੰਮ ਅਜੇ ਵੀ ਅਧੂਰਾ ਸੀ।

ਇਸ ਲਈ, ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਭੂਮੀ ਮਾਲਕਾਂ ਦੀ ਸਹਿਮਤੀ ਪ੍ਰਾਪਤ ਕਰਨ ਅਤੇ ਨਹਿਰ ਵਿੱਚ ਲੋੜੀਂਦੇ ਪਾਣੀ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਣ ਵਿੱਚ ਵਿਭਾਗਾਂ[42] ਦੀ ਅਸਫਲਤਾ ਦੇ ਕਾਰਨ ₹ 5.33 ਕਰੋੜ ਦੀ ਨਾਕਾਬੰਦੀ ਹੋਈ ਅਤੇ ₹ 1.25 ਕਰੋੜ (ਕੁੱਲ ₹ 6.58 ਕਰੋੜ)[43] ਅੰਦੋਲਨਕਾਰੀ ਲੋਕਾਂ ਦੁਆਰਾ ਪਾਈਪਾਂ ਨੂੰ ਸਾੜਨ ਦੇ ਨਾਲ ਨਾਲ ਚਾਹਵਾਨ ਕਿਸਾਨਾਂ ਨੂੰ ਸਿੰਚਾਈ ਸਹੂਲਤ ਤੋਂ ਵਾਂਝਿਆਂ ਰੱਖਿਆ ਗਿਆ।

---

41 ਨੰਗਲਾ।

42 (i) ਭੂਮੀ ਅਤੇ ਜਲ ਸੰਭਾਲ ਵਿਭਾਗ; ਅਤੇ (ii) ਜਲ ਸਰੋਤ ਵਿਭਾਗ।

43 ₹ 1.58 ਕਰੋੜ: ਵਿਭਾਗ ਕੋਲ ਪਈਆਂ ਅਤੇ ₹ 3.75 ਕਰੋੜ: ਵਖਰੀਆਂ ਸਾਇਟਾਂ ਤੇ ਪਈਆਂ ਪਾਇਪਾਂ ਅਤੇ ₹ 1.25 ਕਰੋੜ ਦੀ ਲਾਗਤ ਵਾਲੀਆਂ ਪਾਈਪਾਂ ਸੜ ਗਈਆਂ।

ਇਹ ਮਾਮਲਾ ਫਰਵਰੀ 2021 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਜਵਾਬ ਦੀ ਉਡੀਕ ਸੀ (ਜੁਲਾਈ 2021)।

**ਸਿਫਾਰਿਸ਼: ਜਲ ਸ੍ਰੋਤ ਵਿਭਾਗ ਨੂੰ ਸਬੰਧਤ ਅਧਿਕਾਰੀ ਦੀ ਜ਼ਿੰਮੇਵਾਰੀ ਤੈਅ ਕਰਨੀ ਚਾਹੀਦੀ ਹੈ ਜਿਸ ਨੇ ਨਹਿਰ ਵਿੱਚ ਪਾਣੀ ਦੀ ਉਪਲਬਧਤਾ ਨੂੰ ਯਕੀਨੀ ਬਣਾਏ ਬਿਨ੍ਹਾਂ ਆਊਟਲੈਟ ਨੂੰ ਪ੍ਰਵਾਨਗੀ ਦਿੱਤੀ ਹੈ ਅਤੇ ਭੂਮੀ ਅਤੇ ਜਲ ਸੰਭਾਲ ਵਿਭਾਗ ਨੂੰ ਵੀ ਭੂਮੀ ਮਾਲਕਾਂ ਦੀ ਸਹਿਮਤੀ ਪ੍ਰਾਪਤ ਨਾ ਕਰਨ ਕਰਕੇ ਰੁਕਾਵਟ ਰਹਿਤ ਸਾਈਟ ਨੂੰ ਯਕੀਨੀ ਨਾ ਬਣਾਏ ਜਾਣ ਤੇ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਹੈ।**

## ਜਲ ਸ੍ਰੋਤ ਵਿਭਾਗ

## 3.6 ਸਥਿਰ ਖਰਚਿਆਂ ਦਾ ਟਾਲਣਯੋਗ ਭੁਗਤਾਨ

***ਕਨੈਕਟਿਡ ਲੋਡ ਵਿੱਚ ਕਮੀ ਦੀ ਪ੍ਰੀਕ੍ਰਿਆ ਦੇਰੀ ਨਾਲ ਸ਼ੁਰੂ ਕਰਨ ਦੇ ਨਾਲ ਨਾਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਦੇਰੀ ਦੇ ਨਤੀਜੇ ਵਜੋਂ ₹2.69 ਕਰੋੜ ਦੇ ਟਾਲਣਯੋਗ ਸਥਿਰ ਖਰਚਿਆਂ ਦਾ ਭੁਗਤਾਨ ਹੋਇਆ।***

ਪੰਜਾਬ ਵਿੱਤੀ ਨਿਯਮ (ਪੀ ਐਫ ਆਰ), ਖੰਡ-1 ਦਾ ਨਿਯਮ 2.10 (ਏ) (1) ਇਹ ਵਿਵਸਥਾ ਕਰਦਾ ਹੈ ਕਿ ਰਾਜ ਦੇ ਰੈਵੀਨਿਊ ਤੋਂ ਖਰਚ ਕਰਨ ਜਾਂ ਮਨਜ਼ੂਰੀ ਦੇਣ ਵਾਲੇ ਹਰ ਸਰਕਾਰੀ ਕਰਮਚਾਰੀ ਨੂੰ ਵਿੱਤੀ ਉਚਿੱਤਤਾ ਦੇ ਉੱਚੇ ਮਿਆਰਾਂ ਦੀ ਪਾਲਣਾ ਹੋਣੀ ਚਾਹੀਦੀ ਹੈ। ਨਿਯਮ ਅੱਗੇ ਇਹ ਵੀ ਵਿਵਸਥਾ ਕਰਦਾ ਹੈ ਕਿ ਹਰ ਸਰਕਾਰੀ ਕਰਮਚਾਰੀ ਤੋਂ ਸਾਰਵਜਨਿਕ ਧਨ ਦੇ ਖਰਚ ਦੇ ਸਬੰਧ ਵਿੱਚ ਉਹੀ ਚੌਕਸੀ ਵਰਤਣ ਦੀ ਉਮੀਦ ਕੀਤੀ ਜਾਂਦੀ ਹੈ ਜਿਵੇਂ ਕਿ ਇੱਕ ਆਮ ਸੂਝਵਾਨ ਵਿਅਕਤੀ ਆਪਣੇ ਪੈਸੇ ਦੇ ਖਰਚ ਦੇ ਸਬੰਧ ਵਿੱਚ ਵਰਤੇਗਾ।

ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਮਿਸ਼ਨ) ਨੇ 2017-18 ਤੋਂ ਲਾਗੂ ਸਥਿਰ ਖਰਚੇ ਅਤੇ ਊਰਜਾ ਖਰਚਿਆਂ ਦੇ ਨਾਲ ਦੋ ਭਾਗ ਟੈਰਿਫ ਢਾਂਚੇ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ (ਨਵੰਬਰ 2017)। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐਸ ਪੀ ਸੀ ਐਲ) ਨੂੰ ਕਮਿਸ਼ਨ ਦੁਆਰਾ ਨਿਰਧਾਰਤ ਟੈਰਿਫ ਪ੍ਰਕਾਸ਼ਿਤ ਕਰਨ ਅਤੇ ਵਿਆਪਕ ਪ੍ਰਚਾਰ ਦੇਣ ਦੇ ਨਿਰਦੇਸ਼ ਦਿੱਤੇ ਗਏ ਸਨ। ਇਸ ਅਨੁਸਾਰ, ਪੀ ਐਸ ਪੀ ਸੀ ਐਲ ਨੇ ਸਾਲ ਦੇ ਲਈ ਟੈਰਿਫ ਢਾਂਚੇ ਦਾ ਵੇਰਵਾ ਦਿੰਦੇ ਹੋਏ 10 ਨਵੰਬਰ 2017 ਨੂੰ ਸਾਲ 2017-18 ਲਈ ਇੱਕ ਸਰਕੂਲਰ ਜਾਰੀ ਕੀਤਾ। ਇਸ ਸਰਕੂਲਰ ਦੇ ਅਨੁਸਾਰ, 01.01.2018 ਤੋਂ 31.03.2018 ਤੱਕ ਸਥਿਰ ਖਰਚੇ[44] ਲਗਾਏ ਗਏ ਸਨ ਅਤੇ ਸਾਲ 2018-19 ਲਈ ਅੱਗੇ ਹੋਰ ਸੋਧ ਕੀਤੀ ਗਈ ਸੀ।

---

44 2500 ਕੇ ਵੀ ਏ ਤੋਂ ਉੱਪਰ ਕਨੈਕਟ ਕੀਤੇ ਲੋਡ ਲਈ ਸਥਿਰ ਖਰਚੇ 31 ਮਾਰਚ 2018 ਤੱਕ ₹ 230/ਕੇ ਵੀ ਏ ਐਚ ਦੀ ਦਰ ਤੇ ਸਨ ਜੋ 1 ਅਪ੍ਰੈਲ 2018 ਤੋਂ 30 ਜੂਨ 2018 ਦੀ ਮਿਆਦ ਲਈ ਅਤੇ ਸਤੰਬਰ 2018 ਦੇ ਮਹੀਨੇ ਲਈ ₹ 240/ ਕੇ ਵੀ ਏ ਐਚ ਅਤੇ 1 ਜੁਲਾਈ 2018 ਤੋਂ 31 ਅਗਸਤ 2018 ਦੀ ਸਮੇਂ ਲਈ ਕੇ ਵੀ ਏ ਐਚ ₹ 248/ਰੁਪਏ ਤੱਕ ਸੋਧੇ ਗਏ ਸਨ।

ਵਿੱਤੀ ਸਲਾਹਕਾਰ ਕਮ-ਚੀਫ ਅਕਾਊਂਟਸ ਅਫਸਰ (ਐਫ ਏ ਅਤੇ ਸੀ ਏ ਓ), ਰਣਜੀਤ ਸਾਗਰ ਡੈਮ (ਆਰ ਐਸ ਡੀ) ਦੇ ਰਿਕਾਰਡ ਤੋਂ ਲੇਖਾ ਪ੍ਰੀਖਿਆ ਨੇ ਦੇਖਿਆ (ਨਵੰਬਰ 2018) ਕਿ 34,247 ਕਿਲੋਵਾਟ ਅੰਪੀਅਰ ਘੰਟਾ (ਕੇ ਡਬਲਿਯੂ ਏ ਐਚ[45]) ਦੀ ਉਚ ਲੋਡ ਵੱਧ ਮੰਗ ਜਾਂ 24,175 ਕਿਲੋ ਵੋਲਟ ਅੰਪੀਅਰ ਆਵਰ (ਕੇ ਵੀ ਏ ਐਚ[46]) ਇਸ ਪ੍ਰੋਜੈਕਟ ਦੇ ਨਿਰਮਾਣ ਦੌਰਾਨ ਰਣਜੀਤ ਸਾਗਰ ਡੈਮ (ਆਰ ਐਸ ਡੀ) ਲਈ ਲੋੜੀਂਦਾ ਸੀ ਜੋ 2001 ਵਿੱਚ ਪੂਰਾ ਹੋਇਆ ਸੀ। ਇਸ ਤੋਂ ਬਾਅਦ, ਸਿਰਫ ਸੰਚਾਲਨ ਅਤੇ ਰੱਖ ਰਖਾਵ ਦੇ ਕੰਮ ਕੀਤੇ ਜਾਣੇ ਸਨ। ਇਸ ਲਈ ਲੋੜੀਂਦਾ ਲੋਡ ਘੱਟ ਜਾਣਾ ਸੀ। ਇਸ ਤੋਂ ਇਲਾਵਾ, ਕਮਿਸ਼ਨਰ ਦੇ ਆਦੇਸ਼ਾਂ (ਨਵੰਬਰ 2017) ਦੇ ਮੱਦੇਨਜ਼ਰ ਊਰਜ਼ਾ ਲੋਡ ਨੂੰ ਮੁੜ ਤੈਅ ਕਰਨ ਦੀ ਲੋੜ ਸੀ ਤਾਂ ਜੋ ਮੌਜੂਦਾ ਲੋੜੀਂਦੇ ਊਰਜਾ ਲੋਡ ਦੇ ਅਨੁਸਾਰ ਸਥਿਰ ਖਰਚੇ ਦਾ ਬੋਝ ਘਟਾਇਆ ਜਾ ਸਕੇ। ਵਿਭਾਗ ਨੇ ਇਹ ਪ੍ਰਕਿਰਿਆ ਸਰਕੂਲਰ ਜਾਰੀ ਕਰਨ ਉਪਰੰਤ ਤੁਰੰਤ ਸ਼ੁਰੂ ਨਹੀਂ ਕੀਤੀ। ਮੁੱਖ ਨਿਰਦੇਸ਼ਕ (ਆਰ ਐਸ ਡੀ) ਨੇ ਪ੍ਰੋਜੈਕਟ ਦੇ ਸਾਰੇ ਇੰਜੀਨੀਅਰਾਂ ਨਾਲ ਹੋਈ ਮੀਟਿੰਗ ਵਿੱਚ ਫੈਸਲਾ ਕੀਤਾ (ਮਈ 2018) ਕਿ ਮੌਜੂਦਾ ਸਮੇਂ ਦੇ ਮੱਦੇਨਜ਼ਰ ਇੱਕ ਕਨੈਕਟਿਡ ਬਿਜਲੀ ਦਾ ਲੋਡ 24,175 ਕੇ ਵੀ ਏ ਐਚ ਤੋਂ ਘਟਾ ਦੇ 8,500 ਕੇ ਵੀ ਏ ਐਚ ਕਰਨ ਦੀ ਜ਼ਰੂਰਤ ਹੈ। ਇਸ ਤੋਂ ਬਾਅਦ, ਲੋਡ ਘਟਾਉਣ ਦੀ ਬੇਨਤੀ ਮਈ 2018 ਵਿੱਚ ਪੀ ਐਸ ਪੀ ਸੀ ਐਲ ਨੂੰ ਭੇਜੀ ਗਈ ਸੀ, ਜੋ ਕਿ ਖਾਰਜ ਕਰ ਦਿੱਤੀ ਗਈ ਸੀ ਕਿ ਅਰਜ਼ੀ ਵਿੱਚ ਸਾਰੇ ਬਿਜਲੀ ਉਪਕਰਣਾਂ, ਮਸ਼ੀਨਰੀ ਅਤੇ ਮੋਟਰਾਂ ਆਦਿ ਦੇ ਪੂਰੇ ਵੇਰਵੇ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ। ਵਿਭਾਗ ਨੇ ਵੇਰਵਿਆਂ ਨੂੰ ਸੋਧਣ ਵਿੱਚ ਹੋਰ ਚਾਰ ਮਹੀਨੇ ਲਏ ਅਤੇ 24,175 ਕੇ ਵੀ ਏ ਐਚ ਤੋਂ 8,500 ਕੇ ਵੀ ਏ ਐਚ ਦੇ ਸੋਧੇ ਹੋਏ ਲੋਡ ਲਈ ਮਾਮਲਾ 26 ਸਤੰਬਰ 2018 ਨੂੰ ਦਬਾਰਾ ਪੇਸ਼ ਕੀਤਾ ਗਿਆ ਅਤੇ 8,500 ਕੇ ਵੀ ਏ ਐਚ ਦੇ ਸੋਧੇ ਹੋਏ ਲੋਡ ਨੂੰ ਪ੍ਰਵਾਨਗੀ ਦਿੱਤੀ ਗਈ (ਅਕਤੂਬਰ 2018)। ਨਤੀਜੇ ਵਜੋਂ ਜਨਵਰੀ 2018 ਤੋਂ ਸਤੰਬਰ 2018 ਤਕ ਦੇ ਸਮੇਂ ਲਈ ₹ 1.46 ਕਰੋੜ ਦੇ ਮੁਕਾਬਲੇ ₹ 4.15 ਕਰੋੜ ਦੀ ਅਦਾਇਗੀ ਕੀਤੀ ਗਈ ਸੀ।

ਵਿਭਾਗ ਨੇ ਦੱਸਿਆ (ਜੂਨ 2019) ਕਿ ਜਨਵਰੀ 2018 ਤੋਂ ਕਨੈਕਟ ਕੀਤੇ ਲੋਡ ਤੇ ਸਥਿਰ ਖਰਚੇ ਲਗਾਏ ਜਾਣ ਤੋਂ ਬਾਅਦ, ਅਸਲ ਲੋੜਾਂ ਅਨੁਸਾਰ ਕਨੈਕਟ ਕੀਤੇ ਲੋਡ ਨੂੰ ਘਟਾਉਣ ਲਈ ਇਹ ਮਾਮਲਾ 28 ਮਈ 2018 ਨੂੰ ਪੀ ਐਸ ਪੀ ਸੀ ਐਲ ਕੋਲ ਉਠਾਇਆ ਗਿਆ ਸੀ। ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਵਿਭਾਗ ਨੇ ਨਿਰਦੇਸ਼ ਜਾਰੀ ਕਰਨ ਦੀ ਮਿਤੀ ਤੋਂ ਲਗਭਗ ਪੰਜ ਮਹੀਨਿਆਂ ਬਾਅਦ ਕਨੈਕਟ ਕੀਤੇ ਲੋਡ ਵਿੱਚ ਕਮੀ ਲਈ ਮਾਮਲਾ ਸ਼ੁਰੂ ਕੀਤਾ ਸੀ। ਇਸ ਤੋਂ ਇਲਾਵਾ, ਵਿਭਾਗ ਨੇ ਪੀ ਐਸ ਪੀ ਸੀ ਐਲ ਨੂੰ ਕਨੈਕਟ ਕੀਤੇ ਲੋਡ ਜ਼ਰੂਰਤਾਂ ਬਾਰੇ ਪੂਰਾ ਡਾਟਾ ਮੁਹੱਈਆ ਕਰਵਾਉਣ ਵਿੱਚ ਚਾਰ ਮਹੀਨਿਆਂ ਦਾ ਹੋਰ ਸਮਾਂ ਲਾਇਆ, ਜਿਸ ਕਾਰਣ ਸਤੰਬਰ 2018 ਤੱਕ ₹ 2.69 ਕਰੋੜ ਦੀ ਟਾਲਣਯੋਗ ਅਦਾਇਗੀ ਕੀਤੀ ਗਈ ਸੀ ***(ਅੰਤਿਕਾ 3.1)***।

ਇਸ ਤਰ੍ਹਾਂ, ਵਿਭਾਗ ਦੁਆਰਾ ਕਨੈਕਟ ਕੀਤੇ ਲੋਡ ਵਿੱਚ ਕਮੀ ਅਤੇ ਪੀ ਐਸ ਪੀ ਸੀ ਐਲ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਦੇਰੀ ਕਰਕੇ ਵਿਭਾਗ ਦੀ ਢਿੱਲ ਦੇ ਨਤੀਜੇ ਵਜੋਂ ₹ 2.69 ਕਰੋੜ ਦੀ ਬਚਣਯੋਗ ਅਦਾਇਗੀ ਕੀਤੀ ਗਈ।

---

45 ਕੇ ਡਬਲਿਯੂ ਏ ਐਚ ਦਾ ਅਰਥ ਹੈ ਕਿਰਿਆਸ਼ੀਲ ਊਰਜਾ ਦੀ ਖਪਤ ਦੀ ਇਕਾਈ।

46 ਕੇ ਵੀ ਏ ਐਚ ਦਾ ਅਰਥ ਹੈ ਕਿ ਕੁੱਲ ਊਰਜ਼ਾ ਦੀ ਖਪਤ।

ਇਹ ਮਾਮਲਾ ਜੂਨ 2019 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਜਵਾਬ ਦੀ ਉਡੀਕ ਸੀ (ਜੁਲਾਈ 2021)।

**ਸਿਫਾਰਸ਼: ਵਿਭਾਗ ਨੂੰ ਸਰਕਾਰੀ ਖਜ਼ਾਨੇ ਦੇ ਹਿੱਤਾਂ ਦੀ ਰਾਖੀ ਲਈ ਵਿੱਤੀ ਮਾਮਲਿਆਂ ਤੇ ਤੁਰੰਤ ਕਾਰਵਾਈ ਯਕੀਨੀ ਬਣਾਉਣੀ ਚਾਹੀਦੀ ਹੈ ਅਤੇ ਸਮੇਂ ਸਿਰ ਪ੍ਰਕ੍ਰਿਆ ਸ਼ੁਰੂ ਨਾ ਕਰਨ ਲਈ ਜ਼ਿਮੇਵਾਰ ਅਧਿਕਾਰੀ ਦੇ ਵਿਰੁੱਧ ਉਚਿਤ ਕਾਰਵਾਈ ਕਰਨੀ ਚਾਹੀਦੀ ਹੈ।**

## 3.7 ਵਿਅਰਥ ਖਰਚਾ

***ਕੰਮ ਦੀ ਅਲਾਟਮੈਂਟ ਤੋਂ ਪਹਿਲਾਂ ਰੁਕਾਵਟ-ਰਹਿਤ ਸਾਈਟ ਨੂੰ ਯਕੀਨੀ ਬਣਾਉਣ ਅਤੇ ਕੋਡਲ ਵਿਵਸਥਾਵਾਂ ਦੀ ਪਾਲਣਾ ਨਾ ਕਰਨ ਵਿੱਚ ਵਿਭਾਗ ਦੀ ਅਸਫਲਤਾ ਦੇ ਨਤੀਜੇ ਵਜੋਂ ਅਧੂਰੇ ਕੰਮ ਤੇ ₹ 1.40 ਕਰੋੜ ਦਾ ਵਿਅਰਥ ਖਰਚਾ ਹੋਇਆ।***

ਪੰਜਾਬ ਲੋਕ ਨਿਰਮਾਣ ਵਿਭਾਗ ਕੋਡ ਦਾ ਪੈਰ੍ਹੇ 2.92 ਵਿੱਚ ਇਹ ਵਿਵਸਥਾ ਹੈ ਕਿ ਕੋਈ ਵੀ ਕੰਮ ਉਸ ਜ਼ਮੀਨ ਤੇ ਸ਼ੁਰੂ ਨਹੀਂ ਕੀਤਾ ਜਾਣਾ ਚਾਹੀਦਾ ਜਦੋਂ ਤੱਕ ਰੁਕਾਵਟ-ਰਹਿਤ ਜ਼ਮੀਨ ਨੂੰ ਜ਼ਿੰਮੇਵਾਰ ਸਿਵਲ ਅਫਸਰ ਦੁਆਰਾ ਸੌਂਪਿਆ ਗਿਆ ਨਾ ਹੋਵੇ। ਸਿੰਚਾਈ ਦਸਤਾਵੇਜ਼ ਆਦੇਸ਼ਾਂ (ਆਈ ਐਮ ਓ) ਦੇ ਉਪ-ਪੈਰ੍ਹਾ 5 ਦੇ ਨਾਲ ਪੜ੍ਹਿਆ ਗਿਆ ਪੈਰ੍ਹਾ 3.6 ਵਿਵਸਥਾ ਕਰਦਾ ਹੈ ਕਿ ਸਰਕਾਰੀ ਜਾਇਦਾਦ ਦੀ ਵਿਭਾਗੀ ਭੂਮੀ ਯੋਜਨਾ ਦਾ ਰੈਵੀਨਿਊ ਕਾਗਜ਼ਾਂ ਦੇ ਨਾਲ ਤਾਲਮੇਲ ਕੀਤਾ ਜਾਣਾ ਚਾਹੀਦਾ ਹੈ। ਕਾਰਜਕਾਰੀ ਇੰਜੀਨੀਅਰ (ਈ ਈ) ਨੂੰ ਆਪਣੇ ਦਫਤਰ ਦੇ ਜ਼ਮੀਨੀ ਰਿਕਾਰਡਜ਼ ਨੂੰ ਰੈਵੀਨਿਊ ਵਿਭਾਗ ਦੇ ਨਾਲ ਮਿਲਾਉਣਾ ਚਾਹੀਦਾ ਹੈ ਅਤੇ ਜੇ ਕੋਈ ਫਰਕ ਹੈ, ਤਾਂ ਇਸ ਨੂੰ ਠੀਕ ਕੀਤਾ ਜਾਣਾ ਚਾਹੀਦਾ ਹੈ। ਸਹੀ ਯੋਜਨਾ ਤਿਆਰ ਕੀਤੀ ਜਾਵੇ ਅਤੇ ਸਰਹੱਦੀ ਖੰਭਿਆਂ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ ਬਣਾਇਆ ਜਾਵੇ, ਜਿੱਥੇ ਪਹਿਲਾਂ ਤੋਂ ਮੌਜੂਦ ਨਹੀਂ ਹਨ।

ਲੇਖਾ ਪ੍ਰੀਖਿਆ ਨੇ ਵੇਖਿਆ (ਫਰਵਰੀ 2019) ਕਿ ਮੂਨਕ ਬ੍ਰਾਂਚ ਸਿਸਟਮ[47] (ਸਿਸਟਮ) ਦੀ ਰੀ-ਲਾਈਨਿੰਗ ਦੇ ਕੰਮ ਲਈ ₹ 4.38 ਕਰੋੜ ਦੀ ਪ੍ਰਬੰਧਕੀ ਪ੍ਰਵਾਨਗੀ ਦਿੱਤੀ ਗਈ (ਨਵੰਬਰ 2016) ਸੀ। ਇਸ ਅਨੁਸਾਰ, ਸਮਰੱਥ ਅਥਾਰਿਟੀ ਦੁਆਰਾ ਮੂਨਕ ਨਹਿਰ ਨੂੰ ਰਿਡੂਸਡ ਡਿਸਟੈਂਸ (ਆਰ ਡੀ) 0-47055 ਤੋਂ ਮੁੜ ਨਹਿਰ ਬਣਵਾਉਣ ਲਈ ₹ 2.64 ਕਰੋੜ ਦੇ ਦੋ ਅਨੁਮਾਨ[48] ਮਨਜ਼ੂਰ ਕੀਤੇ ਗਏ ਸਨ (ਦਸੰਬਰ 2016)। ਇਸ ਕੰਮ ਦਾ ਉਦੇਸ਼ ਮੂਨਕ ਬਲਾਕ, ਜ਼ਿਲ੍ਹਾ ਸੰਗਰੂਰ ਵਿੱਚ ਪੈਂਦੇ ਪਿੰਡਾਂ[49] ਨੂੰ ਖਾਰਾ ਰਹਿਤ ਨਹਿਰੀ ਪਾਣੀ ਮੁਹੱਈਆ ਕਰਵਾਉਣਾ ਸੀ ਕਿਉਂਕਿ ਇਸ ਖੇਤਰ ਦਾ ਧਰਤੀ ਹੇਠਲਾ ਪਾਣੀ ਖਾਰਾ ਸੀ ਅਤੇ ਸਿੰਚਾਈ ਦੇ ਯੋਗ ਨਹੀਂ ਸੀ। ਨਹਿਰ ਦੀ ਲਾਈਨਿੰਗ

[47] ਸਿਸਟਮ ਇੱਕ ਨਹਿਰ ਹੈ ਜੋ ਸੰਗਰੂਰ ਜ਼ਿਲ੍ਹੇ ਦੇ ਮੂਨਕ ਬਲਾਕ ਵਿੱਚ ਲਾਡਬਨਜਾਰਾਂ ਨਹਿਰ ਦੇ ਆਰ ਡੀ 102835/ਐਲ ਤੋਂ ਨਿਕਲਦੀ ਹੈ। 47055 ਫੁੱਟ ਦੀ ਲੰਬਾਈ ਅਤੇ 49.12 ਕਿਊਸਿਕ ਪਾਣੀ ਦੇ ਨਿਕਾਸ ਵਾਲੀ ਪ੍ਰਣਾਲੀ ਵਿੱਚ ਸਬ-ਨਹਿਰ ਨੰਬਰ 1 ਵੀ ਸ਼ਾਮਲ ਹੈ ਜੋ ਆਰ ਡੀ 15674/ਐਲ ਤੇ ਨਿਕਲਦੀ ਹੈ।

[48] ਆਰ ਡੀ 0-21000 ਤੋਂ ₹ 1.27 ਕਰੋੜ ਅਤੇ 21000-47055 ₹ 1.37 ਕਰੋੜ ।

[49] ਢਡੀਆਂ, ਢੀਂਡਸਾ, ਭੁਟਲ ਖੁਰਦ, ਭੱਠੂਆ, ਸਲੇਮਗੜ੍ਹ, ਮੂਨਕ, ਕਰਿਆਲ, ਹਮੀਰਗੜ੍ਹ, ਭੂੰਦੜ ਭੈਣੀ, ਸੁਰਜਨ ਭੈਣੀ।

ਦਾ ਕੰਮ 25-30 ਸਾਲ ਪੁਰਾਣਾ ਸੀ। ਸਿੱਟੇ ਵਜੋਂ ਇਸ ਦੇ ਦਾਖਲੇ ਦੀ ਸਮਰੱਥਾ (49.12 ਕਿਊਸਿਕ) ਸੀਪੇਜ ਅਤੇ ਪਾਣੀ ਦੇ ਨੁਕਸਾਨ ਕਾਰਣ ਘੱਟ ਗਈ। ਪਾਣੀ ਨਹਿਰ ਦੀ ਅਖੀਰ ਤੱਕ ਨਹੀਂ ਪਹੁੰਚ ਰਿਹਾ ਸੀ।

ਈ ਈ ਲੇਹਲ ਡਵੀਜ਼ਨ (ਸਿੰਚਾਈ ਸ਼ਾਖਾ), ਪਟਿਆਲਾ ਦੇ ਰਿਕਾਰਡਜ਼ ਦੀ ਨਮੂਨਾ ਜਾਂਚ (ਫਰਵਰੀ 2019) ਤੋਂ ਪਤਾ ਲੱਗਾ ਕਿ ਆਰ ਡੀ 0-21000 ਅਤੇ 21000-47055 ਦੇ ਕੰਮ ਠੇਕੇਦਾਰ 'ਏ' ਨੂੰ ਅਲਾਟ ਕੀਤੇ ਗਏ ਸਨ (ਦਸੰਬਰ 2016)। ਇਹ ਫਰਵਰੀ 2017 ਤੱਕ ਮੁਕੰਮਲ ਹੋਣ ਵਾਲੇ ਸਨ। ਕੰਮਾਂ ਨੂੰ ਚਲਾਉਂਦੇ ਸਮੇਂ, ਵਿਭਾਗ ਦੇ ਧਿਆਨ ਵਿੱਚ ਆਇਆ (ਦਸੰਬਰ 2016) ਕਿ ਮਨਜ਼ੂਰਸ਼ੁਦਾ ਐਲ-ਸੈਕਸ਼ਨ ਦੇ ਅਨੁਸਾਰ ਦੋ ਆਊਟਲੈਟ[50] ਉੱਚੇ ਪਾਸੇ ਸਥਿਤ ਸਨ ਜਿਸ ਕਾਰਨ 950 ਏਕੜ ਜ਼ਮੀਨ ਉਨ੍ਹਾਂ ਆਊਟਲੈਟ ਦੇ ਅਧੀਨ ਆਉਂਦੀ ਸੀ, ਜਿਸ ਵਿੱਚ ਪਾਣੀ ਮੁਹੱਇਆ ਨਹੀਂ ਕੀਤਾ ਜਾ ਸਕਦਾ ਸੀ। ਇਸ ਨਾਲ ਨਹਿਰੀ ਬੈੱਡ ਦੇ ਡਿਜ਼ਾਇਨ ਵਿੱਚ ਤਬਦੀਲੀ ਦੀ ਲੋੜ ਸੀ। ਇਸ ਤੋਂ ਇਲਾਵਾ, ਕੰਮ ਦੇ ਦੌਰਾਨ ਦੋ ਜ਼ਮੀਨੀ ਝਗੜੇ[51] ਹੋਏ ਅਤੇ ਜ਼ਮੀਨ ਦੀ ਮਾਲਕੀ ਦੇ ਸਬੰਧ ਵਿੱਚ ਆਰ ਡੀ 44900 ਤੋਂ 45300 ਦੇ ਸੰਬੰਧ ਵਿੱਚ ਅਦਾਲਤ ਵਿੱਚ ਕੇਸ ਵੀ ਦਾਇਰ ਕੀਤਾ ਗਿਆ ਸੀ। ਨਤੀਜੇ ਵਜੋਂ ਠੇਕੇਦਾਰ ਨੇ ਸਾਈਟ ਤੇ 65 *ਪ੍ਰਤੀਸ਼ਤ* ਕੰਮ ਪੂਰਾ ਹੋਣ ਦੇ ਬਾਅਦ (ਅਗਸਤ 2017) ਕੰਮ ਨੂੰ ਰੋਕ ਦਿੱਤਾ ਅਤੇ ਉਸ ਦੇ ਵਿਰੁੱਧ ₹ 2.68 ਕਰੋੜ[52] ਦਾ ਭੁਗਤਾਨ ਕੀਤਾ ਗਿਆ ਸੀ।

ਠੇਕੇਦਾਰ 'ਏ' ਦੇ ਬਿੱਲਾਂ ਨੂੰ ਅੰਤਿਮ ਰੂਪ ਦੇਣ (ਜੁਲਾਈ 2019) ਤੋਂ ਬਆਦ ਬਕਾਇਆ ਕੰਮ ਮੁੱਖ ਇੰਜੀਨੀਅਰ ਦੁਆਰਾ ਮਨਜ਼ੂਰ ਅਸਲ ਮੁੱਲ ਤੇ ਦੂਜੇ ਠੇਕੇਦਾਰ 'ਬੀ' ਨੂੰ ਦੁਬਾਰਾ ਅਲਾਟ ਕੀਤਾ ਗਿਆ (ਦਸੰਬਰ 2019)। ਆਰ ਡੀ 0-21000 ਦਾ ਕੰਮ ₹ 29.18 ਲੱਖ ਅਤੇ ਆਰ ਡੀ 21000-47055 ਦਾ ਕੰਮ ₹ 94.12 ਲੱਖ ਦਾ ਅਲਾਟ ਕੀਤਾ ਗਿਆ। ਠੇਕੇਦਾਰ ਨੇ ₹ 0.52 ਕਰੋੜ[53] ਦੇ ਮੁੱਲ ਦਾ ਕੰਮ ਕੀਤਾ (ਫਰਵਰੀ 2020 ਤੱਕ) । ਹਾਲਾਂਕਿ, ਸਮੁੱਚੇ ਤੌਰ ਤੇ ਕੰਮ ਅਜੇ ਅਧੂਰਾ ਪਿਆ ਸੀ ਕਿਉਂਕਿ ਆਰ ਡੀ 40273 ਤੋ 44900 ਅਤੇ ਆਰ ਡੀ 44900 ਤੋਂ 45300 ਤੇ ਕੰਮ ਕ੍ਰਮਵਾਰ ਮਲਕੀਅਤ ਵਿਵਾਦ ਅਤੇ ਅਦਾਲਤੀ ਕੇਸ ਕਾਰਨ ਪੂਰਾ ਨਹੀਂ ਕੀਤਾ ਗਿਆ (ਮਾਰਚ 2021)। ₹ 3.20 ਕਰੋੜ[54] (ਆਰ ਡੀ 0-21000: ₹ 1.80 ਕਰੋੜ ਅਤੇ ਆਰ ਡੀ 21000 ਤੋਂ 40273: ₹ 1.40 ਕਰੋੜ) ਖਰਚ ਕਰਨ ਦੇ ਬਾਅਦ ਸਿਰਫ 85 *ਪ੍ਰਤੀਸ਼ਤ* ਕੰਮ ਹੀ ਪੂਰਾ ਕੀਤਾ (ਮਾਰਚ 2021) ਗਿਆ ਸੀ। ਅਤੇ ਪਾਣੀ ਆਰ ਡੀ 15674 ਤੱਕ ਹੀ ਸਪਲਾਈ ਕੀਤਾ ਜਾ ਰਿਹਾ ਸੀ। ਭਾਵ ਉਪ-ਨਹਿਰ[55] ਨੰਬਰ 1 ਲਈ ਆਰ ਡੀ 15674-21000 ਵਿੱਚਕਾਰ ਚਾਰ

---

50 ਆਰ ਡੀ -19384/ਸੱਜੇ ਪਾਸੇ ਅਤੇ ਆਰ ਡੀ -29170/ ਸੱਜੇ ।

51 (i) ਆਰ ਡੀ 18927 ਅਤੇ ਆਰ ਡੀ 23177 ਵਿੱਚਕਾਰ ਅਤੇ (ii) ਆਰ ਡੀ 40273 ਤੋਂ 44900 ਵਿੱਚਕਾਰ।


52 ₹ 1.62 ਕਰੋੜ: ਆਰ ਡੀ 0-21000 ਅਤੇ ₹ 1.06 ਕਰੋੜ: ਆਰ ਡੀ 21000-47055 ।

53 ₹ 0.18 ਕਰੋੜ: ਆਰ ਡੀ 0-21000 ਅਤੇ ₹ 0.34 ਕਰੋੜ: ਆਰ ਡੀ 21000-47055 ।

54 ਮੂਲ ਅਲਾਟਮੈਂਟ ਦੇ ਵਿਰੁੱਧ = ₹ 2.68 ਕਰੋੜ; ਮੁੜ ਅਲਾਟਮੈਂਟ ਦੇ ਵਿਰੁੱਧ = ₹ 0.52 ਕਰੋੜ।

55 ਮੂਨਕ ਸ਼ਾਖਾ ਤੋਂ ਇੱਕ ਛੋਟੀ ਨਹਿਰ ਨਿਕਲਦੀ ਹੈ।

ਆਊਟਲੈਟਸ ਦੇ ਨਾ ਬਨਣ ਕਾਰਣ ਪਾਣੀ ਆਰ ਡੀ 15674 ਤੱਕ ਹੀ ਸਪਲਾਈ ਕੀਤਾ ਜਾ ਰਿਹਾ ਸੀ। ਆਰ ਡੀ 21000-40273 ਦੇ ਵਿੱਚਕਾਰ ₹ 1.40 ਕਰੋੜ ਕੀਤੇ ਖਰਚ ਤੋਂ ਕੋਈ ਵੀ ਨਤੀਜਾ ਪ੍ਰਾਪਤ ਨਹੀਂ ਹੋ ਸਕਿਆ ਸੀ ਕਿਉਂਕਿ ਇਸ ਨਹਿਰ ਵਿੱਚ ਕੋਈ ਪਾਣੀ ਸਪਲਾਈ ਨਹੀਂ ਕੀਤਾ ਗਿਆ ਸੀ। ਮੂਨਕ ਬ੍ਰਾਂਚ ਸਿਸਟਮ ਦੀ ਰੀ-ਲਾਈਨਿੰਗ ਦੇ ਰੇਖਾ ਚਿਤਰ ਰਾਹੀ ਪ੍ਰਗਟਾਵਾ ਹੇਠਾਂ ਦਿਤਾ ਗਿਆ ਹੈ ।




ਵਿਭਾਗ ਨੇ ਦੱਸਿਆ (ਅਪ੍ਰੈਲ 2019 ਅਤੇ ਜਨਵਰੀ 2020) ਉਹ ਅਲਾਈਨਮੈਂਟ ਵਿਵਾਦ ਬਾਰੇ ਨਹੀਂ ਜਾਣਦੇ ਸਨ ਕਿਉਂਕਿ ਮੂਨਕ ਨਹਿਰ ਪਿਛਲੇ ਚਾਲੀ ਸਾਲਾਂ ਤੋਂ ਚਲ ਰਹੀ ਸੀ। ਅੱਗੇ, ਵਿਭਾਗ ਨੇ ਇਸ ਤੱਥ ਨੂੰ ਸਵੀਕਾਰ ਕੀਤਾ ਕਿ ਪਾਣੀ ਆਰ ਡੀ 15674 ਤਕ ਚੱਲ ਰਿਹਾ ਸੀ ਅਤੇ ਭੌਤਿਕ ਤਰੱਕੀ 85 ਪ੍ਰਤੀਸ਼ਤ ਸੀ। ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਉਹ ਕੰਮ ਦੀ ਅਲਾਟਮੈਂਟ ਤੋਂ ਪਹਿਲਾਂ ਰੁਕਾਵਟ-ਰਹਿਤ ਸਾਈਟ ਨੂੰ ਯਕੀਨੀ ਬਣਾਉਣ ਵਿੱਚ ਅਸਫਲ ਰਿਹਾ ਸੀ। ਇਸ ਤੋਂ ਇਲਾਵਾ, ਕੰਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਵਿਭਾਗ ਨੇ ਕਿਸੇ ਵੀ ਤਰ੍ਹਾਂ ਦੀ ਗੜਬੜੀ ਦੀ ਜਾਂਚ ਕਰਨ ਲਈ ਸਿਸਟਮ ਦੀ ਭੂਮੀ ਯੋਜਨਾਂ ਨੂੰ ਰੇਵੀਨਿਊ ਵਿਭਾਗ ਦੇ ਰਿਕਾਰਡਜ਼ ਨਾਲ ਨਿਯਮਾਂ ਅਨੁਸਾਰ ਮੁਹੱਈਆ ਕਰਵਾਏ ਗਏ ਅਨੁਸਾਰ ਮੇਲ ਨਹੀਂ ਕਰਵਾਇਆ ਸੀ।

ਇਸ ਤਰ੍ਹਾਂ, ਆਈ ਐਮ ਓ ਵਿੱਚ ਲੋੜੀਂਦੇ ਕੋਡਲ ਉਪਬੰਧਾਂ ਦੀ ਪਾਲਣਾ ਨਾ ਕਰਨ ਅਤੇ ਰੁਕਾਵਟ ਰਹਿਤ ਸਾਈਟ ਨੂੰ ਯਕੀਨੀ ਬਣਾਏ ਬਿਨਾਂ ਅਤੇ ਕੰਮ ਦੀ ਸਹੀ ਡਿਜ਼ਾਇਨ ਤਿਆਰ ਕੀਤੇ ਬਿਨਾਂ ਕੰਮ ਦੀ ਅਲਾਟਮੈਂਟ ਦੇ ਨਤੀਜੇ ਵਜੋਂ ਆਰ ਡੀ 21000 ਤੋ 47055 ਦੇ ਵਿਚਕਾਰ ਕੰਮ ਪੂਰਾ ਨਹੀਂ ਹੋ ਸਕਿਆ। ਇਸ ਨਾਲ ਇਸ ਕੰਮ ਉਤੇ ਹੋਏ ₹ 1.40 ਕਰੋੜ ਦੇ ਖਰਚ ਵਿਅਰਥ ਗਏ ਅਤੇ ਇਸ ਤੋਂ ਇਲਾਵਾ ਖੇਤਰ ਦੇ ਕਿਸਾਨਾਂ ਨੂੰ ਖਾਰਾ ਰਹਿਤ ਪਾਣੀ ਦੀ ਸਹੂਲਤ ਤੋਂ ਵਾਝਿਆਂ ਰੱਖਿਆ ਗਿਆ।

ਇਹ ਮਾਮਲਾ ਮਈ 2019 ਵਿੱਚ ਸਰਕਾਰ ਨੂੰ ਭੇਜਿਆ ਗਿਆ ਸੀ; ਜਵਾਬ ਦੀ ਉਡੀਕ ਸੀ (ਜੁਲਾਈ 2021)।

**ਸਿਫਾਰਸ਼: ਸਰਕਾਰੀ ਜਾਇਦਾਦ ਦੀ ਭੂਮੀ ਯੋਜਨਾ ਵਿਭਾਗ ਦੁਆਰਾ ਤਿਆਰ ਕੀਤੀ ਜਾਣੀ ਚਾਹੀਦੀ ਹੈ ਅਤੇ ਜ਼ਮੀਨ/ਇਮਾਰਤ ਯੋਜਨਾ ਵਿੱਚ ਅੰਤਰ ਲੱਭਣ ਲਈ ਸਬੰਧਤ ਰੈਵੀਨਿਊ ਵਿਭਾਗ ਦੇ ਨਾਲ ਮੇਲ-ਮਿਲਾਪ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਅਜਿਹੇ ਅੰਤਰ ਨੂੰ ਦੂਰ ਕਰਨ ਲਈ ਕਾਰਵਾਈ ਕੀਤੀ ਜਾ ਸਕੇ।**

ਚੰਡੀਗੜ੍ਹ
ਮਿਤੀ: 22 ਨਵੰਬਰ 2021

(ਪੂਨਮ ਪਾਂਡੇ)
ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ

ਤਸਦੀਕ ਸਹੀ

ਨਵੀਂ ਦਿੱਲੀ
ਮਿਤੀ: 15 ਦਸੰਬਰ 2021

(ਗਿਰੀਸ਼ ਚੰਦਰ ਮੁਰਮੂ)
ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ

# ਅੰਤਿਕਾਵਾਂ

## ਅੰਤਿਕਾ 1.1

*(ਪੈਰਾ 1.9, ਪੰਨਾ 7 ਦੇ ਹਵਾਲੇ ਵਿੱਚ)*

### ਜਨਤਕ ਖੇਤਰ ਦੇ ਅਦਾਰਿਆਂ (ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ) ਬਾਰੇ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ ਦੀਆਂ ਰਿਪੋਰਟਾਂ ਦੀ ਕਾਰਗੁਜਾਰੀ ਲੇਖਾ ਪ੍ਰੀਖਿਆਵਾਂ/ਪੈਰ੍ਹਿਆਂ ਦੇ ਵੇਰਵੇ ਜਿਹਨਾਂ ਲਈ 31 ਮਾਰਚ 2021 ਤੱਕ ਵਿਭਾਗੀ ਉੱਤਰ ਪ੍ਰਾਪਤ ਨਹੀਂ ਹੋਏ ਸਨ

| ਲੜੀ ਨੰ. | ਵਿਭਾਗ ਦਾ ਨਾਮ | 2012-13 | | 2013-14 | | 2014-15 | | 2015-16 | | 2016-17 | | 2017-18 | | ਦੀ ਕੁੱਲ ਸੰਖਿਆ | |
|---|---|---|---|---|---|---|---|---|---|---|---|---|---|---|---|
| | | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏਜ਼ | ਪੈਰ੍ਹੇ |
| I | ਪਾਵਰ | | | | | | | | | | | | | | |
| 1. | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ | | 3.1 ਤੋਂ 3.6 | | | | | | | | | | 2.1 ਤੋ 2.9 | | 15 |
| 2. | ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਡ | | | | | | | | | | | | 2.10, 2.11 | | 2 |
| II | ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ | | | | | | | | | | | | | | |
| 3. | ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਡ | 2.1 | 3.7* | | 3.16# | | 3.12$^{\$}$, 3.13$^{@}$ | | 3.7, 3.8 | | 3.11, 3.12, 3.7,$^{\&}$ 3.8$^{\&}$, 3.9$^{\&}$, 3.10$^{\%}$ | | 5.4, 5.2$^{?}$, 5.3$^{?}$ | 1 | 9 |
| 4. | ਪੰਜਾਬ ਰਾਜ ਗ੍ਰੇਨਜ਼ ਪ੍ਰੋਕਿਉਰਮੈਂਟ ਕਾਰਪੋਰੇਸ਼ਨ ਲਿਮਟਡ | | 3.7* | | 3.13, 3.14 | | 3.12$^{\$}$, 3.13$^{@}$ | | 3.6$^{\wedge}$ | 2.1 | 3.7$^{\&}$, 3.8$^{\&}$, 3.9$^{\&}$ | | 5.2$^{?}$, 5.3$^{?}$ | 1 | 9 |
| III | ਉਦਯੋਗ ਅਤੇ ਕਮਰਸ | | | | | | | | | | | | | | |
| 5. | ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਕਾਰਪੋਰੇਸ਼ਨ ਲਿਮਟਡ | 2.3 | | | | | | | | | | | | 1 | |
| 6. | ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਲਿਮਟਡ | | | | | | 3.15 | | | | | | | | 1 |

| ਲੜੀ ਨੰ. | ਵਿਭਾਗ ਦਾ ਨਾਮ | 2012-13 | | 2013-14 | | 2014-15 | | 2015-16 | | 2016-17 | | 2017-18 | | ਦੀ ਕੁੱਲ ਸੰਖਿਆ | |
|---|---|---|---|---|---|---|---|---|---|---|---|---|---|---|---|
| | | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏਜ਼ | ਪੈਰ੍ਹੇ |
| 7. | ਪੰਜਾਬ ਵਿੱਤੀ ਕਾਰਪੋਰੇਸ਼ਨ | | | | | | | | | | 3.16 | | | | 1 |
| 8. | ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਡ | | | | | | | | 3.3 | | 3.14, 3.15 | | 5.5, 5.6, 5.7 | | 6 |
| **IV** | **ਖੇਤੀਬਾੜੀ ਅਤੇ ਕਿਸਾਨ ਭਲਾਈ** | | | | | | | | | | | | | | |
| 9. | ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਡ | | | | | | | | 3.4 | | | | | | 1 |
| 10. | ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਡ | | | | | | 3.14 | | | | | | | | 1 |
| 11. | ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ | | 3.7* | 2.1 | 3.16[#] | | 3.12[$], 3.13[@] | | 3.10, 3.6[^] | | 3.7[&], 3.8[&], 3.9[&] | | 5.1[+], 5.2[?], 5.3[?] | 1 | 2 |
| 12. | ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਡ | | | | 3.16[#] | | | | 3.6[^] | | 3.13, 3.7[&], 3.8[&], 3.9[&] 3.10[%] | | 5.1[+], 5.2[?], 5.3[?] | | 1 |
| 13. | ਪੰਜਾਬ ਐਗਰੋ ਜੂਸਿਜ਼ ਕਾਰਪੋਰੇਸ਼ਨ ਲਿਮਟਡ | | | | | | | | | | 3.17 | | | | 1 |
| **V** | **ਜੰਗਲਾਤ** | | | | | | | | | | | | | | |
| 14. | ਪੰਜਾਬ ਰਾਜ ਜੰਗਲਾਤ ਵਿਕਾਸ ਨਿਗਮ ਲਿਮਟਡ | | | | 3.17 | | | | | | | | | | 1 |
| **VI** | **ਜਲ ਸਰੋਤ** | | | | | | | | | | | | | | |
| 15. | ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਨਿਗਮ ਲਿਮਟਡ | | | | | | | 2.1 | 3.9 | | | | | 1 | 1 |

| ਲੜੀ ਨੰ. | ਵਿਭਾਗ ਦਾ ਨਾਮ | 2012-13 | | 2013-14 | | 2014-15 | | 2015-16 | | 2016-17 | | 2017-18 | | ਦੀ ਕੁੱਲ ਸੰਖਿਆ | |
|---|---|---|---|---|---|---|---|---|---|---|---|---|---|---|---|
| | | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏਜ਼ | ਪੈਰ੍ਹੇ |
| **VII** | **ਆਵਾਜਾਈ** | | | | | | | | | | | | | | |
| 16. | ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਡ | | | | | | | | | | | 4.1 | | 1 | |
| **VIII** | **ਸਿੰਚਾਈ, ਪਾਵਰ ਅਤੇ ਊਰਜਾ** | | | | | | | | | | | | | | |
| 17. | ਪੰਜਾਬ ਊਰਜਾ ਵਿਕਾਸ ਏਜੰਸੀ, ਪੰਜਾਬ ਸਿੰਚਾਈ ਵਿਭਾਗ ਅਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ | | | 2.2 | | | | | | | | | | 1 | |
| | **ਜੋੜ** | **2** | **7** | **2** | **4** | **-** | **4** | **1** | **7** | **1** | **11** | **1** | **18** | **7** | **51** |

*ਸ੍ਰੋਤ: ਦਫਤਰੀ ਰਿਕਾਰਡ*

* ਲੇਖਾ ਪ੍ਰੀਖਿਆ ਰਿਪੋਰਟ 2012-13 ਦਾ ਪੈਰ੍ਹਾ 3.7 ਲੜੀ ਨੰਬਰ 3,4 ਅਤੇ 10 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

# ਲੇਖਾ ਪ੍ਰੀਖਿਆ ਰਿਪੋਰਟ 2013-13 ਦਾ ਪੈਰ੍ਹਾ 3.16 ਲੜੀ ਨੰਬਰ 3, 10 ਅਤੇ 11 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

$ ਲੇਖਾ ਪ੍ਰੀਖਿਆ ਰਿਪੋਰਟ 2014-15 ਦਾ ਪੈਰ੍ਹਾ 3.12 ਲੜੀ ਨੰਬਰ 3,4 ਅਤੇ 10 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

@ ਲੇਖਾ ਪ੍ਰੀਖਿਆ ਰਿਪੋਰਟ 2014-15 ਦਾ ਪੈਰ੍ਹਾ 3.13 ਲੜੀ ਨੰਬਰ 3,4 ਅਤੇ 10 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

^ ਲੇਖਾ ਪ੍ਰੀਖਿਆ ਰਿਪੋਰਟ 2015-16 ਦਾ ਪੈਰ੍ਹਾ 3.6 ਲੜੀ ਨੰਬਰ 4, 10 ਅਤੇ 11 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

& ਲੇਖਾ ਪ੍ਰੀਖਿਆ ਰਿਪੋਰਟ 2016-17 ਦਾ ਪੈਰ੍ਹਾ 3.7, 3.8 ਅਤੇ 3.9 ਲੜੀ ਨੰਬਰ 3,4,10 ਅਤੇ 11 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

% ਲੇਖਾ ਪ੍ਰੀਖਿਆ ਰਿਪੋਰਟ 2016-17 ਦਾ ਪੈਰ੍ਹਾ 3.10 ਲੜੀ ਨੰਬਰ 3 ਅਤੇ 11 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

+ ਲੇਖਾ ਪ੍ਰੀਖਿਆ ਰਿਪੋਰਟ 2017-18 ਦਾ ਪੈਰ੍ਹਾ 5.1 ਲੜੀ ਨੰਬਰ 10 ਅਤੇ 11 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

**?** ਲੇਖਾ ਪ੍ਰੀਖਿਆ ਰਿਪੋਰਟ 2017-18 ਦਾ ਪੈਰ੍ਹਾ 5.2 ਅਤੇ 5.3 ਲੜੀ ਨੰਬਰ 3,4,10 ਅਤੇ 11 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

## ਅੰਤਿਕਾ 1.2

*(ਪੈਰ੍ਹਾ 1.9, ਪੰਨਾ 7 ਦੇ ਹਵਾਲੇ ਵਿੱਚ)*

**ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ (ਗੈਰ-ਜਨਤਕ ਖੇਤਰ ਦੇ ਅਦਾਰਿਆਂ) ਬਾਰੇ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ ਦੀਆਂ ਰਿਪੋਰਟਾਂ ਦੀ ਕਾਰਗੁਜਾਰੀ ਲੇਖਾ ਪ੍ਰੀਖਿਆਵਾਂ/ਪੈਰ੍ਹਿਆਂ ਦੇ ਵੇਰਵੇ ਜਿਹਨਾਂ ਲਈ 31 ਮਾਰਚ 2021 ਤੱਕ ਵਿਭਾਗੀ ਉੱਤਰ ਪ੍ਰਾਪਤ ਨਹੀਂ ਹੋਏ ਸਨ**

| ਲੜੀ ਨੰ. | ਵਿਭਾਗ ਦਾ ਨਾਮ | 2013-14 | | 2014-15 | | 2015-16 | | 2016-17 | | 2017-18 | | ਦੀ ਕੁੱਲ ਸੰਖਿਆ | |
|---|---|---|---|---|---|---|---|---|---|---|---|---|---|
| | | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏਜ਼ | ਪੈਰ੍ਹੇ |
| 1. | ਖੇਤੀਬਾੜੀ | 2.1* | - | - | 3.1<br>3.2 | - | - | - | 3.15 | - | 3.19[&] | 01 | 04 |
| 2. | ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ | 2.1* | - | - | - | - | - | - | - | - | - | - | - |
| 3. | ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ | - | - | - | - | - | - | - | 3.16 | - | 3.13[^] | - | 02 |
| 4. | ਵਿੱਤ | - | 3.4 | - | 3.4[#]<br>3.15 | 2.2 | - | - | - | - | 3.2[$] | 01 | 04 |
| 5. | ਸ਼ਾਸਨ ਸੁਧਾਰ | - | - | - | 3.5 | - | - | - | 3.3 | - | - | - | 02 |
| 6. | ਸਿਹਤ ਅਤੇ ਪਰਿਵਾਰ ਭਲਾਈ | - | - | - | - | - | 3.2<br>3.4 | - | 3.4 | 2.1 | 3.3[@]<br>3.4 | 01 | 05 |
| 7. | ਮੈਡੀਕਲ ਸਿੱਖਿਆ | - | - | - | - | - | - | - | - | - | 3.3[@]<br>3.9<br>3.10<br>3.11 | - | 03 |
| 8. | ਸਕੂਲ ਸਿੱਖਿਆ | - | - | - | - | - | - | - | - | - | 3.2[$] | - | - |
| 9. | ਗ੍ਰਹਿ ਮਾਮਲੇ ਅਤੇ ਨਿਆਂ | - | - | - | - | - | - | - | - | - | 3.5, 3.6,<br>3.7 | - | 03 |
| 10. | ਹਾਊਸਿੰਗ ਅਤੇ ਸ਼ਹਿਰੀ ਵਿਕਾਸ | - | - | - | - | - | - | 2.3 | - | - | - | 01 | - |
| 11. | ਸਥਾਨਕ ਸਰਕਾਰ | - | - | - | 3.4[#] | - | - | - | 3.11 | - | - | - | 01 |

| ਲੜੀ ਨੰ. | ਵਿਭਾਗ ਦਾ ਨਾਮ | 2013-14 | | 2014-15 | | 2015-16 | | 2016-17 | | 2017-18 | | ਦੀ ਕੁੱਲ ਸੰਖਿਆ | |
|---|---|---|---|---|---|---|---|---|---|---|---|---|---|
| | | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏ | ਪੈਰ੍ਹਾ ਨੰ. | ਪੀ ਏਜ਼ | ਪੈਰ੍ਹੇ |
| 12. | ਲੋਕ ਨਿਰਮਾਣ (ਬੀ ਅਤੇ ਆਰ) | - | - | - | - | - | - | - | - | - | 3.2[$]<br>3.13[^] | - | - |
| 13. | ਰੈਵੀਨਿਊ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ | - | - | - | - | - | 3.15<br>3.17 | - | 3.18<br>3.19 | - | - | - | 04 |
| 14. | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ | - | - | - | - | - | - | - | - | - | 3.16 | - | 01 |
| 15. | ਐਸ ਸੀ ਅਤੇ ਬੀ ਸੀ ਦੀ ਭਲਾਈ | - | - | - | - | - | - | 2.4 | - | - | - | 01 | - |
| 16. | ਕਿਰਤ ਵਿਭਾਗ | - | - | - | - | - | - | - | - | 2.2 | - | 01 | - |
| 17. | ਟਾਊਨ ਅਤੇ ਕੰਟਰੀ ਪਲਾਨਿੰਗ | - | - | - | - | - | - | - | - | - | 3.18 | - | 01 |
| 18. | ਭੂਮੀ ਅਤੇ ਜਲ ਸੰਭਾਲ | 2.1* | - | - | - | - | - | - | - | - | 3.19[&] | - | - |
| | **ਜੋੜ** | **01** | **01** | **-** | **05** | **01** | **04** | **02** | **07** | **02** | **13** | **06** | **30** |

***ਸ੍ਰੋਤ: ਦਫਤਰੀ ਰਿਕਾਰਡ***

* ਲੇਖਾ ਪ੍ਰੀਖਿਆ ਰਿਪੋਰਟ 2013-14 ਦਾ ਪੈਰ੍ਹਾ 2.1 ਲੜੀ ਨੰਬਰ 2 ਅਤੇ 18 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

[#] ਲੇਖਾ ਪ੍ਰੀਖਿਆ ਰਿਪੋਰਟ 2014-15 ਦਾ ਪੈਰ੍ਹਾ 3.4 ਲੜੀ ਨੰਬਰ 4 ਅਤੇ 11 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

[$] ਲੇਖਾ ਪ੍ਰੀਖਿਆ ਰਿਪੋਰਟ 2017-18 ਦਾ ਪੈਰ੍ਹਾ 3.2 ਲੜੀ ਨੰਬਰ 4, 8 ਅਤੇ 1 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

[@] ਲੇਖਾ ਪ੍ਰੀਖਿਆ ਰਿਪੋਰਟ 2017-18 ਦਾ ਪੈਰ੍ਹਾ 3.3 ਲੜੀ ਨੰਬਰ 6 ਅਤੇ 7 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

[^] ਲੇਖਾ ਪ੍ਰੀਖਿਆ ਰਿਪੋਰਟ 2017-18 ਦਾ ਪੈਰ੍ਹਾ 3.13 ਲੜੀ ਨੰਬਰ 3 ਅਤੇ 12 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

[&] ਲੇਖਾ ਪ੍ਰੀਖਿਆ ਰਿਪੋਰਟ 2017-18 ਦਾ ਪੈਰ੍ਹਾ 3.19 ਲੜੀ ਨੰਬਰ 1 ਅਤੇ 18 ਵਿੱਚ ਦਿਖਾਇਆ ਗਿਆ ਹੈ ਜੋ ਦੋ ਵਿਭਾਗਾਂ ਨਾਲ ਸਬੰਧਤ ਹੈ ਅਤੇ ਇੱਕ ਵਾਰ ਗਿਣਿਆ ਗਿਆ ਹੈ।

# ਅੰਤਿਕਾ 2.1

*(ਪੈਰ੍ਹਾ 2.9, ਪੰਨਾ 30 ਦੇ ਹਵਾਲੇ ਵਿੱਚ)*

## ਓ ਟੀ ਐਸ ਸਕੀਮ 2017-18 ਦੇ ਅਧੀਨ ਡਿਲਿਵਰ ਨਾ ਕੀਤੇ ਚਾਵਲ ਅਤੇ ਉਸ ਉੱਤੇ ਵੈਟ ਦੀ ਘੱਟ ਵਸੂਲੀ ਦਰਸਾਉਂਦੀ ਵਿਵਰਣੀ

| ਜਿਲ੍ਹਾ ਦਫਤਰ ਦਾ ਨਾਮ | ਮਿੱਲਰ ਦਾ ਨਾਮ | ਫਸਲ ਦਾ ਸਾਲ | ਡਿਲਿਵਰ ਨਾ ਕੀਤੇ ਚਾਵਲਾਂ ਦੀ ਮਾਤਰਾ (ਕੁਇੰਟਲ ਵਿੱਚ) | ਓ ਟੀ ਐਸ ਦੇ ਅਧੀਨ ਬਰਾਮਦ ਕੀਤੇ ਜਾਣ ਵਾਲੇ ਚਾਵਲਾਂ ਦਾ ਮੁੱਲ @ ₹ 2807.08 ਪ੍ਰਤੀ ਕੁਇੰਟਲ (₹ ਵਿੱਚ) (4*2807.08) | ਚਾਵਲਾਂ ਤੇ ਲਾਗੂ ਵੈਟ ਦੀ ਦਰ (*ਪ੍ਰਤੀਸ਼ਤ* ਵਿੱਚ) | ਓ ਟੀ ਐਸ ਦੇ ਅਧੀਨ ਚਾਵਲ ਤੇ ਵਸੂਲੀ ਜਾਣ ਵਾਲੀ ਵੈਟ ਦੀ ਰਕਮ (₹ ਵਿੱਚ) (5*5/100) | ਵੈਟ ਦੀ ਮਾਤਰਾ ਅਸਲ ਵਿੱਚ ਵਸੂਲੀ ਗਈ (₹ ਵਿੱਚ) | ਚਾਵਲਾਂ ਤੇ ਘੱਟ ਵਸੂਲੀ ਗਈ ਵੈਟ ਦੀ ਰਕਮ (₹ ਵਿੱਚ) (7-8) | ਡਿਲਿਵਰ ਨਾ ਕੀਤੇ ਚਾਵਲਾਂ ਦੀ ਮਾਤਰਾ ਤੇ ਘੱਟ ਵਸੂਲ ਕੀਤੀ ਗਈ ਰਕਮ (₹ ਵਿੱਚ) (5-10) | ਡਿਲਿਵਰ ਨਾ ਕੀਤੇ ਚਾਵਲਾਂ ਅਤੇ ਵੈਟ ਦੀ ਕੁੱਲ ਘੱਟ ਵਸੂਲੀ (₹ ਵਿੱਚ) (9+11) | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 |
| ਪਟਿਆਲਾ | ਮੈਸਰਜ਼ ਪੀ ਆਰ ਜੀ ਯੂ ਐਸ, ਸਮਾਣਾ | ਕੇ ਐਮ ਐਸ 2011-12 | 4,779.34 | 1,34,15,990 | 5 | 6,70,799 | 0 | 6,70,799 | 1,34,15,990 | 0 | 6,70,799 |
| ਲੁਧਿਆਣਾ | ਮੈਸਰਜ਼ ਦੇਵ ਰਾਈਸ ਮਿੱਲ, ਮਾਛੀਵਾੜਾ | ਕੇ ਐਮ ਐਸ 2010-11 | 4,454.01 | 1,25,02,762 | 5 | 625,138 | 4,48,345 | 1,76,793 | 89,66,902 | 35,35,860 | 37,12,654 |
| ਬਰਨਾਲਾ | ਮੈਸਰਜ਼ ਰਨਕੇਸ਼ਵਰ ਆਰ ਜੀ ਐਮ, ਧਨੌਲਾ | ਕੇ ਐਮ ਐਸ 2011-12 | 3,432.75 | 96,36,004 | 5 | 4,81,800 | 0 | 4,81,800 | 96,36,004 | 0 | 4,81,800 |
| ਬਰਨਾਲਾ | ਮੈਸਰਜ਼ ਅੰਗਦ ਰਾਈਸ ਮਿੱਲਜ਼, ਹੰਢਿਆਿ | ਕੇ ਐਮ ਐਸ 2011-12 | 1,295.78 | 3,63,7358 | 5 | 1,81,868 | 0 | 1,81,868 | 36,37,358 | 0 | 1,81,868 |
| ਸੰਗਰੂਰ | ਮੈਸਰਜ਼ ਖਾਲਸਾ ਆਰ ਜੀ ਐਮ, ਹਥਨ | ਕੇ ਐਮ ਐਸ 2013-14 | 889.45 | 24,96,757 | 5 | 1,24,838 | 0 | 1,24,838 | 24,96,757 | 0 | 1,24,838 |

| ਜਿਲ੍ਹਾ ਦਫਤਰ ਦਾ ਨਾਮ | ਮਿੱਲਰ ਦਾ ਨਾਮ | ਫਸਲ ਦਾ ਸਾਲ | ਡਿਲਿਵਰ ਨਾ ਕੀਤੇ ਚਾਵਲਾਂ ਦੀ ਮਾਤਰਾ (ਕੁਇੰਟਲ ਵਿੱਚ) | ਓ ਟੀ ਐਸ ਦੇ ਅਧੀਨ ਬਰਾਮਦ ਕੀਤੇ ਜਾਣ ਵਾਲੇ ਚਾਵਲਾਂ ਦਾ ਮੁੱਲ @ ₹ 2807.08 ਪ੍ਰਤੀ ਕੁਇੰਟਲ (₹ ਵਿੱਚ) (4*2807.08) | ਚਾਵਲਾਂ ਤੇ ਲਾਗੂ ਵੈਟ ਦੀ ਦਰ (*ਪ੍ਰਤੀਸ਼ਤ* ਵਿੱਚ) | ਓ ਟੀ ਐਸ ਦੇ ਅਧੀਨ ਚਾਵਲ ਤੇ ਵਸੂਲੀ ਜਾਣ ਵਾਲੀ ਵੈਟ ਦੀ ਰਕਮ (₹ ਵਿੱਚ) (5*5/100) | ਵੈਟ ਦੀ ਮਾਤਰਾ ਅਸਲ ਵਿੱਚ ਵਸੂਲੀ ਗਈ (₹ ਵਿੱਚ) | ਚਾਵਲਾਂ ਤੇ ਘੱਟ ਵਸੂਲੀ ਗਈ ਵੈਟ ਦੀ ਰਕਮ (₹ ਵਿੱਚ) (7-8) | ਡਿਲਿਵਰ ਨਾ ਕੀਤੇ ਚਾਵਲਾਂ ਦੀ ਮਾਤਰਾ ਤੇ ਘੱਟ ਵਸੂਲ ਕੀਤੀ ਗਈ ਰਕਮ (₹ ਵਿੱਚ) (5-10) | ਡਿਲਿਵਰ ਨਾ ਕੀਤੇ ਚਾਵਲਾਂ ਅਤੇ ਵੈਟ ਦੀ ਕੁੱਲ ਘੱਟ ਵਸੂਲੀ (₹ ਵਿੱਚ) (9+11) | |
|---|---|---|---|---|---|---|---|---|---|---|---|
| ਸੰਗਰੂਰ | ਮੈਸਰਜ਼ ਬ੍ਰਿਜ ਰਾਈਸ ਮਿੱਲ, ਸੁਨਾਮ | ਕੇ ਐਮ ਐਸ 2009-10 | 8,727.312 | 2,44,98,263 | 5 | 12,24,913 | 0 | 12,24,913 | 2,44,98,263 | 0 | 12,24,913 |
| ਫਤਿਹਗੜ੍ਹ ਸਾਹਿਬ | ਮੈਸਰਜ਼ ਵਾਲੀਆ ਰਾਈਸ ਮਿੱਲ, ਜਮੀਤਗੜ੍ਹ | ਕੇ ਐਮ ਐਸ 2012-13 | 5,008.01 | 1,40,57,885 | 5 | 7,02,894 | 0 | 7,02,894 | 1,27,05,584 | 13,52,301 | 20,55,195 |
| ਫਤਿਹਗੜ੍ਹ ਸਾਹਿਬ | ਮੈਸਰਜ਼ ਵਾਲੀਆ ਰਾਈਸ ਮਿੱਲ, ਜਮੀਤਗੜ੍ਹ | ਕੇ ਐਮ ਐਸ 2013-14 | 11,831.6 | 3,32,12,248 | 5 | 16,60,612 | 0 | 16,60,612 | 3,32,12,248 | 0 | 16,60,612 |
| ਫਤਿਹਗੜ੍ਹ ਸਾਹਿਬ | ਮੈਸਰਜ਼ ਜੀ ਟੀ ਰਾਈਸ ਮਿੱਲ, ਪਿੰਡ–ਬਰਾਸ | ਕੇ ਐਮ ਐਸ 2011-12 | 4,991.39 | 1,40,11,231 | 5 | 7,00,562 | 0 | 7,00,562 | 1,12,89,351 | 27,21,880 | 34,22,442 |
| ਫਤਿਹਗੜ੍ਹ ਸਾਹਿਬ | ਮੈਸਰਜ਼ ਜੀ ਟੀ ਰਾਈਸ ਮਿੱਲ, ਪਿੰਡ–ਬਰਾਸ | ਕੇ ਐਮ ਐਸ 2012-13 | 7,469.53 | 2,09,67,568 | 5 | 10,48,378 | 0 | 10,48,378 | 2,09,67,568 | 0 | 10,48,379 |
| **ਜੋੜ** | | | | **14,84,36,066** | | **7,42,18,03** | **4,48,345** | **69,73,458** | **1,40,82,6025** | **76,10,041** | **1,45,83,499** |

*ਸ੍ਰੋਤ: ਕੰਪਨੀ ਦੁਆਰਾ ਦਿੱਤੀ ਗਈ ਸੂਚਨਾ*

## ਅੰਤਿਕਾ 3.1

*(ਪੈਰਾ 3.6, ਪੰਨਾਂ 59 ਦੇ ਹਵਾਲੇ ਵਿੱਚ)*

### ਸਥਿਰ ਖਰਚਿਆਂ ਦੇ ਟਾਲਣਯੋਗ ਭੁਗਤਾਨਾਂ ਦੇ ਵੇਰਵੇ

*(₹ ਵਿੱਚ ਰਕਮ)*

| ਮਹੀਨਾ | ਭੁਗਤਾਨ ਕੀਤੇ ਸਥਿਰ ਖਰਚੇ (24,175 ਕੇ ਵੀ ਏ ਐਚ ਦੇ ਲੋਡ ਦੇ ਨਾਲ) | ਅਦਾਇਗੀ ਕਰਨ ਲਈ ਲੋੜੀਂਦੇ ਸਥਿਰ ਖਰਚੇ (₹ 230/ਕੇ ਵੀ ਏ ਐਚ ਦੀ ਦਰ ਨਾਲ 8500 ਕੇ ਵੀ ਏ ਐਚ ਅਤੇ 01.04.2018 ਤੋਂ 31.03.2018 ਤੱਕ ਪ੍ਰਭਾਵੀ; ₹ 240/ਕੇ ਵੀ ਏ ਐਚ 01.04.2018 ਤੋਂ 30.06.2018 ਅਤੇ 01.09.2018 ਤੋਂ 30.09.2018 ਅਤੇ ₹248/ਕੇ ਵੀ ਏ ਐਚ 01.07.2018 ਤੋਂ 31.08.2018 ਤੱਕ, ਨਾਲ ਮਨਜ਼ੂਰ ਇਕਰਾਰਨਾਮੇਂ ਦੀ ਮੰਗ ਦਾ 80 *ਪ੍ਰਤੀਸ਼ਤ*) | ਟਾਲਣਯੋਗ/ ਵਾਧੂ ਭੁਗਤਾਨ |
|---|---|---|---|
| 01/2018 | 44,48,200 | 15,64,000 | 28,84,200 |
| 02/2018 | 44,48,200 | 15,64,000 | 28,84,200 |
| 03/2018 | 44,48,200 | 15,64,000 | 28,84,200 |
| 04/2018 | 46,41,600 | 16,32,000 | 30,09,600 |
| 05/2018 | 46,41,600 | 16,32,000 | 30,09,600 |
| 06/2018 | 46,41,600 | 16,32,000 | 30,09,600 |
| 07/2018 | 47,96,320 | 16,86,400 | 31,09,920 |
| 08/2018 | 47,96,320 | 16,86,400 | 31,09,920 |
| 09/2018 | 46,41,600 | 16,32,000 | 30,09,600 |
| **ਜੋੜ** | **4,15,03,640** | **1,45,92,800** | **2,69,10,840** |

*ਸ੍ਰੋਤ: ਵਿਭਾਗੀ ਡਾਟਾ*

©
ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ
www.cag.gov.in